@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 14 July 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 14 ਜੁਲਾਈ 2025, 30 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 244, qpatrika@gmail.com ਫੋਨ : 9971359517 www.qaumipatrika.org

## ਜੇ.ਪੀ. ਨੱਢਾ ਨੇ ਸਾਊਦੀ ਅਰਬ ਦੀਆਂ ਕੰਪਨੀਆਂ ਨੂੰ ਭਾਰਤ 'ਚ ਨਿਵੇਸ਼ ਲਈ ਦਿੱਤਾ ਸੱਦਾ

ਨਵੀਂ ਦਿੱਲੀ 13 ਜੁਲਾਈ। ਕੇਂਦਰੀ ਰਸਾਇਣ ਅਤੇ ਖਾਦ ਮੰਤਰੀ ਜੇ.ਪੀ. ਨੱਢਾ ਨੇ ਸਾਊਦੀ ਅਰਬ ਦੀਆਂ ਕੰਪਨੀਆਂ ਨੂੰ ਭਾਰਤ 'ਚ ਨਿਵੇਸ਼ ਦੇ ਮੌਕੇ ਤਲਾਸ਼ਣ ਦੀ ਅਪੀਲ ਕੀਤੀ। ਨੱਢਾ ਸਾਊਦੀ ਅਰਬ ਦੀ ਅਧਿਕਾਰਤ ਯਾਤਰਾ 'ਤੇ ਹਨ ਅਤੇ ਉਨ੍ਹਾਂ ਨਾਲ ਖਾਦ ਕੰਪਨੀਆਂ ਦੇ ਸੀਨੀਅਰ ਅਧਿਕਾਰੀ ਅਤੇ ਪ੍ਰਤੀਨਿਧੀ



ਵੀ ਹਨ। ਮੰਤਰੀ ਨੇ ਸਾਊਦੀ ਭਾਰਤ ਵਪਾਰ ਪ੍ਰੀਸ਼ਦ ਦੇ ਚੇਅਰਮੈਨ ਅਬਦੁੱਲ ਅਜੀਜ ਅਲ ਕਹਤਾਨੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਪੂਰਬੀ ਪ੍ਰਾਂਤ ਦਮਮ 'ਚ ਵਪਾਰਕ ਭਾਈਚਾਰੇ ਨਾਲ ਭਾਰਤ ਅਤੇ ਸਾਊਦੀ ਅਰਬ ਦੀਆਂ ਕੰਪਨੀਆਂ ਵਿਚਾਲੇ ਵਧਦੇ ਸੰਬੰਧਾਂ 'ਤੇ ਗੱਲਬਾਤ ਕੀਤੀ। ਇਕ ਅਧਿਕਾਰਤ ਬਿਆਨ 'ਚ ਕਿਹਾ ਗਿਆ ਕਿ ਮੰਤਰੀ ਨੇ ਉਨ੍ਹਾਂ ਨੂੰ ਭਾਰਤ 'ਚ ਨਿਵੇਸ਼ ਦੇ ਮੌਕੇ ਤਲਾਸ਼ਣ ਲਈ ਉਤਸ਼ਾਹਤ ਕੀਤਾ।

# ਲਖਨਊ ਵਿਚ ਯੋਗੀ ਆਦਿਤਯਨਾਥ ਵੱਲੋਂ ਆਪਣੇ ਘਰ ਵਿੱਚ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸਮਰਪਿਤ ਵਿਸ਼ਾਲ ਸਮਾਗਮ

ਕੌਮੀ ਪਤ੍ਰਿਕਾ

**ਨਰੇਸ਼ ਮਲਹੋਤਰਾ**

ਲਖਨਊ, 13 ਜੁਲਾਈ। ਕੱਲ੍ਹ ਲਖਨਊ ਸਥਿਤ ਆਪਣੇ ਸਰਕਾਰੀ ਨਿਵਾਸ 'ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਯਨਾਥ ਨੇ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਇੱਕ ਬਹੁਤ ਹੀ ਭਾਵੁਕ ਅਤੇ ਇਤਿਹਾਸਕ ਸਮਾਗਮ ਦਾ ਆਯੋਜਨ ਕੀਤਾ। ਇਹ ਮੌਕਾ ਸਿਰਫ਼ ਇਕ ਰਿਵਾਇਤੀ ਪ੍ਰੋਗ੍ਰਾਮ ਨਹੀਂ ਸੀ, ਸਗੋਂ ਸਿੱਖ ਵਿਰਾਸਤ ਨੂੰ ਸਮਰਪਿਤ ਇੱਕ ਸ਼ਰਧਾਭਾਵ ਯੁਕਤ ਯਤਨ ਅਤੇ ਧਾਰਮਿਕ ਸੁਹਾਰਦ ਦਾ ਸ਼ਕਤੀਸ਼ਾਲੀ ਸੰਦੇਸ਼ ਸੀ। ਭਗਵੇਂ ਰੰਗ ਦੇ ਵਸਤ੍ਰ ਪਹਿਨੇ ਹੋਏ ਮੁੱਖ ਮੰਤਰੀ ਯੋਗੀ ਆਦਿਤਯਨਾਥ ਨੇ ਸ਼?ਗੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਸਿਰ ਉੱਤੇ ਚੁੱਕ ਕੇ ਆਪਣੇ ਘਰ ਵਿੱਚ ਵਿਧੀਅਨੁਸਾਰ ਪ੍ਰਕਾਸ਼ ਕੀਤਾ। ਉਨ੍ਹਾਂ ਨੇ ਪਾਵਨ ਸਰੂਪ ਨੂੰ ਵੱਡੇ ਆਦਰ ਅਤੇ ਨਿਮਰਤਾ ਨਾਲ ਸਥਾਪਿਤ ਕੀਤਾ। ਉਨ੍ਹਾਂ ਨੇ ਸ਼ਰਧਾ ਨਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਮੱਥਾ ਟੇਕਿਆ, ਜਿਸ ਨਾਲ ਉੱਥੇ ਹਾਜ਼ਰ ਸਿੱਖ ਸੰਗਤ ਦੇ ਦਿਲ ਛੂਹ ਲਏ। ਸਿੱਖ ਸੰਗਤ ਨੂੰ ਸੰਬੋਧਨ ਕਰਦਿਆਂ ਯੋਗੀ ਆਦਿਤਯਨਾਥ ਨੇ ਭਾਵੁਕ ਸ਼ਬਦਾਂ ਵਿੱਚ ਸਿੱਖ ਗੁਰੂਆਂ ਦੀਆਂ ਸ਼ਹੀਦੀਆਂ ਦਾ ਜਿਕਰ ਕੀਤਾ: ਉਨ੍ਹਾਂ ਨੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੂੰ ਧਾਰਮਿਕ ਆਜ਼ਾਦੀ ਅਤੇ ਸਾਂਸਕ੍ਰਿਤਿਕ ਪਛਾਣ ਦੀ ਰਾਖੀ ਲਈ ਦਿੱਤਾ ਗਿਆ ਸਰਵੋਚਤਮ ਬਲਿਦਾਨ ਦੱਸਿਆ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ





ਕੁਰਬਾਨੀ ਦਾ ਜਿਕਰ ਕਰਦਿਆਂ ਕਿਹਾ ਕਿ ਕਿਵੇਂ ਛੋਟੀ ਉਮਰ ਵਿਚ ਉਨ੍ਹਾਂ ਨੇ ਜ਼ੁਲਮ ਦੇ ਖਿਲਾਫ ਡਟ ਕੇ ਸਾਹਮਣਾ ਕੀਤਾ। ਉਨ੍ਹਾਂ ਨੇ ਵੀਰ ਬਾਲ ਦਿਵਸ (26 ਦਸੰਬਰ) ਦੀ ਮਹੱਤਤਾ ਨੂੰ ਉਜਾਗਰ ਕੀਤਾ। ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਇਤਿਹਾਸਕ ਘਟਨਾਵਾਂ ਨੂੰ ਵਿਦਿਅਕ ਅਦਾਰਿਆਂ ਦੇ ਵਿੱਚ ਕਰੀ ਸ਼ਾਮਲ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ, "ਸਾਹਿਬਜ਼ਾਦਿਆਂ ਦੀ ਕਹਾਣੀ ਹਰ ਬੱਚੇ ਅਤੇ ਨੌਜਵਾਨ ਤੱਕ ਪਹੁੰਚਣੀ ਚਾਹੀਦੀ ਹੈ।" ਉਨ੍ਹਾਂ ਨੇ ਇਹ ਕਹਾਣੀਆਂ ਭਵਿੱਖ ਦੀ ਪੀੜ੍ਹੀ ਲਈ ਪ੍ਰੇਰਨਾ ਅਤੇ ਨੈਤਿਕਤਾ ਦਾ ਸਰੋਤ ਦੱਸੀਆਂ ਹਨ। ਯੋਗੀ ਆਦਿਤਯਨਾਥ ਨੇ ਹਿੰਦੂ-ਸਿੱਖ ਏਕਤਾ ਨੂੰ ਤੋੜਨ ਵਾਲੀਆਂ ਤਾਕਤਾਂ ਤੋਂ ਸਾਵਧਾਨ ਰਹਿਣ ਦੀ ਗੱਲ ਕੀਤੀ ਅਤੇ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਨੇ ਭਾਰਤ ਦੀ ਆਤਮਾ ਦੀ ਰਾਖੀ ਲਈ ਆਪਣੀ ਜਾਨ ਦੇ ਦਿੱਤੀ ਸੀ। ਉਨ੍ਹਾਂ ਨੇ ਭਾਰਤ ਦੀ ਬਹੁਸਾਂਸਕ੍ਰਿਤਿਕ ਪਰੰਪਰਾ ਨੂੰ ਬਚਾਉਣ ਲਈ ਇਕਜੁੱਟ ਹੋਣ ਦਾ ਸੰਦੇਸ਼ ਦਿੱਤਾ ਸੀ। ਸਮਾਗਮ ਵਿੱਚ ਗੁਰਬਾਣੀ ਦੀ ਮਧੁਰ ਧੁਨ, ਸ਼ੁੱਧ ਅਰਦਾਸ ਅਤੇ ਪਰੰਪਰਾਗਤ ਲੰਗਰ ਦੀ ਵੀ ਵਿਵਸਥਾ ਕੀਤੀ ਗਈ ਸੀ। ਰਾਜ ਭਰ ਤੋਂ ਆਏ ਸਿੱਖ ਪ੍ਰਤੀਨਿਧੀਆਂ ਨੇ ਮੁੱਖ ਮੰਤਰੀ ਨੂੰ ਸਿਰੋਪਾਉ ਭੇਂਟ ਕੀਤਾ—ਜੋ ਇੱਕ ਵਿਸ਼ੇਸ਼ ਸਨਮਾਨ ਦਾ ਪ੍ਰਤੀਕ। ਮੁੱਖ ਮੰਤਰੀ ਯੋਗੀ ਆਦਿਤਯਨਾਥ ਨੇ ਅੱਖਾਂ 'ਚ ਆਂਸੂ ਲਿਆਂਦੇ ਕਿਹਾ, "ਉਨ੍ਹਾਂ ਦੀ ਕੁਰਬਾਨੀ ਸਿਰਫ਼ ਧਰਮ ਲਈ ਨਹੀਂ, ਸਗੋਂ ਰਾਸ਼ਟਰ ਲਈ ਸੀ।" ਉਨ੍ਹਾਂ ਨੇ ਸਾਰੇ ਭਾਰਤੀਆਂ ਨੂੰ ਇਨ੍ਹਾਂ ਮੁੱਲਾਂ ਨੂੰ ਅਪਣਾਉਣ ਦੀ ਅਪੀਲ ਕੀਤੀ, ਖਾਸ ਕਰਕੇ ਸਿੱਖਿਆ ਅਤੇ ਸਮਾਜਿਕ ਚੇਤਨਾ ਵਿੱਚ। ਇਹ ਸਮਾਗਮ ਸਿਰਫ਼ ਇੱਕ ਸਰਕਾਰੀ ਕਾਰਜਕ੍ਰਮ ਨਹੀਂ ਸੀ, ਸਗੋਂ ਇੱਕ ਮਾਨਵਤਾ, ਸੱਭਿਆਚਾਰ ਅਤੇ ਆਤਮਿਕਤਾ ਦੀ ਸਾਂਝ ਸੀ, ਜੋ ਦਿਲਾਂ ਨੂੰ ਜੋੜ ਗਿਆ ਅਤੇ ਇੱਕ ਇਤਿਹਾਸਕ ਪਲ ਬਣ ਗਿਆ।

# ਔਰਤਾਂ ਮੇਰੀ ਪ੍ਰੇਰਨਾ ਹਨ: ਮੁੱਖ ਮੰਤਰੀ ਰੇਖਾ ਗੁਪਤਾ

ਕੌਮੀ ਪਤ੍ਰਿਕਾ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ, 13 ਜੁਲਾਈ: ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਰਾਜਧਾਨੀ ਵਿੱਚ ਇੱਕ ਵਿਸ਼ਾਲ ਤੀਜ ਮੇਲਾ ਆਯੋਜਿਤ ਕਰਨ ਜਾ ਰਹੀ ਹੈ ਜਿਸਦਾ ਉਦੇਸ਼ ਮਹਿਲਾ ਸਸ਼ਕਤੀਕਰਨ, ਸੱਭਿਆਚਾਰਕ ਖੁਸ਼ਹਾਲੀ ਅਤੇ ਭਾਈਚਾਰਕ ਸਦਭਾਵਨਾ ਨੂੰ ਉਤਸ਼ਾਹਿਤ ਕਰਨਾ ਹੈ। ਇਹ ਸਮਾਗਮ 25 ਜੁਲਾਈ ਤੋਂ 27 ਜੁਲਾਈ ਤੱਕ ਦਿੱਲੀ ਹਾਟ, ਪੀਤਮਪੁਰਾ ਵਿਖੇ ਹੋਵੇਗਾ। ਇਸ ਸਮਾਗਮ ਦਾ ਉਦਘਾਟਨ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ 25 ਜੁਲਾਈ ਦੀ ਸ਼ਾਮ ਨੂੰ ਕਰਨਗੇ। 26 ਜੁਲਾਈ ਨੂੰ ਮੇਲੇ ਵਿੱਚ ਇੱਕ ਸ਼ਾਨਦਾਰ ਸੇਲਿਬ੍ਰਿਟੀ ਨਾਈਟ ਦਾ ਵੀ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਪ੍ਰਸਿੱਧ ਕਲਾਕਾਰ ਪੇਸ਼ਕਾਰੀ ਦੇਣਗੇ। ਇਸ ਦੌਰਾਨ, ਤਿੰਨੋਂ ਦਿਨ ਦਿਨ ਭਰ ਲੋਕ ਨਾਚ, ਲੋਕ ਗੀਤ, ਜਾਦੂ ਦੇ ਸ਼ੋਅ ਆਦਿ ਤੀਜ ਮੇਲੇ ਦੀ ਸ਼ੋਭਾ ਵਧਾਉਣਗੇ। ਮੁੱਖ ਮੰਤਰੀ ਨੇ ਕਿਹਾ ਕਿ ਇਹ ਮੇਲਾ ਸਾਡੀ ਸੱਭਿਆਚਾਰਕ ਵਿਰਾਸਤ, ਮਹਿਲਾ ਸ਼ਕਤੀ ਅਤੇ ਰਵਾਇਤੀ ਕਲਾਵਾਂ ਦਾ ਜਸ਼ਨ ਹੋਵੇਗਾ। ਜਿਸ ਵਿੱਚ ਹਰ ਪੀੜ੍ਹੀ ਲਈ ਕੁਝ ਖਾਸ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸਾਲ ਤੀਜ ਤਿਉਹਾਰ ਨੂੰ ਖਾਸ



ਬਣਾਉਣ ਲਈ, ਸਥਾਨ ਨੂੰ ਸ਼ਾਨਦਾਰ ਥੀਮ-ਅਧਾਰਤ ਸਜਾਵਟ ਨਾਲ ਸਜਾਇਆ ਜਾਵੇਗਾ। ਪੂਰੇ ਕੰਪਲੈਕਸ ਨੂੰ ਰਵਾਇਤੀ ਤੀਜ ਥੀਮ ਅਨੁਸਾਰ ਤਿਆਰ ਕੀਤਾ ਜਾਵੇਗਾ, ਜਿਸ ਵਿੱਚ 3-ਡੀ ਐਂਟਰੀ ਗੇਟ, ਰੰਗੀਨ ਝੰਡੇ ਅਤੇ ਲਾਈਟਾਂ, LED ਅਤੇ ਸਪਾਟ ਲਾਈਟਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਮੇਲੇ ਵਿੱਚ ਆਉਣ ਵਾਲੇ ਲੋਕਾਂ ਨੂੰ ਡਿਜੀਟਲ ਅਨੁਭਵ ਦੇਣ ਲਈ ਪੂਰੀਆਂ ਤਿਆਰੀਆਂ ਕੀਤੀਆਂ ਗਈਆਂ ਹਨ। ਸਥਾਨ 'ਤੇ ਘੱਟੋ-ਘੱਟ ਤਿੰਨ ਥੀਮ-ਅਧਾਰਤ ਸੈਲਫੀ ਬੂਥ ਹੋਣਗੇ, ਜਿਨ੍ਹਾਂ ਵਿੱਚ ਇੱਕ AR (Augmented Reality ਸੈਲਫੀ ਬੂਥ ਵੀ ਸ਼ਾਮਲ ਹੈ। ਇਸ ਦੇ ਨਾਲ, 19 ਦੀ ਮਦਦ ਨਾਲ ਮਹਿੰਦੀ ਡਿਜ਼ਾਈਨ ਚੁਣਨ ਅਤੇ ਉਸੇ ਜਗ?ਹਾ 'ਤੇ ਲਗਾਉਣ ਦੀ ਸਹੂਲਤ ਵੀ ਉਪਲਬਧ ਕਰਵਾਈ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਤੀਜ ਮੇਲੇ ਵਿੱਚ ਰਵਾਇਤੀ ਕਲਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ 80 ਤੋਂ ਵੱਧ ਸਟਾਲ ਲਗਾਏ ਜਾਣਗੇ। ਇਨ੍ਹਾਂ ਵਿੱਚ ਦਸਤਕਾਰੀ, ਰਵਾਇਤੀ ਕੱਪੜੇ, ਚੂੜੀਆਂ, ਬਲਾਕ ਪ੍ਰਿੰਟਿੰਗ, ਕਢਾਈ, ਮਹਿੰਦੀ ਅਤੇ ਰਵਾਇਤੀ ਪਕਵਾਨ ਆਦਿ ਸ਼ਾਮਲ ਹੋਣਗੇ। ਇਸ ਤੋਂ ਇਲਾਵਾ, ਔਰਤਾਂ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਮੁਕਾਬਲੇ ਅਤੇ ਸਟੇਜ ਮੁਕਾਬਲੇ ਕਰਵਾਏ ਜਾਣਗੇ। ਇਨ੍ਹਾਂ ਵਿੱਚ ਮਹਿੰਦੀ, ਰੰਗੋਲੀ, ਬਿੰਦੀ ਸਜਾਵਟ, ਤੀਜ ਰਾਣੀ, ਤੀਜ ਕੁਇਜ਼ ਅਤੇ ਸਲੋਗਨ ਲਿਖਣ ਮੁਕਾਬਲੇ ਸ਼ਾਮਲ ਹੋਣਗੇ। ਇਨ੍ਹਾਂ ਸਾਰੇ ਮੁਕਾਬਲਿਆਂ ਦੇ ਜੇਤੂਆਂ ਨੂੰ ਆਕਰਸ਼ਕ ਇਨਾਮ ਦਿੱਤੇ ਜਾਣਗੇ। 18 ਜੁਲਾਈ ਨੂੰ ÷ਵੂਮੈਨ ਇਨ ਗ੍ਰੀਨ÷ ਨਾਮਕ ਇੱਕ ਵਿਸ਼ੇਸ਼ ਫੈਸ਼ਨ ਵਾਕ ਵੀ ਆਯੋਜਿਤ ਕੀਤੀ ਜਾਵੇਗੀ, ਜਿਸ ਵਿੱਚ ਮਿਸ ਤੀਜ 2025 ਦੀ ਚੋਣ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਤੀਜ ਮੇਲੇ ਵਿੱਚ ਦਿਨ ਭਰ ਔਰਤਾਂ ਲਈ ਝੂਲਿਆਂ ਅਤੇ ਮਨੋਰੰਜਕ ਗਤੀਵਿਧੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ ਹੀ ਮਹਿਲਾ ਸਸ਼ਕਤੀਕਰਨ, ਸਿਹਤ ਅਤੇ ਸਮਾਜਿਕ ਮੁੱਦਿਆਂ 'ਤੇ ਕੇਂਦ੍ਰਿਤ ਵਰਕਸ਼ਾਪਾਂ ਵੀ ਆਯੋਜਿਤ ਕੀਤੀਆਂ ਜਾਣਗੀਆਂ। ਹਰ ਰੋਜ਼ ਤੀਜ ਨਾਲ ਸਬੰਧਤ ਕਹਾਣੀਆਂ ਵੀ ਪੜ੍ਹੀਆਂ ਜਾਣਗੀਆਂ, ਜੋ ਸੱਭਿਆਚਾਰਕ ਗਿਆਨ ਅਤੇ ਪਰੰਪਰਾ ਨੂੰ ਅੱਗੇ ਵਧਾਏਗੀ।

Contd............... page-2

## 75 ਸਾਲ ਦੀ ਉਮਰ ਤੋਂ ਬਾਅਦ ਦੂਜਿਆਂ ਨੂੰ ਮੌਕਾ ਦੇਣਾ ਚਾਹੀਦਾ : ਮੋਹਨ ਭਾਗਵਤ

ਨਾਗਪੁਰ 13 ਜੁਲਾਈ। ਰਾਸ਼ਟਰੀ ਸਵੈਮ ਸੇਵ ਸੰਘ (ਆਰਐੱਸਐੱਸ) ਮੁਖੀ ਮੋਹਨ ਭਾਗਵਤ ਨੇ ਕਿਹਾ ਕਿ 75 ਸਾਲ ਦੀ ਉਮਰ ਹੋਣ ਤੋਂ ਬਾਅਦ ਦੂਜਿਆਂ ਨੂੰ ਵੀ ਮੌਕਾ ਦੇਣਾ ਚਾਹੀਦਾ। ਜਦੋਂ ਤੁਹਾਨੂੰ 75 ਸਾਲ ਪੂਰੇ ਹੋਣ 'ਤੇ ਸ਼ਾਲ ਦਿੱਤਾ ਜਾਂਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਸਾਡੀ ਉਮਰ ਹੋ ਚੁੱਕੀ ਹੈ, ਹੁਣ ਥੋੜ੍ਹਾ ਕਿਨਾਰੇ ਹੋ ਜਾਣਾ ਚਾਹੀਦਾ। ਭਾਗਵਤ ਨੇ ਇਹ ਗੱਲਾਂ 9 ਜੁਲਾਈ ਨੂੰ ਇਕ ਪ੍ਰੋਗਰਾਮ 'ਚ ਕਹੀਆਂ। ਹਾਲਾਂਕਿ ਭਾਗਵਤ ਨੇ ਆਪਣੇ ਬਿਆਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂ ਨਹੀਂ ਲਿਆ ਪਰ ਵਿਰੋਧੀ ਧਿਰ ਇਸ ਨੂੰ ਪੀ.ਐੱਮ. ਮੋਦੀ ਨਾਲ ਜੋੜ ਰਹੇ ਹਨ। ਪੀ.ਐੱਮ. ਮੋਦੀ ਅਤੇ ਭਾਗਵਤ ਇਸ ਸਾਲ ਸਤੰਬਰ 'ਚ 75 ਸਾਲ ਦੇ ਹੋ ਜਾਣਗੇ। ਕਾਂਗਰਸ ਨੇ ਮੋਹਨ ਭਾਗਵਤ ਦੀ ਟਿੱਪਣੀ ਨੂੰ ਲੈ ਕੇ ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਮੋਦੀ 'ਤੇ ਤੰਜ਼ ਕੱਸਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਲਈ ਇਹ ਕਿਸ ਤਰ੍ਹਾਂ ਦੀ ਘਰ ਵਾਪਸੀ ਹੈ ਕਿ ਵਿਦੇਸ਼ ਤੋਂ ਆਉਣ 'ਤੇ ਸਰਸੰਘਚਾਲਕ ਨੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਉਹ ਇਸ ਸਾਲ 75 ਸਾਲ ਦੇ ਹੋ ਜਾਣਗੇ।

### ਤੇਜਸਵੀ ਦੀ ਰਿਹਾਇਸ਼ 'ਤੇ 'ਇੰਡੀਆ' ਗੱਠਜੋੜ ਦੀ ਚੱਲੀ ਮੀਟਿੰਗ

ਪਟਨਾ, 13 ਜੁਲਾਈ। ਬਿਹਾਰ ਵਿਚ 'ਇੰਡੀਆ' ਗੱਠਜੋੜ ਦੀਆਂ ਪਾਰਟੀਆਂ ਨੇ ਸ਼ਨੀਵਾਰ ਨੂੰ ਇੱਥੇ 6 ਘੰਟੇ ਤੱਕ ਮੀਟਿੰਗ ਕੀਤੀ, ਜਿਸ ਵਿਚ ਇਸ ਸਾਲ ਦੇ ਅਖੀਰ ਵਿਚ ਹੋਣ ਵਾਲੀਆਂ ਰਾਜ ਵਿਧਾਨ ਸਭਾ ਚੋਣਾਂ ਲਈ ਸੀਟਾਂ ਦੀ ਵੰਡ ਸਮੇਤ ਹੋਰ ਮੁੱਦਿਆਂ 'ਤੇ ਚਰਚਾ ਕੀਤੀ ਗਈ। ਇਹ ਮੀਟਿੰਗ ਰਾਜ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇਜਸਵੀ ਯਾਦਵ ਦੇ ਘਰ ਹੋਈ। ਸਾਬਕਾ ਉਪ ਮੁੱਖ ਮੰਤਰੀ ਨੇ ਕਿਹਾ ਕਿ ਹਾਂ, ਸੀਟਾਂ ਦੀ ਵੰਡ 'ਤੇ ਗੱਲਬਾਤ ਸ਼ੁਰੂ ਹੋ ਗਈ ਹੈ ਪਰ ਮੈਂ ਇਸ ਸਮੇਂ ਹੋਰ ਵੇਰਵੇ ਨਹੀਂ ਦੇ ਸਕਦਾ। ਵਿਚਾਰ-ਵਟਾਂਦਰਾ ਇਕ ਅੰਦਰੂਨੀ ਮਾਮਲਾ ਹੈ ਅਤੇ ਜਦੋਂ ਚੀਜ਼ਾਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ, ਤਾਂ ਅਸੀਂ ਇਸਨੂੰ ਜਨਤਕ ਕਰਾਂਗੇ। ਉਨ੍ਹਾਂ ਦੇ 'ਇੰਡੀਆ' ਗੱਠਜੋੜ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਹੋਣ ਦੀ ਸੰਭਾਵਨਾ ਹੈ।

# ਭਾਗਵਤ ਦੇ ਬਿਆਨ ਦੇ ਬਾਵਜੂਦ ਭਾਜਪਾ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ 'ਚ ਲੜੇਗੀ 2029 ਦੀ ਚੋਣ

ਕੌਮੀ ਪਤ੍ਰਿਕਾ

**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 13 ਜੁਲਾਈ। ਆਰ. ਐੱਸ. ਐੱਸ. ਦੇ ਮੁਖੀ ਮੋਹਨ ਭਾਗਵਤ ਵੱਲੋਂ ਇਕ ਸਮਾਗਮ ਵਿਚ ਦਿੱਤੇ ਗਏ '75 ਸਾਲ ਦੀ ਉਮਰ ਵਿਚ ਸੰਨਿਆਸ' ਵਾਲੇ ਬਿਆਨ ਨੇ ਸਿਆਸੀ ਵਿਵਾਦ ਪੈਦਾ ਕਰ ਦਿੱਤਾ ਹੈ ਕਿਉਂਕਿ ਇਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਜੋੜਿਆ ਗਿਆ ਸੀ। ਹਾਲਾਂਕਿ ਆਰ. ਐੱਸ. ਐੱਸ. ਦੇ ਇਕ ਸੀਨੀਅਰ ਅਧਿਕਾਰੀ ਨੇ ਇਸ ਦਾ ਖੰਡਨ ਕਰਦੇ ਹੋਏ ਕਿਹਾ ਕਿ ਆਰ. ਐੱਸ. ਐੱਸ. ਦੇ ਮੁਖੀ ਦੇ ਬਿਆਨ ਨੂੰ 'ਸੰਦਰਭ' ਤੋਂ ਪਰ੍ਹੇ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਇੱਥੋਂ ਤਕ ਕਿ ਭਾਜਪਾ ਵੀ ਇਸ ਤੋਂ ਅਣਛੋਹ ਹੈ। ਭਾਗਵਤ ਬੁੱਧਵਾਰ ਨੂੰ ਇਕ ਪੁਸਤਕ ਰਿਲੀਜ਼ਿੰਗ ਸਮਾਗਮ ਵਿਚ ਬੋਲ ਰਹੇ ਸਨ ਜਿੱਥੇ ਉਨ੍ਹਾਂ ਸਵਰਗੀ ਆਰ. ਐੱਸ. ਐੱਸ. ਵਿਚਾਰਕ ਮੋਰੋਪੰਤ ਪਿੰਗਲੇ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ, "ਜਦੋਂ ਤੁਸੀਂ 75 ਸਾਲ ਦੇ ਹੋ ਜਾਂਦੇ ਹੋ ਤਾਂ ਇਸ ਦਾ ਮਤਲਬ ਹੈ ਕਿ ਤੁਹਾਨੂੰ ਹੁਣ ਰੁਕ ਜਾਣਾ ਚਾਹੀਦਾ ਹੈ ਅਤੇ ਦੂਜਿਆਂ ਲਈ ਰਸਤਾ ਬਣਾਉਣਾ ਚਾਹੀਦਾ ਹੈ।" ਉਨ੍ਹਾਂ ਆਪਣੇ ਸ਼ਬਦਾਂ ਨੂੰ ਯਾਦ ਕਰਦੇ ਹੋਏ ਕਿਹਾ, "ਪਿੰਗਲੇ ਨੇ ਇਕ ਵਾਰ ਕਿਹਾ ਸੀ ਕਿ ਜੇ 75 ਸਾਲ ਦੀ ਉਮਰ ਤੋਂ ਬਾਅਦ ਤੁਹਾਨੂੰ ਸ਼ਾਲ ਨਾਲ ਸਨਮਾਨਤ ਕੀਤਾ ਜਾਂਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਤੁਹਾਨੂੰ ਹੁਣ ਰੁਕ ਜਾਣਾ ਚਾਹੀਦਾ



ਹੈ, ਤੁਸੀਂ ਬੁੱਢੇ ਹੋ ਗਏ ਹੋ, ਇਕ ਪਾਸੇ ਹਟ ਜਾਓ ਅਤੇ ਦੂਜਿਆਂ ਨੂੰ ਆਉਣ ਦਿਓ।" ਭਾਗਵਤ ਦੇ ਬਿਆਨ ਦੇ ਸਮੇਂ ਨੇ ਧਿਆਨ ਖਿੱਚਿਆ ਹੈ ਕਿਉਂਕਿ ਉਨ੍ਹਾਂ ਦਾ ਤੇ ਮੋਦੀ ਦੋਵਾਂ ਦਾ ਜਨਮ ਸਤੰਬਰ, 1950 'ਚ ਹੋਇਆ ਸੀ ਅਤੇ ਦੋਵਾਂ ਨੇ ਹੁਣ ਤਕ 75 ਸਾਲ ਦੀ ਉਮਰ ਦੇ ਹੋਣ ਤੋਂ ਬਾਅਦ ਆਪਣੀਆਂ ਯੋਜਨਾਵਾਂ ਬਾਰੇ ਕਦੇ ਸੰਕੇਤ ਨਹੀਂ ਦਿੱਤਾ ਪਰ ਸੰਜੇ ਰਾਊਤ (ਸ਼ਿਵ ਸੈਨਾ ਯੂ. ਬੀ. ਟੀ.), ਅਭਿਸ਼ੇਕ ਮਨੂ ਸਿੰਘਵੀ, ਜੈਰਾਮ ਰਮੇਸ਼ ਤੇ ਹੋਰ ਕਈ ਸਿਆਸੀ ਨੇਤਾਵਾਂ ਨੇ ਇਸ ਦਾ ਮਜ਼ਾਕ ਉਡਾਇਆ। ਉਨ੍ਹਾਂ ਵਿਚੋਂ ਕਈਆਂ ਨੇ ਮਹਿਸੂਸ ਕੀਤਾ ਕਿ ਭਾਗਵਤ ਦੀ ਸੇਵਾਮੁਕਤੀ ਸਬੰਧੀ ਟਿੱਪਣੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਇਕ ਅਪ੍ਰਤੱਖ ਸੁਨੇਹਾ ਸੀ ਕਿਉਂਕਿ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਤੇ ਜਸਵੰਤ ਸਿੰਘ ਵਰਗੇ ਨੇਤਾ 75 ਸਾਲ ਦੀ ਉਮਰ ਤੋਂ ਬਾਅਦ ਸੇਵਾਮੁਕਤ ਹੋ ਗਏ ਸਨ। ਹਾਲਾਂਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਦੇ ਹੋਰ ਚੋਟੀ ਦੇ ਨੇਤਾਵਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਭਾਜਪਾ 2029 ਦੀ ਲੋਕ ਸਭਾ ਚੋਣ ਮੋਦੀ ਦੀ ਅਗਵਾਈ 'ਚ ਲੜੇਗੀ। ਸੰਜੋਗ ਨਾਲ ਇਹ ਘਟਨਾਚੱਕਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਗੁਜਰਾਤ, ਮੱਧ ਪ੍ਰਦੇਸ਼ ਤੇ ਰਾਜਸਥਾਨ ਦੇ ਵਰਕਰਾਂ ਤੇ ਔਰਤਾਂ ਨਾਲ ਗੱਲਬਾਤ ਦੌਰਾਨ ਸੇਵਾਮੁਕਤੀ ਤੋਂ ਬਾਅਦ ਆਪਣਾ ਬਾਕੀ ਜੀਵਨ 'ਵੇਦਾਂ, ਉਪਨਿਸ਼ਦਾਂ ਤੇ ਕੁਦਰਤੀ ਖੇਤੀ' ਨੂੰ ਸਮਰਪਿਤ ਕਰਨ ਦੇ ਆਪਣੇ ਫੈਸਲੇ ਤੋਂ ਬਾਅਦ ਆਇਆ ਹੈ।

# ਪੰਜਾਬ ਦੇ ਖਿਡਾਰੀਆਂ ਲਈ ਮੁੱਖ ਮੰਤਰੀ ਮਾਨ ਦਾ ਵੱਡਾ ਐਲਾਨ

ਜਲੰਧਰ/ਚੰਡੀਗੜ੍ਹ 13 ਜੁਲਾਈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅੱਜ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫ਼ਰੰਸ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨਸ਼ੇ ਦੇ ਮੁੱਦੇ 'ਤੇ ਬੋਲਦੇ ਹੋਏ ਕਿਹਾ ਕਿ ਖੇਡਾਂ ਹੀ ਡਰੱਗਜ਼ ਦਾ ਬਦਲ ਹੋ ਸਕਦੀਆਂ ਹਨ। ਸਰੀਰ ਨਾਲ ਪਿਆਰ ਹੋਵੇਗਾ ਤਾਂ ਨੌਜਵਾਨ ਨਸ਼ਿਆਂ ਤੋਂ ਦੂਰ ਰਹਿਣਗੇ। ਨੌਜਵਾਨਾਂ ਨੂੰ ਨਸ਼ੇ ਤੋਂ ਹਟਾਉਣ ਲਈ ਉੱਤਮ ਦਰਜੇ ਦੇ ਮੈਦਾਨ ਬਣਾਏ ਜਾਣਗੇ। ਖਿਡਾਰੀਆਂ ਨੂੰ ਲੈ ਕੇ ਵੱਡਾ ਐਲਾਨ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਖਿਡਾਰੀਆਂ ਦੀ ਨਰਸਰੀ ਤਿਆਰ ਕੀਤੀ ਜਾਵੇਗੀ। ਦੇਸ਼ ਲਈ ਖੇਡ ਚੁੱਕੇ ਖਿਡਾਰੀਆਂ ਨੂੰ ਕੋਚ ਨਿਯੁਕਤ ਕੀਤੇ ਕਰਾਂਗੇ। ਭਗਵੰਤ ਮਾਨ ਨੇ ਕਿਹਾ ਕਿ ਇਸ ਸਮੇਂ ਕ੍ਰਿਕਟ, ਹਾਕੀ ਅਤੇ ਫੁੱਟਬਾਲ ਦੇ ਕਪਤਾਨ ਪੰਜਾਬੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੇ ਦੇਸ਼ ਨੂੰ ਅਦਭੁੱਤ ਖਿਡਾਰੀ ਦਿੱਤੇ ਹਨ। ਪੰਜਾਬੀਆਂ ਦੇ ਕੋਲ ਬੇਹੱਦ ਟੈਲੰਟ ਹੈ, ਉਨ੍ਹਾਂ ਨੂੰ ਹੋਰ ਮੌਕੇ ਮਿਲਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਖਿਡਾਰੀਆਂ ਨੂੰ ਓਲੰਪਿਕ ਜਾਂ ਹੋਰ ਵਰਲਡ ਦੀਆਂ ਖੇਡਾਂ ਦੀ ਤਿਆਰੀ ਲਈ ਵੀ ਲੱਖਾਂ ਰੁਪਏ ਦਿੰਦੇ ਹਾਂ, ਜਿੱਤਣਾ ਭਾਵੇਂ ਨਾ ਜਿੱਤਣਾ ਇਹ ਬਾਹਰ ਦੀ ਗੱਲ ਹੁੰਦੀ ਹੈ। ਖਿਡਾਰੀਆਂ ਨੂੰ ਜਿੱਤ ਕੇ ਆਉਣ ਮਗਰੋਂ ਤਾਂ ਸਰਕਾਰ ਨੇ ਪੈਸੇ ਤਾਂ ਦੇਣੇ ਹੀ ਹੁੰਦੇ ਹਨ ਪਰ ਇਹ ਪਹਿਲੀ ਸਰਕਾਰ ਹੈ, ਜਿਹੜੀ ਖਿਡਾਰੀਆਂ ਦੀ ਤਿਆਰੀ ਲਈ ਵੀ ਪੈਸੇ ਦੇ



ਰਹੀ ਹੈ। ਪੰਜਾਬ ਵਿਚ ਐਸਟ?ਰੋਟਰਫ਼ ਅਤੇ ਸਿੰਥੈਟਿਕ ਟਰੈਕ ਬਣਏ ਜਾਣਗੇ। ਭਗਵੰਤ ਮਾਨ ਨੇ ਕਿਹਾ ਕਿ 4 ਹਜ਼ਾਰ ਮਾਡਰਨ ਗਰਾਊਂਡ ਪਿੰਡਾਂ ਵਿਚ ਵੇਖਣ ਨੂੰ ਮਿਲਣਗੀਆਂ। 3,083 ਮੈਦਾਨਾਂ 'ਤੇ ਕੰਮ ਸ਼ੁਰੂ ਹੋ ਚੁੱਕਾ ਹੈ। ਹੋਟਲ ਤੇ ਟ?ਰੇਨਿੰਗ ਦੀ ਵਿਵਸਥਾ ਵੀ ਕੀਤੀ ਜਾਵੇਗੀ।

## ਰਾਸ਼ਟਰਪਤੀ ਮੁਰਮੂ ਨੇ ਰਾਜ ਸਭਾ ਲਈ ਚਾਰ ਉੱਘੀਆਂ ਸ਼ਖ਼ਸੀਅਤਾਂ ਨੂੰ ਕੀਤਾ ਨਾਮਜ਼ਦ, ਉੱਜਵਲ ਨਿਕਮ ਵੀ ਸੂਚੀ 'ਚ ਸ਼ਾਮਲ

ਨੈਸ਼ਨਲ ਡੈਸਕ 13 ਜੁਲਾਈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਆਪਣੀਆਂ ਸੰਵਿਧਾਨਕ ਸ਼ਕਤੀਆਂ ਦੀ ਵਰਤੋਂ ਕਰਦਿਆਂ ਰਾਜ ਸਭਾ ਲਈ ਚਾਰ ਉੱਘੀਆਂ ਸ਼ਖ਼ਸੀਅਤਾਂ ਨੂੰ ਨਾਮਜ਼ਦ ਕੀਤਾ ਹੈ। ਇਹ ਨਾਮਜ਼ਦਗੀਆਂ ਰਾਜ ਸਭਾ ਦੇ ਪਹਿਲਾਂ ਨਾਮਜ਼ਦ ਮੈਂਬਰਾਂ ਦੀ ਸੇਵਾਮੁਕਤੀ ਤੋਂ ਬਾਅਦ ਬਣੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਕੀਤੀਆਂ ਗਈਆਂ ਹਨ। ਇਸ ਸੂਚੀ 'ਚ ਉੱਜਵਲ ਦੇਵਰਾਓ ਨਿਕਮ ਦਾ ਨਾਮ ਵੀ ਸ਼ਾਮਲ ਹੈ। ਰਾਜ ਸਭਾ ਲਈ ਨਾਮਜ਼ਦ ਕੀਤੀਆਂ ਗਈਆਂ ਚਾਰ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਵੱਖ-ਵੱਖ ਖੇਤਰਾਂ ਦੇ ਬਜ਼ੁਰਗ ਸ਼ਾਮਲ ਹਨ: ਉਜਵਲ ਦੇਵਰਾਓ ਨਿਕਮ: ਉਹ ਇੱਕ ਪ੍ਰਸਿੱਧ ਵਿਸ਼ੇਸ਼ ਸਰਕਾਰੀ ਵਕੀਲ ਹਨ। ਉਹ ਮੁੰਬਈ ਅੱਤਵਾਦੀ ਹਮਲੇ ਅਤੇ ਕਈ ਹੋਰ ਵੱਡੇ ਮਾਮਲਿਆਂ ਸਮੇਤ ਕਈ ਉੱਚ-ਪ੍ਰੋਫਾਈਲ ਅਪਰਾਧਿਕ ਮਾਮਲਿਆਂ ਵਿੱਚ ਆਪਣੀ ਮਜ਼ਬੂਤ ਭੂਮਿਕਾ ਲਈ ਜਾਣੇ ਜਾਂਦੇ ਹਨ। ਸੀ. ਸਦਾਨੰਦਨ ਮਸਤੇ: ਉਹ ਕੇਰਲਾ ਦੇ ਰਹਿਣ ਵਾਲੇ ਇੱਕ ਸੀਨੀਅਰ ਸਮਾਜ ਸੇਵਕ ਅਤੇ ਸਿੱਖਿਆ ਸ਼ਾਸਤਰੀ ਹਨ। ਉਨ੍ਹਾਂ ਨੇ ਸਮਾਜ ਸੇਵਾ ਅਤੇ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਹਰਸ਼ਵਰਧਨ ਸ਼੍ਰ?ਗਲਾ: ਉਹ ਭਾਰਤ ਦੇ ਸਾਬਕਾ ਵਿਦੇਸ਼ ਸਕੱਤਰ ਰਹੇ ਹਨ। ਉਹ ਭਾਰਤੀ ਕੂਟਨੀਤੀ ਅਤੇ ਵੱਖ-ਵੱਖ ਦੇਸ਼ਾਂ ਨਾਲ ਭਾਰਤ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਆਪਣੇ ਮਹੱਤਵਪੂਰਨ ਯੋਗਦਾਨ ਲਈ ਜਾਣੀ ਜਾਂਦੀ ਹੈ। ਮੀਨਾਕਸ਼ੀ ਜੈਨ: ਇੱਕ ਉੱਘੀ ਇਤਿਹਾਸਕਾਰ ਅਤੇ ਸਿੱਖਿਆ ਸ਼ਾਸਤਰੀ। ਉਹ ਭਾਰਤੀ ਇਤਿਹਾਸ, ਖਾਸ ਕਰਕੇ ਸੱਭਿਆਚਾਰਕ ਅਤੇ ਧਾਰਮਿਕ ਇਤਿਹਾਸ 'ਤੇ ਆਪਣੀ ਵਿਆਪਕ ਖੋਜ ਅਤੇ ਲਿਖਣ ਲਈ ਜਾਣੀ ਜਾਂਦੀ ਹੈ।

# ਮੈਂ ਆਰੀਆ ਸਮਾਜ ਮੰਦਰ ਟਰੱਸਟ ਅਤੇ ਸਥਾਨਕ ਨਾਗਰਿਕਾਂ ਦਾ ਦਿਲੋਂ ਧੰਨਵਾਦੀ ਹਾਂ: ਡਾ. ਪੰਕਜ ਕੁਮਾਰ ਸਿੰਘ

ਕੌਮੀ ਪਤ੍ਰਿਕਾ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ। ਦਿੱਲੀ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਪੰਕਜ ਕੁਮਾਰ ਸਿੰਘ ਨੇ ਅੱਜ ਆਪਣੇ ਵਿਧਾਨ ਸਭਾ ਹਲਕੇ ਵਿਕਾਸਪੁਰੀ ਦੇ ਡੀ-ਬਲਾਕ ਵਿੱਚ ਸਥਿਤ ਆਰੀਆ ਸਮਾਜ ਮੰਦਰ ਵਿਖੇ ਨਵੇਂ ਬਣੇ ਫਿਜ਼ੀਓਥੈਰੇਪੀ ਸੈਂਟਰ ਦਾ ਉਦਘਾਟਨ ਕੀਤਾ। ਕੈਬਨਿਟ ਮੰਤਰੀ ਡਾ. ਪੰਕਜ ਕੁਮਾਰ ਸਿੰਘ ਦੇ ਸਵਰਗਵਾਸੀ ਮਾਪਿਆਂ ਦੀ ਯਾਦ ਵਿੱਚ ਆਰੀਆ ਸਮਾਜ ਮੰਦਰ ਵੱਲੋਂ ਅੱਜ ਵਿਕਾਸਪੁਰੀ ਦੇ ਲੋਕਾਂ ਨੂੰ ਇਹ ਚੈਰੀਟੇਬਲ ਫਿਜ਼ੀਓਥੈਰੇਪੀ ਸੈਂਟਰ ਸਮਰਪਿਤ ਕੀਤਾ ਗਿਆ। ਪੱਛਮੀ ਦਿੱਲੀ ਦੇ ਵਿਕਾਸਪੁਰੀ ਸਥਿਤ ਆਰੀਆ ਸਮਾਜ ਮੰਦਰ ਵਿਖੇ ਇਸ ਫਿਜ਼ੀਓਥੈਰੇਪੀ ਸੈਂਟਰ ਦੇ ਉਦਘਾਟਨ ਦੇ ਸ਼ੁਭ ਮੌਕੇ 'ਤੇ, ਵਿਕਾਸਪੁਰੀ ਦੇ ਸਥਾਨਕ ਨਿਵਾਸੀ, ਸੀਨੀਅਰ ਨਾਗਰਿਕ, ਮੈਡੀਕਲ ਖੇਤਰ ਦੇ ਡਾਕਟਰ ਅਤੇ ਵੱਡੀ ਗਿਣਤੀ ਵਿੱਚ ਸਮਾਜ ਸੇਵਕ ਵੀ ਮੌਜੂਦ ਸਨ। ਇੱਕ ਭਾਈਚਾਰਕ ਸੰਗਠਨ ਦੀ ਮਦਦ ਨਾਲ ਸਥਾਪਿਤ ਇਹ ਆਧੁਨਿਕ ਫਿਜ਼ੀਓਥੈਰੇਪੀ ਸੈਂਟਰ, ਖਾਸ ਕਰਕੇ ਇਲਾਕੇ ਦੇ ਬਜ਼ੁਰਗਾਂ ਅਤੇ ਲੋੜਵੰਦ ਲੋਕਾਂ ਨੂੰ ਕਿਫਾਇਤੀ, ਪਹੁੰਚਯੋਗ ਅਤੇ ਗੁਣਵੱਤਾ ਵਾਲੀ ਫਿਜ਼ੀਓਥੈਰੇਪੀ ਇਲਾਜ ਸੇਵਾਵਾਂ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗਾ। ਸਿਹਤ



ਮੰਤਰੀ ਡਾ: ਪੰਕਜ ਕੁਮਾਰ ਸਿੰਘ ਲਈ, ਮੰਦਰ ਟਰੱਸਟ ਦੇ ਫਿਜ਼ੀਓਥੈਰੇਪੀ ਸੈਂਟਰ ਦਾ ਉਦਘਾਟਨ ਉਨ੍ਹਾਂ ਨਾਲ ਨਿੱਜੀ ਤੌਰ 'ਤੇ ਬਹੁਤ ਭਾਵਨਾਤਮਕ ਤੌਰ 'ਤੇ ਜੁੜਿਆ ਹੋਇਆ ਹੈ, ਕਿਉਂਕਿ ਇਹ ਫਿਜ਼ੀਓਥੈਰੇਪੀ ਸੈਂਟਰ ਆਰੀਆ ਸਮਾਜ ਮੰਦਰ ਦੁਆਰਾ ਦਿੱਲੀ ਦੇ ਸਾਬਕਾ ਵਧੀਕ ਕਮਿਸ਼ਨਰ ਸਵਰਗੀ ਸ਼੍ਰੀ ਰਾਜ ਮੋਹਨ ਸਿੰਘ ਅਤੇ ਸਿਹਤ ਮੰਤਰੀ ਡਾ: ਸਿੰਘ ਦੇ ਸਵਰਗੀ ਪਿਤਾ ਮਾਤਾ ਸ਼੍ਰੀਮਤੀ ਸੀਤਾ ਸਿੰਘ ਦੀ ਯਾਦ ਵਿੱਚ ਸਮਰਪਿਤ ਕੀਤਾ ਗਿਆ ਹੈ। ਡਾ: ਪੰਕਜ ਕੁਮਾਰ ਸਿੰਘ ਨੇ ਇਸ ਮਹੱਤਵਪੂਰਨ ਯੋਗਦਾਨ ਲਈ ਆਰੀਆ ਸਮਾਜ ਮੰਦਰ ਟਰੱਸਟ ਦਾ ਦਿਲੋਂ ਧੰਨਵਾਦ ਕੀਤਾ। ਸਿਹਤ ਮੰਤਰੀ ਡਾ: ਪੰਕਜ ਕੁਮਾਰ ਸਿੰਘ ਦੇ ਪਿਤਾ, ਸਵਰਗੀ ਸ਼੍ਰੀ ਰਾਜ ਮੋਹਨ ਸਿੰਘ, ਦਿੱਲੀ ਦੇ ਮਹਾਨ ਸਮਾਜ ਸੇਵਕਾਂ ਵਿੱਚੋਂ ਇੱਕ ਸਨ, ਜੋ ਲੋੜਵੰਦ ਲੋਕਾਂ ਦੇ ਨਾਲ-ਨਾਲ ਸਮਾਜ ਦੇ ਹਰ ਵਰਗ ਦੇ ਲੋਕਾਂ ਦੀ ਸੇਵਾ ਵਿੱਚ ਦਿਨ ਰਾਤ ਕੰਮ ਕਰਦੇ ਸਨ। ਉਨ੍ਹਾਂ ਨੇ ਲੋਕਾਂ ਦੀ ਭਲਾਈ ਅਤੇ ਜਨ ਸੇਵਾ ਨਾਲ ਸਬੰਧਤ ਕਈ ਕੰਮ ਕੀਤੇ। ਜਿਨ੍ਹਾਂ ਨੂੰ ਯਾਦ ਕਰਕੇ ਲੋਕ ਅੱਜ ਵੀ ਭਾਵੁਕ ਹੋ ਜਾਂਦੇ ਹਨ। ਸਿਹਤ ਮੰਤਰੀ ਡਾ: ਪੰਕਜ ਕੁਮਾਰ ਸਿੰਘ ਨੇ ਕਿਹਾ ਕਿ ਸਾਡਾ ਯਤਨ ਦਿੱਲੀ ਦੇ ਹਰ ਨਾਗਰਿਕ ਨੂੰ ਕਿਫਾਇਤੀ, ਪਹੁੰਚਯੋਗ ਅਤੇ ਵਿਸ਼ਵ ਪੱਧਰੀ ਸਿਹਤ ਸੰਭਾਲ ਸਹੂਲਤਾਂ ਪ੍ਰਦਾਨ ਕਰਨਾ ਹੈ। ਮੈਂ ਆਰੀਆ ਸਮਾਜ ਮੰਦਰ ਟਰੱਸਟ ਅਤੇ ਸਥਾਨਕ ਲੋਕਾਂ ਦਾ ਹਮੇਸ਼ਾ ਧੰਨਵਾਦੀ ਰਹਾਂਗਾ ਜਿਨ੍ਹਾਂ ਨੇ ਇਸ ਪਹਿਲਕਦਮੀ ਵਿੱਚ ਆਪਣਾ ਸ਼ਲਾਘਾਯੋਗ ਸਮਰਥਨ ਦਿੱਤਾ ਹੈ। ਸਿਹਤ ਮੰਤਰੀ ਡਾ: ਸਿੰਘ ਨੇ ਕਿਹਾ ਕਿ ਦਿੱਲੀ ਦੀ ਮਾਣਯੋਗ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ, ਅਸੀਂ ਇੱਕ ਅਜਿਹੀ ਸਿਹਤ ਸੰਭਾਲ ਪ੍ਰਣਾਲੀ ਬਣਾ ਰਹੇ ਹਾਂ ਜੋ ਸੰਵੇਦਨਸ਼ੀਲ ਹੋਵੇ, ਲੋਕਾਂ ਦੀ ਭਾਗੀਦਾਰੀ 'ਤੇ ਅਧਾਰਤ ਹੋਵੇ ਅਤੇ ਭਵਿੱਖ ਦੀਆਂ ਸਾਰੀਆਂ ਜ਼ਰੂਰਤਾਂ ਲਈ ਤਿਆਰ ਕੀਤੀ ਜਾ ਰਹੀ ਹੋਵੇ। ਫਿਜ਼ੀਓਥੈਰੇਪੀ ਸੈਂਟਰ ਦੇ ਉਦਘਾਟਨ ਤੋਂ ਪਹਿਲਾਂ, ਸਿਹਤ ਮੰਤਰੀ ਡਾ. ਪੰਕਜ ਕੁਮਾਰ ਸਿੰਘ ਨੇ ਅੱਜ ਸਵੇਰੇ ਵਿਕਾਸਪੁਰੀ ਸਥਿਤ ਆਪਣੇ ਸਥਾਨਕ ਕੈਂਪ ਦਫ਼ਤਰ ਵਿਖੇ ਇਲਾਕੇ ਦੇ ਸੈਂਕੜੇ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਜਨਤਕ ਸਮੱਸਿਆਵਾਂ ਸੁਣੀਆਂ। ਜਨਤਕ ਸੁਣਵਾਈ ਦੌਰਾਨ, ਸਥਾਨਕ ਨਾਗਰਿਕਾਂ ਨੇ ਇਲਾਕੇ ਨਾਲ ਸਬੰਧਤ ਸਮੱਸਿਆਵਾਂ ਬਾਰੇ ਦੱਸਿਆ ਅਤੇ ਉਨ੍ਹਾਂ ਦੇ ਹੱਲ ਲਈ ਮੰਤਰੀ ਨੂੰ ਸੁਝਾਅ ਵੀ ਦਿੱਤੇ, ਜਿਨ੍ਹਾਂ ਵਿੱਚ ਖਾਸ ਤੌਰ 'ਤੇ ਸਿਹਤ, ਬੁਨਿਆਦੀ ਢਾਂਚਾ ਅਤੇ ਹੋਰ ਨਾਗਰਿਕ ਸਹੂਲਤਾਂ ਸ਼ਾਮਲ ਸਨ।

Contd............... page-12

# ਪ੍ਰਾਈਵੇਟ ਡਾਕਟਰ ਦੀ ਅਣਗਹਿਲੀ ਨਾਲ ਨਵ ਜਨਮੀ ਬੱਚੀ ਦੀ ਮੌਤ, ਪਰਿਵਾਰ ਨੇ ਵੱਡੇ ਇਲਜਾਮ

ਗੁਰਦਾਸਪੁਰ 13 ਜੁਲਾਈ। ਗੁਰਦਾਸਪੁਰ ਵਿੱਚ ਇੱਕ ਪਰਿਵਾਰ ਨੇ ਨਿੱਜੀ ਹਸਪਤਾਲ ਦੇ ਡਾਕਟਰ 'ਤੇ ਦੋ ਮਹੀਨੇ ਦੀ ਬੱਚੀ ਦਾ ਗਲਤ ਇਲਾਜ ਕਰਨ ਦੇ ਦੋਸ਼ ਲਗਾਏ ਹਨ। ਬੱਚੀ ਦੀ ਇਲਾਜ ਦੌਰਾਨ ਮੌਤ ਹੋਣ ਤੋਂ ਬਾਅਦ ਪਰਿਵਾਰ ਨੇ ਹਸਪਤਾਲ ਦੇ ਮੁੱਖ ਗੇਟ ਦੇ ਬਾਹਰ ਹੰਗਾਮਾ ਕੀਤਾ ਤੇ ਹਸਪਤਾਲ ਦੇ ਮੁੱਖ ਗੇਟ ਦੇ ਬਾਹਰ ਧਰਨਾ ਲਗਾ ਦਿੱਤਾ। ਪਰਿਵਾਰ ਦਾ ਦੋਸ਼ ਹੈ ਕਿ ਬੱਚੀ ਨੂੰ ਗਲਤ ਇੰਜੈਕਸ਼ਨ ਲਗਾਇਆ ਗਿਆ ਜੋ ਬੱਚੀ ਨੂੰ ਰਿਐਕਸ਼ਨ ਕਰ ਗਿਆ ਜਿਸ ਕਰਕੇ ਉਸ ਦੀ ਮੌਤ ਹੋ ਗਈ ਹੈ ,ਜਦਕਿ ਡਾਕਟਰ ਦਾ ਕਹਿਣਾ ਹੈ ਕਿ ਬੱਚੀ ਜਨਮ ਤੋਂ ਹੀ ਕਈ ਬਿਮਾਰੀਆਂ ਨਾਲ ਪੀੜਤ ਸੀ ਅਤੇ ਉਸ ਦੀ ਮੌਤ ਇੰਫੈਕਸ਼ਨ ਕਾਰਨ ਮੌਤ ਹੋਈ ਹੈ । ਜਾਣਕਾਰੀ ਦਿੰਦਿਆਂ ਮ੍ਰਿਤਕ ਬੱਚੀ ਦੇ ਦਾਦਾ ਜੀਵਨ ਕੁਮਾਰ ਵਾਸੀ ਪਿੰਡ ਤਲਵੰਡੀ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਪੋਤਰੀ ਨੂੰ 20 ਤਰੀਕ ਨੂੰ ਗੁਰਦਾਸਪੁਰ ਦੇ ਇੱਕ ਨਿੱਜੀ ਬੱਚਿਆਂ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਸੀ। ਉਹ ਦੁੱਧ ਨਹੀਂ ਸੀ ਪੀਂਦੀ । ਹਸਪਤਾਲ ਦੇ ਡਾਕਟਰ ਨੇ ਕੁਝ ਦਿਨ ਦੀਆਂ ਦਵਾਈਆਂ ਦੇ ਕੇ ਕਿਹਾ ਕਿ ਬੱਚੀ ਬਿਲਕੁਲ ਠੀਕ-ਠਾਕ ਹੈ ਪਰ ਛੇ ਦਿਨ ਦਵਾਈ ਖਾਣ ਨਾਲ ਵੀ ਉਹ ਠੀਕ ਨਹੀਂ ਹੋਈ ਤਾਂ ਮੁੜ ਉਸ ਨੂੰ ਇਸੇ ਡਾਕਟਰ ਕੋਲ ਲਿਆਂਦਾ ਗਿਆ ਅਤੇ ਡਾਕਟਰ ਨੇ ਮੁੜ ਉਸ ਨੂੰ ਕੁਝ ਦਿਨ ਦੀਆਂ ਦਵਾਈਆਂ ਦੇ ਦਿੱਤੀਆਂ,ਪਰ ਬੱਚੀ ਨੂੰ ਫਰਕ ਨਾ ਪਿਆ ਤਾਂ ਡਾਕਟਰ ਵੱਲੋਂ 1 ਜਨਵਰੀ ਨੂੰ ਉਸ ਨੂੰ ਹਸਪਤਾਲ



ਵਿੱਚ ਐਡਮਿਟ ਕਰ ਲਿਆ ਗਿਆ ਤੇ ਸਾਰੇ ਟੈਸਟ ਸਕੈਨਿੰਗ ਆਦਿ ਕਰਵਾਉਣ ਤੋਂ ਬਾਅਦ ਕਿਹਾ ਕਿ ਇਹ ਬਿਲਕੁਲ ਠੀਕ-ਠਾਕ ਹੈ ਪਰ ਇਸ ਦਾ ਕੁਝ ਦਿਨ ਹਸਪਤਾਲ ਵਿੱਚ ਇਲਾਜ ਚੱਲੇਗਾ। ਬੱਚੀ ਦੇ ਦਾਦਾ ਨੇ ਦੋਸ਼ ਲਗਾਇਆ ਕਿ ਇਸ ਦੌਰਾਨ ਬੱਚੀ ਨੂੰ ਇੱਕ ਅਜਿਹਾ ਇੰਜੈਕਸ਼ਨ ਲਗਾ ਦਿੱਤਾ ਗਿਆ ਜੋ ਸ਼ਾਇਦ ਉਸ ਨੂੰ ਰਿਐਕਸ਼ਨ ਕਰ ਗਿਆ ਅਤੇ ਉਸ ਦਾ ਸਰੀਰ ਸੁੱਜਣਾ ਸ਼ੁਰੂ ਹੋ ਗਿਆ ਤੇ ਸਖਤ ਹੋ ਗਿਆ। ਜਿਸ ਤੋਂ ਬਾਅਦ 6 ਜਨਵਰੀ ਨੂੰ ਡਾਕਟਰ ਨੇ ਉਨ੍ਹਾਂ ਨੂੰ ਬਕਾਇਆ ਪੇਮੈਂਟ ਜਮਾਂ ਕਰਵਾਉਣ ਲਈ ਕਿਹਾ ਤੇ ਕਿਹਾ ਕਿ ਬੱਚੀ ਦਾ ਆਪਰੇਟ ਹੋਵੇਗਾ ਇਸ ਨੂੰ ਪੀਜੀਆਈ ਵਿਖੇ ਲੈ ਜਾਓ ਅਤੇ ਨਾਲ ਹੀ ਸਾਰੇ ਪ੍ਰਾਈਵੇਟ ਡਾਕਟਰ ਆਪਣੇ ਹਸਪਤਾਲ ਵਿਖੇ ਬੁਲਾ ਲਏ । ਬਾਅਦ ਵਿੱਚ ਬੱਚੀ ਨੂੰ ਅੰਮ੍ਰਿਤਸਰ ਦੇ ਇੱਕ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ ਜਿੱਥੇ ਉਹ 11:30 ਵਜੇ ਪਹੁੰਚੇ। ਬੱਚੀ ਦੇ ਦਾਦਾ ਦਾ ਕਹਿਣਾ ਹੈ ਕਿ ਇਲਾਜ ਦੌਰਾਨ ਅੰਮ੍ਰਿਤਸਰ ਦੇ ਡਾਕਟਰ ਨੇ ਮੰਨਿਆ ਹੈ ਕਿ ਬੱਚੀ ਦਾ ਪਹਿਲਾਂ ਗਲਤ ਇਲਾਜ ਦਿੱਤਾ ਗਿਆ ਹੈ। ਜਿਸ ਕਾਰਨ ਉਸ ਦੀ ਹਾਲਤ ਵਿਗੜੀ ਹੈ, ਜਿਸ ਦੇ ਪਰਿਵਾਰ ਕੋਲ ਬਕਾਇਦਾ ਸਬੂਤ ਵੀ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਡਾਕਟਰ ਖਿਲਾਫ ਕਾਰਵਾਈ ਕੀਤੀ ਜਾਵੇ । ਦੂਜੇ ਪਾਸੇ ਬੱਚੀ ਦਾ ਇਲਾਜ ਕਰਨ ਵਾਲੇ ਡਾਕਟਰ ਚੇਤਨ ਨੰਦਾ ਦਾ ਕਹਿਣਾ ਹੈ ਕਿ ਬੱਚਾ ਜਨਮ ਜਾਤ ਹੀ ਕਈ ਬਿਮਾਰੀਆਂ ਨਾਲ ਪੀੜਤ ਸੀ ਅਤੇ ਉਸ ਦਾ ਦਿਲ ਵੀ ਕਮਜ਼ੋਰ ਸੀ। ਪਰਿਵਾਰ ਉਸ ਨੂੰ ਉਨ੍ਹਾਂ ਕੋਲ ਲੈ ਕੇ ਆਇਆ ਸੀ, ਕਿਉਂਕਿ ਉਹ ਕਈ ਦਿਨਾਂ ਤੋਂ ਦੁੱਧ ਨਹੀਂ ਪੀ ਰਿਹਾ ਸੀ ਅਤੇ ਉਸ ਦੀ ਮੌਤ ਦਾ ਕਾਰਨ ਵੀ ਕਈ ਦਿਨਾਂ ਤੋਂ ਦੁੱਧ ਨਾ ਪੀਣਾ ਤੇ ਇਨਫੈਕਸ਼ਨ ਹੈ, ਜਿਸ ਬਾਰੇ ਪਰਿਵਾਰ ਨੂੰ ਪਹਿਲਾਂ ਹੀ ਦੱਸ ਦਿੱਤਾ ਜਾ ਚੁੱਕਿਆ ਸੀ ਕਿ ਉਸ ਦੀ ਹਾਲਤ ਗੰਭੀਰ ਹੈ ਪਰ ਪਰਿਵਾਰ ਨੇ ਬੱਚੀ ਦਾ ਇਲਾਜ ਕਰਨ ਦੀ ਮਿੰਨਤ ਕੀਤੀ ਤਾਂ ਹੀ ਉਨ੍ਹਾਂ ਨੇ ਇਲਾਜ ਸ਼ੁਰੂ ਕੀਤਾ ਸੀ। ਇਸ ਵਿੱਚ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਨਹੀਂ ਹੈ।

## ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਤੇਜ਼ਧਾਰ ਹਥਿਆਰ ਦਿਖਾ ਕੇ ਐਕਟਿਵਾ ਤੇ ਕੈਸ਼ ਲੁੱਟਿਆ

ਲੁਧਿਆਣਾ 13 ਜੁਲਾਈ। ਡਾਬਾ ਇਲਾਕੇ ਵਿਚ ਲੁਟੇਰੇ ਲਗਾਤਾਰ ਵਾਰਦਾਤਾਂ ਕਰ ਰਹੇ ਹਨ। ਕੰਮ ਤੋਂ ਘਰ ਜਾ ਰਹੇ ਨੌਜਵਾਨ ਨੂੰ ਮੋਟਰਸਾਈਕਲ ਸਵਾਰ 4 ਲੁਟੇਰਿਆਂ ਨੇ ਉਸ ਨੂੰ ਘੇਰ ਲਿਆ। ਤੇਜ਼ਧਾਰ ਹਥਿਆਰ ਦਿਖਾ ਕੇ ਲੁਟੇਰਿਆਂ ਨੇ ਨੌਜਵਾਨ ਤੋਂ ਐਕਟਿਵਾ, ਕੈਸ਼ ਅਤੇ ਮੋਬਾਈਲ ਲੁੱਟ ਲਿਆ ਤੇ ਧਮਕਾਉਂਦੇ ਹੋਏ ਫਰਾਰ ਹੋ ਗਏ। ਨੌਜਵਾਨ ਨੇ ਸ਼ਿਕਾਇਤ ਥਾਣਾ ਡਾਬਾ ਦੀ ਪੁਲਸ ਨੂੰ ਦਿੱਤੀ, ਜਿਸ ਤੋਂ ਬਾਅਦ ਪੁਲਸ ਨੇ ਗੋਬਿੰਦ ਚੌਧਰੀ ਦੀ ਸ਼ਿਕਾਇਤ 'ਤੇ ਅਣਪਛਾਤੇ ਲੁਟੇਰਿਆਂ 'ਤੇ ਕੇਸ ਦਰਜ



ਕੀਤਾ ਹੈ। ਪੁਲਸ ਸ਼ਿਕਾਇਤ ਵਿਚ ਗੋਬਿੰਦ ਚੌਧਰੀ ਨੇ ਦੱਸਿਆ ਕਿ ਉਹ ਪਿੰਡ ਲੋਹਾਰਾ ਵਿਚ ਰਹਿੰਦਾ ਹੈ ਅਤੇ ਫੈਕਟਰੀ ਵਿਚ ਕੰਮ ਕਰਦਾ ਹੈ। ਉਹ ਕੰਮ ਤੋਂ ਘਰ ਜਾ ਰਿਹਾ ਸੀ। ਜਦ ਉਹ ਦੇਸ਼ ਭਗਤ ਸਕੂਲ ਦੇ ਨੇੜੇ ਪੁੱਜਾ ਤਾਂ ਚਾਰ ਲੁਟੇਰਿਆਂ ਨੇ ਉਸ ਨੂੰ ਘੇਰ ਲਿਆ ਸੀ। ਉਸ ਨੇ ਦੱਸਿਆ ਕਿ ਮੁਲਜ਼ਮਾਂ ਦੇ ਕੋਲ ਤੇਜ਼ਧਾਰ ਹਥਿਆਰ ਸਨ। ਮੁਲਜ਼ਮਾਂ ਨੇ ਹਥਿਆਰਾਂ ਦੇ ਜੋਰ 'ਤੇ ਉਸ ਦੀ ਐਕਟਿਵਾ ਖੋਹ ਲਈ ਅਤੇ ਫਿਰ ਉਸ ਦੀ ਜੇਬ ਵਿਚੋਂ 12 ਹਜ਼ਾਰ ਰੁਪਏ ਅਤੇ ਮੋਬਾਈਲ ਕੱਢ ਲਿਆ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਨਸ਼ਾ ਸਮੱਗਲਰਾਂ ਖਿਲਾਫ ਪੁਲਸ ਦੀ ਸਖਤ ਕਾਰਵਾਈ ਜਾਰੀ

ਜੋਧਾਂ 13 ਜੁਲਾਈ। ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ ਵਿੱਢੀ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਇੰਸਪੈਕਟਰ ਦਵਿੰਦਰ ਸਿੰਘ ਮੁਖੀ ਥਾਣਾ ਜੋਧਾਂ ਨੇ ਦੱਸਿਆ ਕਿ 24 ਜੂਨ 2024 ਨੂੰ ਦਰਜ ਕੀਤੇ ਮੁਕੱਦਮੇ ਦੇ ਦੋਸ਼ੀ ਅਵਤਾਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਲਤਾਲਾ (ਜੰਡ ਰੋਡ) ਵਲੋਂ ਨਸ਼ਿਆਂ ਦੀ ਕਮਾਈ ਨਾਲ ਬਣਾਈ 53,31,592 ਰੁਪਏ ਦੀ ਜਾਇਦਾਦ ਜਬਤ ਕਰਵਾਈ ਗਈ ਹੈ। ਇਸ ਸਬੰਧੀ ਵਰਿੰਦਰ ਸਿੰਘ ਖੋਸਾ ਡੀ.ਐੱਸ.ਪੀ. ਦਾਖਾ ਨੇ ਦੱਸਿਆ ਕਿ ਜਬਤ ਕਰਵਾਈ ਪ੍ਰਾਪਰਟੀ 'ਚੋਂ ਪਿੰਡ ਲਤਾਲਾ 'ਚ ਇਕ ਰਿਹਾਇਸ਼ੀ ਮਕਾਨ, ਜਿਸ ਦੀ ਕੀਮਤ 41,27,750 ਰੁਪਏ, ਜਮੀਨ 1 ਰਕਬਾ ਅਤੇ 1 ਕਨਾਲ ਜਿਸ ਦੀ ਕੀਮਤ 6 ਲੱਖ 40 ਹਜਾਰ, ਆਈ.ਸੀ.ਆਈ.ਸੀ.ਆਈ. ਬੈਂਕ ਬਰਾਂਚ ਜੰਡ ਦੇ ਬੈਂਕ ਅਕਾਊਂਟ 'ਚੋਂ 5 ਲੱਖ, 63 ਹਜਾਰ, 842 ਰੁਪਏ ਜਮ੍ਹਾ ਸਨ, ਨੂੰ ਵੀ ਫਰੀਜ ਕਰਵਾਇਆ ਗਿਆ।

## ਔਰਤਾਂ ਮੇਰੀ ਪ੍ਰੇਰਨਾ ਹਨ: ਮੁੱਖ ਮੰਤਰੀ ਰੇਖਾ ਗੁਪਤਾ

Contd...............Front page

ਉਨ੍ਹਾਂ ਕਿਹਾ ਕਿ ਤੀਜ ਤਿਉਹਾਰ ਵਿੱਚ ਰਵਾਇਤੀ ਕਲਾਵਾਂ ਦੀ ਲਾਈਵ ਪ੍ਰਦਰਸ਼ਨੀ ਵੀ ਦੇਖੀ ਜਾਵੇਗੀ। ਇਸ ਵਿੱਚ ਘੁਮਿਆਰ ਦਾ ਚੱਕਰ, ਚੂੜੀਆਂ ਬਣਾਉਣਾ, ਬੁਣਾਈ, ਬਲਾਕ ਪ੍ਰਿੰਟਿੰਗ ਅਤੇ ਕਢਾਈ ਵਰਗੀਆਂ ਸ਼ਿਲਪਕਾਰੀ ਦੇ ਲਾਈਵ ਪ੍ਰਦਰਸ਼ਨ ਸ਼ਾਮਲ ਹੋਣਗੇ, ਤਾਂ ਜੋ ਲੋਕ ਇਨ੍ਹਾਂ ਕਲਾਵਾਂ ਨੂੰ ਨੇੜਿਓਂ ਦੇਖ, ਸਮਝ ਅਤੇ ਅਨੁਭਵ ਕਰ ਸਕਣ। ਇਸ ਤੋਂ ਇਲਾਵਾ, ਮੇਲੇ ਵਿੱਚ ਪਰਿਵਾਰ ਅਤੇ ਬੱਚਿਆਂ ਦੇ ਮਨੋਰੰਜਨ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਬੱਚਿਆਂ ਲਈ ਇੱਕ ਕਿਡਜ਼ ਜ਼ੋਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿੱਥੇ ਉਨ੍ਹਾਂ ਲਈ ਦਿਲਚਸਪ ਅਤੇ ਵਿਦਿਅਕ ਗਤੀਵਿਧੀਆਂ, ਕਹਾਣੀ ਸੁਣਾਉਣ, ਜਾਦੂ ਦੇ ਸ਼ੋਅ ਅਤੇ ਵੱਖ-ਵੱਖ ਖੇਡਾਂ ਉਪਲਬਧ ਹੋਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸਾਲ ਤੀਜ ਤਿਉਹਾਰ ਦਿੱਲੀ ਭਰ ਵਿੱਚ ਰਵਾਇਤੀ ਜੋਸ਼, ਸੱਭਿਆਚਾਰਕ ਸ਼ਾਨੋ-ਸ਼ੌਕਤ ਅਤੇ ਸ਼ਾਨਦਾਰ ਸਮਾਗਮਾਂ ਨਾਲ ਮਨਾਇਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਲਈ ਸਭ ਤੋਂ ਵੱਡੀ ਤਾਕਤ ਜਨਤਾ ਦਾ ਵਿਸ਼ਵਾਸ ਹੈ, ਖਾਸ ਕਰਕੇ ਉਨ੍ਹਾਂ ਭੈਣਾਂ ਦਾ ਜੋ ਉਨ੍ਹਾਂ ਨੂੰ ਆਪਣਾ ਪ੍ਰਤੀਨਿਧੀ ਮੰਨਦੀਆਂ ਹਨ ਅਤੇ ਉਨ੍ਹਾਂ ਰਾਹੀਂ ਆਪਣੇ ਸੁਪਨਿਆਂ ਅਤੇ ਅਧਿਕਾਰਾਂ ਦੀ ਪੂਰਤੀ ਦੇਖਦੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਹ ਚੰਗੀ ਤਰ੍ਹਾਂ ਸਮਝਦੀਆਂ ਹਨ ਕਿ ਉਨ੍ਹਾਂ ਦਾ ਹਰ ਫੈਸਲਾ ਅਤੇ ਹਰ ਪਹਿਲ ਔਰਤਾਂ ਦੇ ਵਿਸ਼ਵਾਸ, ਸਤਿਕਾਰ ਅਤੇ ਸਮਾਜਿਕ ਭਾਗੀਦਾਰੀ ਨੂੰ ਮਜ਼ਬੂਤ ਕਰਦੀ ਹੈ। ਇਹੀ ਕਾਰਨ ਹੈ ਕਿ ਉਹ ਇਸ ਭਰੋਸੇ ਨੂੰ ਪੂਰੀ ਵਫ਼ਾਦਾਰੀ ਅਤੇ ਸਮਰਪਣ ਨਾਲ ਪੂਰਾ ਕਰ ਰਹੀ ਹੈ ਅਤੇ ਭਵਿੱਖ ਵਿੱਚ ਵੀ ਇਸ ਭਰੋਸੇ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ।

## ਸਕੂਲ ਤੋਂ ਪਰਤ ਰਹੀ 15 ਸਾਲਾ ਵਿਦਿਆਰਥਣ 'ਤੇ ਡਿੱਗੀ ਦਰੱਖਤ ਦੀ ਟਾਹਣੀ, ਮੌਕੇ 'ਤੇ ਹੋਈ ਮੌਤ

ਬੈਂਗਲੂਰੂ 13 ਜੁਲਾਈ। ਬੈਂਗਲੂਰੂ ਦੇ ਵੀਵੀ ਪੁਰਮ ਥਾਣਾ ਖੇਤਰ 'ਚ ਸਨੀਵਾਰ ਨੂੰ ਇਕ ਦਰਦਨਾਕ ਹਾਦਸੇ 'ਚ 15 ਸਾਲਾ ਲੜਕੀ ਦੀ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਤੇਜਸਵਿਨੀ ਵਜੋਂ ਹੋਈ ਹੈ। ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪੁਲਸ ਦਾ ਕਹਿਣਾ ਹੈ ਕਿ ਮਾਮਲੇ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਦਰਅਸਲ, ਘਟਨਾ ਉਦੋਂ ਵਾਪਰੀ ਜਦੋਂ ਤੇਜਸਵਿਨੀ ਸਕੂਲ ਤੋਂ ਘਰ ਪਰਤ ਰਹੀ ਸੀ। ਪੁਲਸ ਮੁਤਾਬਕ ਰਸਤੇ 'ਚ ਅਚਾਨਕ ਇਕ ਦਰੱਖਤ



ਦੀ ਵੱਡੀ ਟਾਹਣੀ ਤੇਜਸਵਿਨੀ 'ਤੇ ਡਿੱਗ ਗਈ। ਹਾਦਸੇ ਵਿਚ ਗੰਭੀਰ ਜਖਮੀ ਹੋਈ ਤੇਜਸਵਿਨੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਹਾਦਸੇ ਤੋਂ ਬਾਅਦ ਤੇਜਸਵਿਨੀ ਦੇ ਪਰਿਵਾਰ 'ਚ ਡੂੰਘਾ ਸੋਗ ਹੈ। ਹੋਣਹਾਰ ਅਤੇ ਪੜ੍ਹਾਈ ਵਿਚ ਚੰਗੀ ਮੰਨੀ ਜਾਂਦੀ ਤੇਜਸਵਿਨੀ ਦੀ ਅਚਾਨਕ ਹੋਈ ਮੌਤ ਕਾਰਨ ਪੂਰਾ ਇਲਾਕਾ ਸੋਗ ਵਿਚ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ ਅਤੇ ਇਸ ਸਬੰਧੀ ਮਾਮਲਾ ਦਰਜ ਕਰ ਲਿਆ ਗਿਆ ਹੈ। ਵੀਵੀ ਪੁਰਮ ਥਾਣੇ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਹ ਘਟਨਾ ਬਹੁਤ ਮੰਦਭਾਗੀ ਹੈ ਅਤੇ ਅਸੀਂ ਇਸ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਾਂ। ਇਸ ਦੇ ਨਾਲ ਹੀ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਰੁੱਖਾਂ ਦੀ ਨਿਯਮਤ ਜਾਂਚ ਅਤੇ ਦੇਖਭਾਲ ਨਹੀਂ ਕੀਤੀ ਜਾਂਦੀ, ਜਿਸ ਕਾਰਨ ਅਜਿਹੇ ਹਾਦਸੇ ਵਾਪਰਦੇ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਸਬੰਧਤ ਵਿਭਾਗ ਇਸ ਮਾਮਲੇ ਵਿਚ ਜਵਾਬਦੇਹੀ ਤੈਅ ਕਰੇ ਅਤੇ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਕਦਮ ਚੁੱਕੇ।

## ਖੁਦ ਬਣਾਈ ਪਤਨੀ ਦੀ ਨਿੱਜੀ ਵੀਡੀਓ, ਚਚੇਰੇ ਭਰਾ ਨੂੰ ਭੇਜਣ ਮਗਰੋਂ ਫੇਸਬੁੱਕ 'ਤੇ ਕਰ'ਤੀ ਅਪਲੋਡ

ਵੈੱਬ ਡੈਸਕ 13 ਜੁਲਾਈ। ਪਤੀ-ਪਤਨੀ ਦਾ ਰਿਸਤਾ ਬਹੁਤ ਪਵਿੱਤਰ ਹੁੰਦਾ ਹੈ ਤੇ ਹਿੰਦੂ ਰੀਤੀ-ਰਿਵਾਜਾਂ ਮੁਤਾਬਕ ਇਹ ਬੰਧਨ ਸੱਤ ਜਨਮਾਂ ਤੱਕ ਰਹਿੰਦਾ ਹੈ। ਪਰ ਇੱਕ ਪਤੀ ਨੇ ਇਸ ਪਵਿੱਤਰ ਰਿਸਤੇ ਨੂੰ ਤਾਰ-ਤਾਰ ਕਰ ਦਿੱਤਾ ਹੈ। ਕਿਉਂਕਿ ਉਸਨੇ ਆਪਣੀ ਪਤਨੀ ਦੀ ਇੱਕ ਇੰਟੀਮੇਟ ਵੀਡੀਓ ਬਣਾਈ ਅਤੇ ਉਸਦੀ ਸਹਿਮਤੀ ਤੋਂ ਬਿਨਾਂ ਇਸਨੂੰ ਫੇਸਬੁੱਕ 'ਤੇ ਸਾਂਝਾ ਕੀਤਾ ਅਤੇ ਇੰਨਾ ਹੀ ਨਹੀਂ ਉਸਨੇ ਇਸਨੂੰ ਆਪਣੀ ਪਤਨੀ ਦੇ ਚਚੇਰੇ ਭਰਾ ਨਾਲ ਵੀ ਸਾਂਝਾ ਕੀਤਾ। ਇਸ ਤੋਂ ਬਾਅਦ ਮੁਲਜਮ ਪਤੀ ਨੇ ਇਲਾਹਾਬਾਦ ਹਾਈਕੋਰਟ 'ਚ ਪਟੀਸਨ ਦਾਇਰ ਕਰਕੇ ਆਪਣੇ ਖਿਲਾਫ ਦਾਇਰ ਚਾਰਜਸੀਟ ਨੂੰ ਚੁਣੌਤੀ ਦਿੱਤੀ, ਜਿਸ ਨੂੰ ਹਾਈਕੋਰਟ ਨੇ ਖਾਰਜ ਕਰ ਦਿੱਤਾ ਅਤੇ ਸਖਤ ਟਿੱਪਣੀ ਕੀਤੀ। ਅਦਾਲਤ ਨੇ ਕਿਹਾ, 'ਵਿਆਹ ਨਾ ਤਾਂ ਪਤੀ ਨੂੰ ਮਾਲਕੀ ਦਾ ਹੱਕ ਦਿੰਦਾ ਹੈ ਅਤੇ ਨਾ ਹੀ ਪਤਨੀ 'ਤੇ ਕੰਟਰੋਲ। ਨਾ ਹੀ ਇਹ ਉਸਦੀ ਨਿੱਜਤਾ ਦੀ ਉਲੰਘਣਾ ਕਰਨ ਦਾ ਅਧਿਕਾਰ ਦਿੰਦਾ ਹੈ। ਫੇਸਬੁੱਕ 'ਤੇ ਇੰਟੀਮੇਟ ਵੀਡੀਓ ਅਪਲੋਡ ਕਰਕੇ ਪਟੀਸਨਰ ਭਾਵ ਪਤੀ ਨੇ ਵਿਆਹੁਤਾ ਸਬੰਧਾਂ ਦੀ ਪਵਿੱਤਰਤਾ ਨੂੰ ਗੰਭੀਰਤਾ ਨਾਲ ਭੰਗ ਕੀਤਾ ਹੈ। ਮਾਮਲੇ ਦੀ ਸੁਣਵਾਈ ਕਰ ਰਹੇ ਜਸਟਿਸ ਵਿਨੋਦ ਦਿਵਾਕਰ ਦੀ ਬੈਂਚ ਨੇ ਕਿਹਾ ਕਿ ਪਤਨੀ-ਪਤੀ ਦਾ ਕੋਈ ਵਿਸਤਾਰ ਨਹੀਂ ਹੈ। ਇਸ ਦੀ ਬਜਾਇ, ਉਹ ਇੱਕ ਵਿਅਕਤੀ ਹੈ ਜਿਸ ਦੇ ਆਪਣੇ ਅਧਿਕਾਰ ਅਤੇ ਇੱਛਾਵਾਂ ਹਨ। ਉਸਦੀ ਭੌਤਿਕ ਗੋਪਨੀਯਤਾ ਦਾ ਆਦਰ ਕਰਨਾ ਸਿਰਫ ਇੱਕ ਕਾਨੂੰਨੀ ਜ਼ਿੰਮੇਵਾਰੀ ਨਹੀਂ ਹੈ। ਅਸਲ ਵਿੱਚ, ਇਹ ਪਤੀ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਸੱਚਮੁੱਚ ਬਰਾਬਰ ਦੇ ਰਿਸਤੇ ਨੂੰ ਸੁਧਾਰੇ। ਅਦਾਲਤ ਨੇ ਇਸ ਗੱਲ 'ਤੇ ਵੀ ਜੋਰ ਦਿੱਤਾ ਕਿ ਪਤੀ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੀ ਪਤਨੀ ਦੇ ਭਰੋਸੇ ਅਤੇ ਵਫਾਦਾਰੀ ਦਾ ਸਨਮਾਨ ਕਰੇ। ਪਤੀ ਨੇ ਉਸ ਚਾਰਜਸੀਟ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ, ਜਿਸ ਵਿੱਚ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 67ਬੀ ਤਹਿਤ ਕੇਸ ਦੀ ਸਾਰੀ ਅਪਰਾਧਿਕ ਕਾਰਵਾਈ ਅਤੇ ਹੁਕਮ ਨੂੰ ਰੱਦ ਕਰ ਦਿੱਤਾ ਗਿਆ। ਇਹ ਵੀ ਦਲੀਲ ਦਿੱਤੀ ਕਿ ਸ਼ਿਕਾਇਤਕਰਤਾ ਦਾ ਕਾਨੂੰਨੀ ਤੌਰ 'ਤੇ ਵਿਆਹੁਤਾ ਪਤੀ ਹੋਣ ਕਾਰਨ, ਧਾਰਾ 67 ਬੀ ਆਈਟੀ ਐਕਟ ਦੇ ਤਹਿਤ ਕੋਈ ਜੁਰਮ ਨਹੀਂ ਬਣਦਾ ਹੈ। ਦੂਜੇ ਪਾਸੇ, ਪਤੀ ਦੀ ਪਟੀਸਨ ਨੂੰ ਚੁਣੌਤੀ ਦਿੰਦੇ ਹੋਏ, ਏ.ਜੀ.ਏ. ਨੇ ਦਲੀਲ ਦਿੱਤੀ ਕਿ ਉਸ 'ਤੇ ਗੰਭੀਰ ਦੋਸ ਹਨ ਅਤੇ ਭਾਵੇਂ ਸ਼ਿਕਾਇਤਕਰਤਾ ਬਿਨੈਕਾਰ ਦੀ ਕਾਨੂੰਨੀ ਤੌਰ 'ਤੇ ਵਿਆਹੀ ਹੋਈ ਪਤਨੀ ਸੀ, ਉਸ ਕੋਲ ਉਸ ਦੀ ਅਸਲੀਲ ਵੀਡੀਓ ਬਣਾ ਕੇ ਸ਼ਿਕਾਇਤਕਰਤਾ ਦੇ ਚਚੇਰੇ ਭਰਾ ਨਾਲ ਸੇਅਰ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਇਲਾਹਾਬਾਦ ਹਾਈ ਕੋਰਟ ਨੇ ਕਿਹਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਪਤੀਆਂ ਨੂੰ ਵਿਕਟੋਰੀਅਨ ਯੁੱਗ ਦੀ ਪੁਰਾਣੀ ਮਾਨਸਿਕਤਾ ਨੂੰ ਤਿਆਗਣਾ ਚਾਹੀਦਾ ਹੈ ਅਤੇ ਇਹ ਅਹਿਸਾਸ ਕਰਨਾ ਚਾਹੀਦਾ ਹੈ ਕਿ ਪਤਨੀ ਦਾ ਸਰੀਰ, ਨਿੱਜਤਾ ਅਤੇ ਅਧਿਕਾਰ ਉਸ ਦੇ ਆਪਣੇ ਹਨ ਨਾ ਕਿ ਉਸ ਦੇ ਪਤੀ ਦੇ ਨਿਯੰਤਰਣ ਜਾਂ ਮਾਲਕੀ ਦੇ ਅਧੀਨ ਹਨ।

## ਚੰਡੀਗੜ੍ਹ 'ਚ ਆਨਲਾਈਨ ਕਲਾਸ ਵਿਚ ਚੱਲੀ ਅਸ਼ਲੀਲ ਵੀਡੀਓ ਦੇ ਮਾਮਲੇ ਵਿਚ ਨਵਾਂ ਮੋੜ

ਚੰਡੀਗੜ੍ਹ 13 ਜੁਲਾਈ। ਬੀਤੇ ਦਿਨੀਂ ਆਨਲਾਈਨ ਕਲਾਸ 'ਚ ਅਸਲੀਲ ਵੀਡੀਓ ਚੱਲਣ ਦੇ ਮਾਮਲੇ 'ਚ ਸਕੂਲ ਪ੍ਰਬੰਧਕਾਂ ਨੇ ਸਾਈਬਰ ਸੈੱਲ ਨੂੰ ਲਿਖਤੀ ਸ਼ਿਕਾਇਤ ਦਿੱਤੀ ਹੈ। ਦੂਜੇ ਪਾਸੇ ਚੰਡੀਗੜ੍ਹ ਬਾਲ ਅਧਿਕਾਰ ਸੁਰੱਖਿਆ ਕਮਿਸਨ ਨੇ ਸੈਕਟਰ-46 ਸਥਿਤ ਸੇਂਟ ਮੈਰੀ ਸਕੂਲ ਤੋਂ ਜਵਾਬ ਮੰਗਿਆ ਹੈ। ਕਮਿਸਨ ਨੂੰ ਵੱਖ-ਵੱਖ ਅਖਬਾਰਾਂ ਰਾਹੀਂ ਜਾਣਕਾਰੀ ਮਿਲੀ ਕਿ ਸੇਂਟ ਮੈਰੀ ਸਕੂਲ 'ਚ 6ਵੀਂ ਜਮਾਤ ਦੀ ਗਣਿਤ ਦੀ ਆਨਲਾਈਨ ਕਲਾਸ ਦੌਰਾਨ ਅਸਲੀਲ ਵੀਡੀਓ ਚੱਲ ਪਈ। ਕਮਿਸਨ ਨੂੰ 8 ਜਨਵਰੀ ਨੂੰ ਫੋਨ ਕਾਲ ਰਾਹੀਂ ਮਾਮਲੇ ਸੰਬੰਧੀ ਜਾਣਕਾਰੀ ਪ੍ਰਾਪਤ ਹੋਈ ਸੀ। ਇਸ ਤੋਂ ਬਾਅਦ ਘਟਨਾ ਦੀ ਗੰਭੀਰਤਾ ਨੂੰ ਦੇਖਦਿਆਂ ਸਕੂਲ ਨੂੰ ਨੋਟਿਸ ਜਾਰੀ ਕੀਤਾ ਗਿਆ। ਕਮਿਸਨ ਨੇ ਸਟੇਟਸ ਰਿਪੋਰਟ ਦੋ ਦਿਨਾਂ ਦੇ ਅੰਦਰ ਮੰਗੀ ਹੈ ਤਾਂ ਜੋ ਗਲਤ ਕੰਮ ਕਰਨ ਵਾਲਿਆਂ ਖ਼ਿਲਾਫ ਕਾਰਵਾਈ ਕੀਤੀ ਜਾ ਸਕੇ। ਇਸ ਤੋਂ ਇਲਾਵਾ ਚੰਡੀਗੜ੍ਹ ਦੀ ਸਾਈਬਰ ਪੁਲਸ ਨੂੰ ਬੇਨਤੀ ਕੀਤੀ ਹੈ ਕਿ ਉਹ ਮਾਮਲੇ ਦੀ ਜਾਂਚ ਕਰਕੇ ਰਿਪੋਰਟ ਪੇਸ਼ ਕਰੇ। ਉੱਧਰ, ਸਕੂਲ ਦੀ ਕਾਰਜਕਾਰੀ ਪ੍ਰਿੰਸੀਪਲ ਨੇ ਕਿਹਾ ਕਿ ਮਾਮਲੇ ਸਬੰਧੀ ਸਾਈਬਰ ਸੈੱਲ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ। ਮਹਿਲਾ ਅਧਿਆਪਕਾ ਵੱਲੋਂ ਆਨਲਾਈਨ ਕਲਾਸ ਦੌਰਾਨ ਜਿਸ ਲਿੰਕ ਨਾਲ ਅਸਲੀਲ ਵੀਡੀਓ ਜਾਰੀ ਕੀਤਾ ਸੀ, ਉਸ ਨੂੰ ਡਿਲੀਟ ਕਰਵਾ ਦਿੱਤਾ ਗਿਆ ਸੀ। ਲਿੰਕ ਨਾਲ ਛੇੜਛਾੜ ਕਰਨ ਵਾਲਾ ਬੱਚਾ ਸਕੂਲ ਤੋਂ ਹੈ ਜਾਂ ਬਾਹਰੋਂ ਇਸ ਬਾਰੇ ਫ਼ਿਲਹਾਲ ਕੋਈ ਜਾਣਕਾਰੀ ਨਹੀਂ ਹੈ।

## ਵਿਆਹ ਦੇ 11 ਦਿਨਾਂ ਬਾਅਦ ਲਾੜੀ ਨੇ ਚਾੜ੍ਹ 'ਤਾ ਚੰਨ੍ਹ, ਚੱਕਰਾਂ 'ਚ ਪਿਆ ਪਤੀ

ਜਲੰਧਰ/ਕਪੂਰਥਲਾ 13 ਜੁਲਾਈ। ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਨੇ ਐੱਨ. ਆਰ. ਆਈ. ਦੀ ਲਾੜੀ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਲਾੜੀ ਵਿਆਹ ਦੇ 11 ਦਿਨ ਬਾਅਦ ਹੀ ਗਹਿਣੇ ਲੈ ਕੇ ਫਰਾਰ ਹੋ ਗਈ ਸੀ। ਐੱਨ. ਆਰ. ਆਈ. ਨਾਲ ਵਿਆਹ ਕਰਨ ਵਾਲੀ ਨਵਨੀਤ ਕੌਰ ਵਾਸੀ ਮੀਰਪੁਰ (ਕਪੂਰਥਲਾ) 'ਤੇ ਦੋਸ਼ ਹੈ ਕਿ ਉਹ ਐੱਨ. ਆਰ. ਆਈ. ਪਤੀ ਦੇ ਘਰ ਵਿਚੋਂ 20 ਹਜਾਰ ਦੀ ਨਕਦੀ, 2 ਹਜਾਰ ਰੁਪਏ ਯੂਰੋ, ਇਕ ਸੋਨੇ ਦੀ ਅੰਗੂਠੀ, ਇਕ ਸੋਨੇ ਦੀ ਚੈਨ, 5 ਤੋਲੇ ਸੋਨੇ ਦਾ ਸੈੱਟ, 2 ਡਾਇਮੰਡ ਰਿੰਗ ਅਤੇ ਮੋਬਾਇਲ ਫੋਨ ਚੋਰੀ ਕਰਕੇ ਲੈ ਗਈ ਸੀ। ਪੁਲਸ ਨੇ ਨਵਨੀਤ ਕੌਰ ਕੋਲੋਂ 2 ਰਿੰਗ, ਇਕ ਮੋਬਾਇਲ ਫੋਨ ਅਤੇ 20 ਹਜਾਰ ਰੁਪਏ ਬਰਾਮਦ ਕੀਤੇ ਹਨ। ਪੁਲਸ ਲਾੜੀ ਦੇ ਕਥਿਤ ਬੁਆਏਫਰੈਂਡ ਨਵਦੀਪ ਸਿੰਘ ਵਾਸੀ ਪਿੰਡ ਸ਼ੰਕਰ ਦੀ ਤਲਾਸ਼ ਵਿਚ ਰੇਡ ਕਰ ਰਹੀ ਹੈ। ਗ੍ਰਿਫਤਾਰ ਕੀਤੀ ਗਈ ਲਾੜੀ ਨੇ ਦਾਅਵਾ ਕੀਤਾ ਹੈ ਕਿ ਬਾਕੀ ਦੇ ਗਹਿਣੇ ਉਸ ਦੇ ਜਾਣਕਾਰ ਨਵਦੀਪ ਸਿੰਘ ਨਵੀ ਦੇ ਕੋਲ ਹਨ। ਪੁਲਸ ਲਾੜੀ ਨੂੰ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕਰੇਗੀ। ਲਾੜੀ ਦੀ ਗ੍ਰਿਫਤਾਰੀ ਦੀ ਪੁਸ਼ਟੀ ਕਰਦੇ ਹੋਏ ਐੱਸ. ਐੱਚ. ਓ. ਹਰਵਿੰਦਰ ਸਿੰਘ ਦਾ ਕਹਿਣਾ ਹੈ



ਕਿ ਫਰਾਰ ਨਵਦੀਪ ਸਿੰਘ ਨੂੰ ਜਲਦੀ ਹੀ ਫੜ ਲਿਆ ਜਾਵੇਗਾ। ਦੋਵਾਂ ਖ਼ਿਲਾਫ ਬੀ. ਐੱਨ. ਐੱਸ. ਦੀ ਧਾਰਾ 331 (1), 305 (ਏ) ਅਤੇ 3 (50) ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੇ ਗਏ ਬਿਆਨ ਵਿਚ 37 ਸਾਲ ਦੇ ਅੰਮ੍ਰਿਤਪਾਲ ਸਿੰਘ ਵਾਸੀ ਕਟਹਿਰਾ ਮੁਹੱਲਾ ਨੇ ਕਿਹਾ ਸੀ ਕਿ ਉਹ ਜਰਮਨ ਦਾ ਨਾਗਰਿਕ ਹੈ। ਵਿਆਹ ਲਈ ਭਾਰਤ ਆਇਆ ਸੀ। ਉਸ ਨੇ 20 ਦਸੰਬਰ ਨੂੰ ਸੁਲਤਾਨਪੁਰ ਲੋਧੀ ਦੇ ਮੀਰਪੁਰ ਦੀ ਰਹਿਣ ਵਾਲੀ ਨਵਦੀਪ ਕੌਰ ਨਾਲ ਵਿਆਹ ਕਰ ਲਿਆ ਸੀ। ਐੱਨ. ਆਰ. ਆਈ. ਦਾ ਦੋਸ਼ ਹੈ ਕਿ 31 ਦਸੰਬਰ ਨੂੰ ਉਸ ਦੀ ਪਤਨੀ ਇਕ ਸਾਜਿਸ਼ ਤਹਿਤ ਘਰ ਵਿਚੋਂ ਚੋਰੀ ਕਰਕੇ ਭੱਜ ਗਈ। ਉਸ ਨੂੰ ਪਤਾ ਲੱਗਾ ਕਿ ਇਸ ਸਾਜਿਸ਼ ਵਿਚ ਨਵਦੀਪ ਸਿੰਘ ਵੀ ਸ਼ਾਮਲ ਹੈ। ਘਰੋਂ ਉਕਤ ਗਹਿਣੇ ਅਤੇ ਕੈਸ਼ ਲੈ ਗਈ ਸੀ। ਪੁਲਸ ਨੇ ਦੋਸ਼ੀ ਲਾੜੀ ਦੇ ਖ਼ਿਲਾਫ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

## ਪਾਰਟੀ ਕਰਕੇ ਪਰਤ ਰਹੇ ਤਿੰਨ ਜਿਗਰੀ ਦੋਸਤਾਂ ਦੀ ਮੌਤ

ਭਾਦਸੋਂ/ਨਾਭਾ 13 ਜੁਲਾਈ। ਥਾਣਾ ਭਾਦਸੋਂ ਅਧੀਨ ਆਉਂਦੇ ਪਿੰਡ ਦਿੱਤੂਪੁਰ ਜੱਟਾਂ ਵਿਖੇ 3 ਨੌਜਵਾਨਾਂ ਦੀ ਪਿੰਡ ਦੇ ਟੋਭੇ ਵਿਚ ਡੁੱਬਣ ਕਾਰਨ ਮੌਤ ਹੋਣ ਦੀ ਦੁਖਦ ਘਟਨਾ ਵਾਪਰੀ ਹੈ। ਮਿਲੀ ਜਾਣਕਾਰੀ ਮੁਤਾਬਕ ਪਿੰਡ ਦਿੱਤੂਪੁਰ ਜੱਟਾਂ ਵਿਖੇ ਦੇਰ ਰਾਤ 9 ਵਜੇ ਦੇ ਕਰੀਬ ਤਿੰਨ ਨੌਜਵਾਨਾਂ ਦੀ ਪਿੰਡ ਦੇ ਟੋਭੇ ਵਿਚ ਡੁੱਬ ਕੇ ਮੌਤ ਹੋ ਗਈ ਜਦਕਿ ਇਨ੍ਹਾਂ ਦਾ ਇਕ ਸਾਥੀ ਬਚ ਗਿਆ। ਪ੍ਰਾਪਤ ਜਾਣਕਾਰੀ ਮੁਤਾਬਕ ਇੰਦਰਜੋਤ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਉਮਰ ਕਰੀਬ 22 ਸਾਲ, ਹਰਦੀਪ ਸਿੰਘ ਪੁੱਤਰ ਅਮਰਜੀਤ ਸਿੰਘ ਉਮਰ ਕਰੀਬ 25 ਸਾਲ ਅਤੇ ਕਮਲਪ੍ਰੀਤ ਸਿੰਘ ਉਮਰ ਕਰੀਬ 20 ਸਾਲ ਅਤੇ ਇਨ੍ਹਾਂ ਦਾ ਇਕ ਹੋਰ ਸਾਥੀ ਦੇਰ ਰਾਤ ਪਿੰਡ ਦਿੱਤੂਪਰ ਜੱਟਾਂ ਵਿਖੇ ਕਾਰ ਵਿਚ ਜਾ ਰਹੇ ਸਨ। ਇਸ ਦੌਰਾਨ ਅਚਾਨਕ ਕਾਰ ਦਾ ਸੰਤੁਲਨ ਵਿਗੜ ਗਿਆ ਅਤੇ ਕਾਰ ਗੁਰਦੁਆਰਾ ਸਾਹਿਬ ਨਜਦੀਕ ਟੋਭੇ ਵਿਚ ਡਿੱਗ ਗਈ। ਇਸ ਦੌਰਾਨ ਇੰਦਰਜੋਤ ਸਿੰਘ, ਹਰਦੀਪ ਸਿੰਘ ਅਤੇ ਕਮਲਪ੍ਰੀਤ ਸਿੰਘ ਦੀ ਡੁੱਬਣ ਕਾਰਨ ਮੌਤ ਹੋ ਗਈ ਜਦਕਿ ਇਨ੍ਹਾਂ ਦਾ ਇਕ ਸਾਥੀ ਦਲਵੀਰ ਸਿੰਘ ਦਾ ਬਚਾਅ ਹੋ ਗਿਆ। ਜ਼ਿਕਰਯੋਗ ਹੈ ਕਿ ਇਨ੍ਹਾਂ ਵਿਚੋਂ ਹਰਦੀਪ ਸਿੰਘ ਪੁੱਤਰ ਅਮਰਜੀਤ ਸਿੰਘ ਨੇਵੀ ਵਿਚ ਨੌਕਰੀ ਕਰਦਾ ਸੀ ਅਤੇ ਹੁਣ ਛੁੱਟੀ 'ਤੇ ਆਇਆ ਸੀ।

## ਡੇਟਿੰਗ ਐਪ 'ਤੇ 700 ਤੋਂ ਜ਼ਿਆਦਾ ਔਰਤਾਂ ਨੂੰ ਠੱਗਿਆ, ਮੁਲਜਮ ਗ੍ਰਿਫਤਾਰ

ਨਵੀਂ ਦਿੱਲੀ 13 ਜੁਲਾਈ। ਵਿਦੇਸ਼ੀ ਮਾਡਲਾਂ ਦੀਆਂ ਤਸਵੀਰਾਂ ਦੀ ਵਰਤੋਂ ਕਰ ਕੇ ਵੱਖ-ਵੱਖ ਡੇਟਿੰਗ ਐਪਸ ਰਾਹੀਂ 700 ਤੋਂ ਵੱਧ ਔਰਤਾਂ ਨਾਲ ਠੱਗੀ ਮਾਰਨ ਵਾਲੇ ਮੁਲਜਮ 23 ਸਾਲਾ ਨੌਜਵਾਨ ਨੂੰ ਦਿੱਲੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਮੁਲਜਮ ਨੇ ਖੁਦ ਨੂੰ ਅਮਰੀਕਾ ਵਿਚ ਰਹਿਣ ਵਾਲਾ ਇਕ ਮਾਡਲ ਦੱਸ ਕੇ ਡੇਟਿੰਗ ਐਪ 'ਤੇ ਔਰਤਾਂ ਨਾਲ ਦੋਸਤੀ ਕੀਤੀ ਅਤੇ ਬਾਅਦ ਵਿਚ ਉਨ੍ਹਾਂ ਦਾ ਭਰੋਸਾ ਜਿੱਤ ਕੇ ਉਨ੍ਹਾਂ ਦੀਆਂ ਨਿੱਜੀ ਤਸਵੀਰਾਂ ਅਤੇ ਵੀਡੀਓਜ ਹਾਸਲ ਕਰ ਲਏ। ਇਸ ਤੋਂ ਬਾਅਦ ਮੁਲਜਮ ਨੇ ਤਸਵੀਰਾਂ ਅਤੇ ਵੀਡੀਓ ਸੋਸਲ ਮੀਡੀਆ 'ਤੇ ਸੇਅਰ ਕਰਨ ਦਾ ਡਰਾਵਾ ਦੇ ਕੇ ਕਈ ਔਰਤਾਂ ਤੋਂ ਮੋਟੀ ਰਕਮ ਵਸੂਲ ਕੀਤੀ। ਦਿੱਲੀ ਪੁਲਸ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪੱਛਮੀ ਜ਼ਿਲੇ ਦੇ ਸਾਈਬਰ ਥਾਣੇ ਨੇ ਤੁਸਾਰ ਬਿਸਟ ਨੂੰ ਔਰਤਾਂ ਨੂੰ 'ਬੰਬਲ' ਅਤੇ



'ਸਨੈਪਚੈਟ' ਵਰਗੇ ਆਨਲਾਈਨ ਪਲੇਟਫਾਰਮਾਂ ਦੀ ਦੁਰਵਰਤੋਂ ਕਰ ਕੇ ਫਸਾਉਣ, ਨਿੱਜੀ ਤਸਵੀਰਾਂ ਅਤੇ ਵੀਡੀਓ ਦੀ ਵਰਤੋਂ ਕਰ ਕੇ ਉਨ੍ਹਾਂ ਨੂੰ ਬਲੈਕਮੇਲ ਕਰ ਕੇ ਪੈਸੇ ਠੱਗਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ। ਬਿਸਟ ਨੇ ਵੱਖ-ਵੱਖ ਆਨਲਾਈਨ ਡੇਟਿੰਗ ਪਲੇਟਫਾਰਮਾਂ 'ਤੇ 18 ਤੋਂ 30 ਸਾਲ ਦੀ ਉਮਰ ਦੀਆਂ ਔਰਤਾਂ ਨਾਲ ਜੁੜਨ ਲਈ ਫਰਜੀ ਪ੍ਰੋਫਾਈਲਾਂ ਦੀ ਵਰਤੋਂ ਕੀਤੀ। ਇਹ ਮਾਮਲਾ ਪਿਛਲੇ ਸਾਲ 13 ਦਸੰਬਰ ਨੂੰ ਸਾਹਮਣੇ ਆਇਆ ਸੀ, ਜਦੋਂ ਦਿੱਲੀ ਯੂਨੀਵਰਸਿਟੀ ਦੇ ਇਕ ਵਿਦਿਆਰਥੀ ਨੇ ਸਾਈਬਰ ਪੁਲਸ ਸਟੇਸਨ ਵਿਚ ਸ਼ਿਕਾਇਤ ਦਰਜ ਕਰਵਾਈ ਸੀ।

## ਡਰਾਈਵਿੰਗ ਸਿੱਖ ਰਹੇ ਨੌਜਵਾਨ ਨੇ 5 ਨੂੰ ਕੁਚਲਿਆ; 2 ਨੂੰ ਘਸੀੜਦੀ ਲੈ ਗਈ ਕਾਰ


ਕੈਥਲ 13 ਜੁਲਾਈ। ਸ਼ਨੀਵਾਰ ਨੂੰ ਚੀਕਾ ਅਨਾਜ ਮੰਡੀ 'ਚ ਕੁਰਸੀਆਂ 'ਤੇ ਬੈਠ ਕੇ ਗੱਲ ਕਰ ਰਹੇ 5 ਨੌਜਵਾਨਾਂ ਨੂੰ ਕਾਰ ਚਲਾਉਣਾ ਸਿੱਖ ਰਹੇ ਨੌਜਵਾਨ ਨੇ ਟੱਕਰ ਮਾਰ ਦਿੱਤੀ। ਪੂਰੀ ਘਟਨਾ ਦਾ ਸੀਸੀਟੀਵੀ ਵੀਡੀਓ ਵੀ ਸਾਹਮਣੇ ਆਇਆ ਹੈ। ਕਾਰ ਦੀ ਟੱਕਰ ਤੋਂ ਬਾਅਦ 3 ਨੌਜਵਾਨ ਉੱਥੇ ਹੀ ਡਿੱਗ ਗਏ, ਜਦੋਂ ਕਿ 2 ਨੂੰ ਉਹ ਘਸੀੜਦੇ ਹੋਏ ਲੈ ਗਿਆ। ਇਹ



ਹਾਦਸਾ ਹਰਿਆਣਾ ਦੇ ਕੈਥਲ 'ਚ ਵਾਪਰਿਆ। ਹਾਲਾਂਕਿ ਇਸ ਹਾਦਸੇ 'ਚ ਸਾਰਿਆਂ ਦੀ ਜਾਨ ਵਾਲ-ਵਾਲ ਬਚ ਗਈ। ਘਟਨਾ ਤੋਂ ਬਾਅਦ ਨੇੜੇ-ਤੇੜੇ ਮੌਜੂਦ ਲੋਕਾਂ ਨੇ ਕਾਰ ਸਵਾਰ 2 ਲੋਕਾਂ ਨੂੰ ਫੜ ਲਿਆ। ਇਸ ਹਾਦਸੇ 'ਚ ਤਿੰਨ ਲੋਕਾਂ ਨੂੰ ਮਾਮੂਲੀ ਸੱਟ ਲੱਗੀ ਹੈ ਪਰ 2 ਨੌਜਵਾਨ ਜ਼ਿਆਦਾ ਜਖਮੀ ਹੋ ਗਏ ਹਨ, ਜਿਨ੍ਹਾਂ ਨੂੰ ਕਾਰ ਘਸੀੜਦੇ ਹੋਏ ਲੈ ਗਈ। ਜਖਮੀਆਂ ਨੂੰ ਚੀਕਾ ਦੇ ਸਰਕਾਰੀ ਹਸਪਤਾਲ 'ਚ ਲਿਜਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਨੌਜਵਾਨ ਅਨਾਜ ਮੰਡੀ 'ਚ ਕਾਰ ਚਲਾਉਣਾ ਸਿੱਖ ਰਿਹਾ ਸੀ। ਇਸ ਦੌਰਾਨ ਉੱਥੇ ਕੁਝ ਨੌਜਵਾਨ ਇਕੱਠੇ ਬੈਠ ਕੇ ਗੱਲ ਕਰ ਰਹੇ ਸਨ। ਉਸ ਸਮੇਂ ਕਾਰ ਚਲਾਉਣਾ ਸਿੱਖ ਰਹੇ ਨੌਜਵਾਨ ਨੇ ਬ੍ਰੇਕ ਦੀ ਜਗ੍ਹਾ ਐਕਸੀਲੇਟਰ 'ਤੇ ਪੈਰ ਰੱਖ ਦਿੱਤਾ, ਜਿਸ ਨਾਲ ਕਾਰ ਸਾਹਮਣੇ ਬੈਠੇ ਸਾਰੇ ਨੌਜਵਾਨਾਂ ਨੂੰ ਕੁਚਲਦੇ ਹੋਏ ਨਿਕਲ ਗਈ। ਇਹ ਪੂਰੀ ਘਟਨਾ ਦੁਕਾਨ 'ਚ ਲੱਗੇ ਕੈਮਰੇ 'ਚ ਕੈਦ ਹੋ ਗਈ।

## ਦਾਤ ਵਿਖਾ ਕੇ ਹੌਲਦਾਰ ਤੋਂ ਮੋਬਾਇਲ ਤੇ ਨਕਦੀ ਖੋਹੀ, 24 ਘੰਟਿਆਂ 'ਚ ਇਕ ਮੁਲਜਮ ਕਾਬੂ

ਜਲੰਧਰ 13 ਜੁਲਾਈ। ਦਾਤ ਵਿਖਾ ਕੇ ਆਰਮੀ ਦੇ ਹੌਲਦਾਰ ਤੋਂ ਮੋਬਾਇਲ ਅਤੇ 1500 ਰੁਪਏ ਦੀ ਨਕਦੀ ਖੋਹਣ ਵਾਲੇ ਬਿਨਾਂ ਨੰਬਰੀ ਈ-ਰਿਕਸ਼ਾ ਚਾਲਕ ਨੂੰ ਜ਼ਿਲ੍ਹਾ ਦਿਹਾਤੀ ਪੁਲਸ ਦੇ ਥਾਣਾ ਪਤਾਰਾ ਦੇ ਐੱਸ. ਐੱਚ. ਓ. ਇੰਸ. ਹਰਦੇਵਪ੍ਰੀਤ ਸਿੰਘ ਦੀ ਟੀਮ ਨੇ ਸਿਰਫ 24 ਘੰਟਿਆਂ ਵਿਚ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ, ਜਦਕਿ ਉਸ ਦੇ ਇਕ ਹੋਰ ਸਾਥੀ ਦੀ ਗ੍ਰਿਫਤਾਰੀ ਲਈ ਪਤਾਰਾ ਪੁਲਸ ਵੱਲੋਂ ਰੇਡ ਕੀਤੀ ਜਾ ਰਹੀ ਹੈ। ਉੱਪ ਪੁਲਸ ਕਪਤਾਨ ਆਦਮਪੁਰ ਕੁਲਵੰਤ ਸਿੰਘ ਪੀ. ਪੀ. ਐੱਸ. ਨੇ ਦੱਸਿਆ ਕਿ ਮੁਲਜਮ ਦੀ ਪਛਾਣ ਮੋਨੂੰ ਪੁੱਤਰ ਪ੍ਰਮੋਦ ਪਾਸਵਾਨ ਵਾਸੀ ਦਾਤਾਰ ਨਗਰ ਰਾਮਾ ਮੰਡੀ ਜਲੰਧਰ ਵਜੋਂ ਹੋਈ ਹੈ। ਉਸਦੇ ਕਬਜੇ ਵਿਚੋਂ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤਿਆ ਗਿਆ ਬਿਨਾਂ ਨੰਬਰੀ ਈ-ਰਿਕਸ਼ਾ ਵੀ ਬਰਾਮਦ ਕਰ ਲਿਆ ਹੈ। ਮੋਨੂੰ ਅਤੇ ਉਸ ਦੇ ਸਾਥੀ ਖ਼ਿਲਾਫ ਥਾਣਾ ਪਤਾਰਾ ਵਿਚ ਅੰਡਰ ਸੈਕਸ਼ਨ 304 (2), 3 (5) ਬੀ. ਐੱਨ. ਐੱਸ. ਤਹਿਤ ਆਰਮੀ ਵਿਚ ਹਵਲਦਾਰ ਵਜੋਂ ਤਾਇਨਾਤ ਵਿਜੇ ਬਲਜੀਤ ਪੁੱਤਰ ਦੁਲੀ ਚੰਦ ਵਾਸੀ ਪਿੰਡ ਕੀਰਤਪੁਰ ਥਾਣਾ ਚੌਬੇਪੁਰ ਜ਼ਿਲ੍ਹਾ ਕਾਹਨਪੁਰ ਨਗਰ ਯੂ. ਪੀ. ਹਾਲ ਵਾਸੀ 9 ਬਟਾਲੀਅਨ ਗਾਰਡਜ ਰੈਜੀਮੈਂਟ ਆਰਮੀ ਹੈੱਡਕੁਆਰਟਰ ਫਿਰੋਜਪੁਰ ਦੇ ਬਿਆਨਾਂ 'ਤੇ ਸਾਲ 2025 ਦੀ ਪਹਿਲੀ ਐੱਫ. ਆਈ. ਆਰ. ਦਰਜ ਕੀਤੀ ਗਈ ਹੈ। ਵਿਜੇ ਬਲਜੀਤ ਨੇ ਪਤਾਰਾ ਪੁਲਸ ਨੂੰ ਬਿਆਨ ਦਿੱਤੇ ਸਨ ਕਿ 2 ਜਨਵਰੀ ਨੂੰ ਉਹ ਆਰਜੀ ਡਿਊਟੀ ਸਬੰਧੀ ਆਰਮੀ ਹੈੱਡਕੁਆਰਟਰ ਫਿਰੋਜਪੁਰ ਤੋਂ ਟ੍ਰੇਨ ਵਿਚ ਆਰਮੀ ਹੈੱਡਕੁਆਰਟਰ ਜਲੰਧਰ ਕੈਂਟ ਆਇਆ ਸੀ। ਉਸਨੇ



ਰੇਲਵੇ ਸਟੇਸ਼ਨ ਤੋਂ ਈ-ਰਿਕਸ਼ਾ ਕੀਤਾ ਅਤੇ ਉਸ ਵਿਚ ਆਰਮੀ ਕੈਂਪ ਜਲੰਧਰ ਕੈਂਟ ਵੱਲ ਆ ਰਿਹਾ ਸੀ। ਈ-ਰਿਕਸ਼ਾ ਵਿਚ ਚਾਲਕ ਨਾਲ ਇਕ ਮੋਨਾ ਵਿਅਕਤੀ ਪਹਿਲਾਂ ਹੀ ਬੈਠਾ ਹੋਇਆ ਸੀ। ਰਾਤ ਦਾ ਸਮਾਂ ਹੋਣ ਕਾਰਨ ਉਸ ਨੂੰ ਰਸਤੇ ਬਾਰੇ ਕੁਝ ਨਹੀਂ ਪਤਾ ਲੱਗਾ, ਜਿਸ ਦਾ ਫਾਇਦਾ ਉਠਾਉਂਦਿਆ ਈ-ਰਿਕਸ਼ਾ ਚਾਲਕ ਉਸ ਨੂੰ ਜਲੰਧਰ ਕੈਂਟ ਲਿਜਾਣ ਦੀ ਬਜਾਏ ਥਾਣਾ ਪਤਾਰਾ ਅਧੀਨ ਪੈਂਦੇ ਪਿੰਡ ਭੋਜੋਵਾਲ ਦੀਆਂ ਝਾੜੀਆਂ ਵਿਚ ਲੈ ਆਇਆ। ਉਸ ਸਮੇਂ ਰਾਤ ਦੇ ਲੱਗਭਗ ਪੌਣੇ 10 ਵੱਜੇ ਸਨ। ਇਸ ਦੌਰਾਨ ਈ-ਰਿਕਸ਼ਾ ਵਿਚ ਪਹਿਲਾਂ ਤੋਂ ਹੀ ਬੈਠੇ ਹੋਏ ਵਿਅਕਤੀ ਅਤੇ ਈ-ਰਿਕਸ਼ਾ ਚਾਲਕ ਨੇ ਮਿਲ ਕੇ ਉਸ ਨੂੰ ਈ-ਰਿਕਸ਼ਾ ਤੋਂ ਹੇਠਾਂ ਉਤਾਰ ਲਿਆ ਅਤੇ ਦਾਤ ਦਿਖਾ ਕੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਉਸ ਨਾਲ ਕੁੱਟਮਾਰ ਕੀਤੀ।

### ਕੇਂਦਰੀ ਜੇਲ੍ਹ ਅੰਦਰੋਂ ਫਿਰ ਬਰਾਮਦ ਹੋਏ 6 ਪੁੜੀਆਂ ਤੰਬਾਕੂ

ਤਰਨਤਾਰਨ 13 ਜੁਲਾਈ। ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਅੰਦਰੋਂ ਜੇਲ ਪ੍ਰਸ਼ਾਸਨ ਨੇ 15 ਬੀੜੀਆਂ ਦੇ ਬੰਡਲ, 6 ਪੁੜੀਆਂ ਤੰਬਾਕੂ, 5 ਹੀਟਰ ਸਪਰਿੰਗ ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਜਿਸ ਦੇ ਚੱਲਦਿਆਂ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਇਕ ਹਵਾਲਾਤੀ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜੇਲ੍ਹ ਦੇ ਸਹਾਇਕ ਸੁਪਰਡੈਂਟ ਰਘਵੀਰ ਚੰਦ ਵੱਲੋਂ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ ਜੇਲ ਦੀ ਵਾਰਡ ਨੰਬਰ-12 ਦਾ ਜ਼ਿੰਦਰਾ ਖੋਲ ਕੇ ਅਚਾਨਕ ਚੈੱਕ ਕੀਤਾ ਗਿਆ ਤਾਂ ਉਸ 'ਚੋਂ ਤਿੰਨ ਲਾਵਾਰਿਸ ਫੈਂਕੇ ਬਰਾਮਦ ਕੀਤੇ ਗਏ, ਜਿਨ੍ਹਾਂ ਦੀ ਤਲਾਸ਼ੀ ਲੈਣ ਦੌਰਾਨ ਉਸ 'ਚੋਂ 15 ਬੀੜੀਆਂ ਦੇ ਬੰਡਲ, 6 ਪੁੜੀਆਂ ਤੰਬਾਕੂ, 5 ਹੀਟਰ ਸਪਰਿੰਗ, 2 ਵੱਖ-ਵੱਖ ਮੋਬਾਈਲ ਫੋਨ ਬਰਾਮਦ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਇਸ ਮਾਮਲੇ 'ਚ ਜੇਲ ਦੇ ਸਹਾਇਕ ਸੁਪਰਡੈਂਟ ਰਘਬੀਰ ਚੰਦ ਦੇ ਬਿਆਨਾਂ ਹੇਠ ਅਜੇ ਕੁਮਾਰ ਉਰਫ ਅਜੇ ਪੁੱਤਰ ਬਿਹਾਰੀ ਲਾਲ ਵਾਸੀ ਜਲੰਧਰ ਦੇ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਲੁਧਿਆਣਾ 'ਚ ਸ਼ਰੇਆਮ ਹੋਏ ਨੌਜਵਾਨ ਦੇ ਕਤਲ ਮਾਮਲੇ 'ਚ ਸਨਸਨੀਖੇਜ਼ ਖ਼ੁਲਾਸਾ

**ਕੌਮੀ ਪਤ੍ਰਿਕਾ**

ਲੁਧਿਆਣਾ 13 ਜੁਲਾਈ। ਥਾਣਾ ਡਵੀਜ਼ਨ ਨੰ. 6 ਦੀ ਪੁਲਸ ਨੇ ਗਿਆਸਪੁਰਾ ਦੇ ਹਰਗੋਬਿੰਦਪੁਰਾ 'ਚ ਦਿਨ-ਦਿਹਾੜੇ ਤੇਜ਼ਧਾਰ ਹਥਿਆਰਾਂ ਨਾਲ ਕਿਸ਼ਨ ਥਾਪਾ ਦਾ ਕਤਲ ਕਰਨ ਦੇ ਦੋਸ਼ 'ਚ 2 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਲਲਿਤ ਸ਼ਰਮਾ ਅਤੇ ਰਾਜੂ ਰਾਣਾ ਵਜੋਂ ਕੀਤੀ ਹੈ, ਜੋ ਕਿ ਸਤਿਗੁਰੂ ਨਗਰ ਦੇ ਰਹਿਣ ਵਾਲੇ ਹਨ। ਜਦੋਂਕਿ ਫਰਾਰ ਮੁਲਜ਼ਮਾਂ ਦੀ ਪਛਾਣ ਖਾਨ ਉਰਫ ਮੁਹੰਮਦ ਜਾਵੇਦ ਖਾਨ, ਸ਼ਿਵਮ ਰਾਜਪੂਤ ਅਤੇ 10-15 ਅਣਪਛਾਤੇ ਵਿਅਕਤੀਆਂ ਵਜੋਂ ਹੋਈ ਹੈ। ਪੁਲਸ ਨੇ ਮੁਲਜ਼ਮਾਂ ਤੋਂ ਅਪਰਾਧ ਦੌਰਾਨ ਵਰਤਿਆ ਗਿਆ ਮੋਟਰਸਾਈਕਲ, 2 ਲੋਹੇ ਦੀਆਂ ਰਾਡਾਂ, ਇਕ ਵੈਲਡ ਕੀਤੀ ਸਾਈਕਲ ਦੀ ਗਰਾਰੀ ਵਾਲਾ ਦਾਤਰ, ਇਕ ਟੁੱਟੀ ਹੋਈ ਗਰਾਰੀ ਅਤੇ ਹੋਰ ਸਾਮਾਨ ਬਰਾਮਦ ਕੀਤਾ ਹੈ। ਪੁਲਸ ਨੇ ਮ੍ਰਿਤਕ ਕਿਸ਼ਨ ਥਾਪਾ ਦੀ ਭੈਣ ਸੀਤਾ ਦੇਵੀ ਦੇ ਬਿਆਨ 'ਤੇ ਮੁਲਜ਼ਮਾਂ ਵਿਰੁੱਧ ਕੇਸ ਦਰਜ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕੀਤਾ ਅਤੇ ਉਨ੍ਹਾਂ ਨੂੰ 3 ਦਿਨਾਂ ਦੇ ਰਿਮਾਂਡ 'ਤੇ ਲੈ ਲਿਆ। ਮ੍ਰਿਤਕ ਨੌਜਵਾਨ ਦੀ ਭੈਣ ਸੀਤਾ ਦੇਵੀ ਨੇ ਕਿਹਾ ਕਿ ਉਸ ਦਾ ਭਰਾ ਮੁਲਜ਼ਮਾਂ ਨੂੰ ਬਚਪਨ ਤੋਂ ਹੀ ਜਾਣਦਾ ਸੀ। ਮੁਲਜ਼ਮ ਅਪਰਾਧੀ ਹਨ। ਉਸ ਦੇ ਭਰਾ ਨੇ ਉਸ ਨੂੰ ਕਈ ਵਾਰ ਦੱਸਿਆ ਸੀ ਕਿ ਦੋਸ਼ੀ ਨੂੰ ਉਸ ਨਾਲ ਨਫਰਤ ਕਰਦੇ ਹਨ, ਕਿਉਂਕਿ ਲਲਿਤ ਕੁਮਾਰ ਅਤੇ ਖਾਨ ਉਰਫ ਮੁਹੰਮਦ ਜਾਵੇਦ ਖਾਨ ਪਹਿਲਾਂ ਚੋਰੀ ਅਤੇ ਡਕੈਤੀ ਕਰਦੇ ਸਨ। ਕਿਸ਼ਨ ਨੂੰ ਇਸ ਬਾਰੇ ਪਤਾ ਸੀ। ਇਸੇ ਕਰ ਕੇ ਕਿਸ਼ਨ ਉਨ੍ਹਾਂ ਦਾ ਸਾਥ ਛੱਡ ਦਿੱਤਾ ਸੀ। ਦੋਸ਼ੀਆਂ ਨੂੰ ਸ਼ੱਕ ਸੀ ਕਿ ਕਿਸ਼ਨ ਨੇ ਲੋਕਾਂ ਨੂੰ ਉਨ੍ਹਾਂ ਦੇ ਅਪਰਾਧਾਂ ਬਾਰੇ ਦੱਸਿਆ ਸੀ। ਕਿਸ਼ਨ ਨੇ ਕਿਹਾ ਕਿ ਉਸ ਨੇ ਇਹ ਗੱਲ ਕਿਸੇ ਨੂੰ ਨਹੀਂ ਦੱਸੀ ਸੀ। ਦੋਸ਼ੀ ਨੂੰ ਇਸ ਮਾਮਲੇ ਬਾਰੇ ਉਸ ਨਾਲ ਨਫ਼ਰਤ ਸੀ। ਉਹ ਉਸ ਨੂੰ ਰਸਤੇ 'ਚ ਕਈ ਵਾਰ ਰੋਕਦੇ ਸਨ ਅਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਸਨ। ਇਸ ਮਾਮਲੇ ਨੂੰ ਲੈ ਕੇ ਦੋਸ਼ੀਆਂ ਨੇ ਉਸ ਦੇ ਭਰਾ ਦਾ ਕਤਲ ਕਰ ਦਿੱਤਾ। ਪੁਲਸ ਨੂੰ ਦਿੱਤੇ ਆਪਣੇ ਬਿਆਨ 'ਚ ਸੀਤਾ ਦੇਵੀ ਨੇ ਕਿਹਾ ਕਿ ਦੀਪਕ ਨਾਂ ਦੇ ਇਕ ਲੜਕੇ ਨੇ ਉਸ ਨੂੰ ਦੱਸਿਆ ਕਿ ਉਹ ਹਰਗੋਵਿੰਦ ਨਗਰ ਤੋਂ ਜਾ ਰਿਹਾ ਸੀ ਤਾਂ ਉਸ ਨੇ



ਮੋਟਰਸਾਈਕਲਾਂ 'ਤੇ ਸਵਾਰ ਕੁਝ ਹਥਿਆਰਬੰਦ ਮੁੰਡਿਆਂ ਨੂੰ ਦੇਖਿਆ, ਜਿਨ੍ਹਾਂ ਨੇ ਲੋਹੇ ਦੇ ਦਾਤਰ, ਰਾਡ ਨਾਲ ਵੈਲਡ ਕੀਤੀ ਸਾਈਕਲ ਦੀ ਗਰਾਰੀ ਅਤੇ ਲੋਹੇ ਦੀਆਂ ਰਾਡਾਂ ਫੜੀਆਂ ਹੋਈਆਂ ਸਨ, ਜੋ ਸਾਈਕਲ ਦੀਆਂ ਚੇਨਾਂ ਨਾਲ ਜੁੜੀਆਂ ਹੋਈਆਂ ਸਨ। ਉਹ ਕਿਸ਼ਨ ਨੂੰ ਮਾਰਨ ਦੇ ਇਰਾਦੇ ਨਾਲ ਕੁੱਟ ਰਹੇ ਸਨ। ਕਿਸ਼ਨ ਮੌਕੇ 'ਤੇ ਇਕੱਲਾ ਸੀ। ਜਿਉਂ ਹੀ ਉਸ ਨੂੰ ਇਸ ਬਾਰੇ ਪਤਾ ਲੱਗਾ, ਉਹ ਮੌਕੇ 'ਤੇ ਪਹੁੰਚੀ ਅਤੇ ਦੇਖਿਆ ਕਿ ਉਸ ਦਾ ਭਰਾ ਕਿਸ਼ਨ ਬੇਹੋਸ਼ ਅਤੇ ਖੂਨ ਨਾਲ ਲਥਪਥ ਪਿਆ ਸੀ। ਜਦੋਂ ਉਸ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਸ ਦੇ ਦੂਜੇ ਦੋਸਤ ਸਮੀਰ ਨੇ ਦੱਸਿਆ ਕਿ ਉਹ ਅਤੇ ਕਿਸ਼ਨ ਦੋਵੇਂ ਬਾਹਰ ਗਲੀ 'ਚ ਖੜ੍ਹੇ ਸਨ। ਉਕਤ ਦੋਸ਼ੀ ਖਾਨ, ਰਾਜੂ, ਲਲਿਤ ਅਤੇ ਸ਼ਿਵਮ ਆਪਣੇ 10-15 ਸਾਥੀਆਂ ਨਾਲ ਮੋਟਰਸਾਈਕਲਾਂ 'ਤੇ ਆਏ ਜੋ ਵੱਖ-ਵੱਖ ਹਥਿਆਰਾਂ ਨਾਲ ਲੈਸ ਸਨ, ਜਿਉਂ ਹੀ ਉਹ ਪਹੁੰਚੇ, ਉਨ੍ਹਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਅੱਜ ਕਿਸ਼ਨ ਨੂੰ ਮਾਰਨਾ ਹੈ। ਲਲਿਤ ਕੁਮਾਰ ਹੱਥ 'ਚ ਡੰਡਾ ਲਹਿਰਾਉਂਦਾ ਆਇਆ ਅਤੇ ਕਿਸ਼ਨ ਨੂੰ ਫੜ ਲਿਆ ਅਤੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਖਾਨ ਨੇ ਉਸ ਨੂੰ ਡਰਾਉਣ ਲਈ ਉਸ ਨੂੰ ਵੀ ਕੁੱਟਣਾ ਸ਼ੁਰੂ ਕਰ ਦਿੱਤਾ ਅਤੇ ਉਸ ਨੂੰ ਮੌਕੇ ਤੋਂ ਭਜਾ ਦਿੱਤਾ। ਉਹ ਲੁਕ ਕੇ ਕਾਤਲਾਂ ਦੀ ਹਰਕਤ ਦੇਖਦਾ ਰਿਹਾ। ਲਲਿਤ ਸ਼ਰਮਾ ਨੇ ਕਿਸ਼ਨ ਥਾਪਾ ਨੂੰ ਮਾਰਨ ਦੇ ਇਰਾਦੇ ਨਾਲ ਉਸ ਦੇ ਸਿਰ 'ਤੇ ਡੰਡੇ ਨਾਲ ਹਮਲਾ ਕੀਤਾ ਅਤੇ ਦੋਸ਼ੀ ਖਾਨ ਨੇ ਵੀ ਛੈਣੀ ਨਾਲ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਕਿਸ਼ਨ ਖੂਨ ਨਾਲ ਲਥਪਥ ਜ਼ਮੀਨ 'ਤੇ ਡਿੱਗ ਪਿਆ। ਸ਼ਿਵਮ ਰਾਜਪੂਤ ਡਿੱਗਣ ਤੋਂ ਬਾਅਦ ਵੀ ਉਸ 'ਤੇ ਦਾਤਰ ਨਾਲ ਹਮਲਾ ਕਰਦਾ ਰਿਹਾ। ਇਸ ਤੋਂ ਬਾਅਦ, ਕਾਤਲਾਂ ਦੇ ਨਾਲ ਹੋਰ ਹਮਲਾਵਰ ਕਿਸ਼ਨ ਨੂੰ ਡੰਡਿਆਂ ਨਾਲ ਮਾਰਦੇ ਰਹੇ ਅਤੇ ਲੱਤਾਂ ਮਾਰਦੇ ਰਹੇ। ਫਿਰ ਮੁਲਜ਼ਮ ਸਾਰਿਆਂ ਨੂੰ ਲਾਸ਼ ਨੂੰ ਨਾ ਛੂਹਣ ਦੀ ਧਮਕੀ ਦੇ ਕੇ ਭੱਜ ਗਏ। ਇੰਸਪੈਕਟਰ ਕੁਲਵੰਤ ਕੌਰ ਨੇ ਕਿਹਾ ਕਿ ਰਿਮਾਂਡ ਦੌਰਾਨ ਮੁਲਜ਼ਮਾਂ ਤੋਂ ਹੋਰ ਮੁਲਜ਼ਮਾਂ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ। ਫਰਾਰ ਮੁਲਜ਼ਮਾਂ ਨੂੰ ਫੜਨ ਲਈ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਲਜ਼ਮਾਂ ਦੀ ਭਾਲ 'ਚ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰ ਰਹੀਆਂ ਹਨ। ਮੁਲਜ਼ਮਾਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਸੋਮਵਾਰ ਨੂੰ ਕਿਸ਼ਨ ਦੀ ਲਾਸ਼ ਦਾ ਪੋਸਟਮਾਰਟਮ ਕਰਨ ਤੋਂ ਬਾਅਦ ਲਾਸ਼ ਪਰਿਵਾਰ ਨੂੰ ਦਿੱਤੀ ਗਈ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਪੋਸਟਮਾਰਟਮ ਰਿਪੋਰਟ ਅਨੁਸਾਰ, ਕਿਸ਼ਨ ਦੇ ਸਰੀਰ 'ਤੇ ਅੱਧਾ ਦਰਜਨ ਤੋਂ ਵੱਧ ਤੇਜ਼ਧਾਰ ਹਥਿਆਰਾਂ ਦੇ ਜ਼ਖ਼ਮ ਸਨ ਅਤੇ ਕਈ ਡੂੰਘੇ ਜ਼ਖ਼ਮ ਸਨ।

## 27 ਲੱਖ ਖ਼ਰਚ ਕੇ ਕੈਨੇਡਾ ਭੇਜੀ ਕੁੜੀ ਨੇ ਵਿਖਾਏ ਤੇਵਰ

ਗੜ੍ਹਸ਼ੰਕਰ/ਮਾਹਿਲਪੁਰ 13 ਜੁਲਾਈ। ਕੁਲਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਸੈਲਾ ਕਲਾਂ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ ਮਾਹਿਲਪੁਰ ਪੁਲਸ ਨੇ ਨਵਜੋਤ ਕੌਰ ਪੁੱਤਰੀ ਬਲਵਿੰਦਰ ਸਿੰਘ, ਪ੍ਰਭਜੋਤ ਸਿੰਘ ਪੁੱਤਰ ਬਲਵਿੰਦਰ ਸਿੰਘ, ਬਲਵਿੰਦਰ ਸਿੰਘ ਪੁੱਤਰ ਗਿਆਨ ਸਿੰਘ, ਰਾਜਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਬੁਰਜ ਅਰਾਈਆਂ ਥਾਣਾ ਕਿਲਾ ਲਾਲ ਸਿੰਘ ਜ਼ਿਲ੍ਹਾ ਬਟਾਲਾ, ਲਖਵਿੰਦਰ ਸਿੰਘ ਅਤੇ ਉਸ ਦੀ ਪਤਨੀ ਬੇਵੀ ਵਾਸੀ ਜੁਹਰਾ, ਥਾਣਾ ਭੋਗਪੁਰ, ਜ਼ਿਲ੍ਹਾ ਜਲੰਧਰ ਖ਼?ਲਾਫ਼ ਧਾਰਾ 108(1), 318(4) ਬੀ. ਐੱਨ. ਐੱਸ. ਐਕਟ ਤਹਿਤ ਕੇਸ ਦਰਜ ਕੀਤਾ ਹੈ। ਕੁਲਵਿੰਦਰ ਸਿੰਘ ਨੇ ਮਾਹਿਲਪੁਰ ਪੁਲਸ ਨੂੰ ਦਿੱਤੇ ਆਪਣੇ ਬਿਆਨ ਵਿਚ ਦੱਸਿਆ ਕਿ ਉਸ ਦੇ ਪੁੱਤਰ ਕਰਨਵੀਰ ਸਿੰਘ ਨੂੰ ਕੈਨੇਡਾ ਭੇਜਣ ਲਈ ਲਖਵਿੰਦਰ ਸਿੰਘ ਅਤੇ ਉਸ ਦੀ ਪਤਨੀ ਬੇਵੀ ਰਾਹੀਂ ਆਈਲੈਟਸ ਵਿਚ ਸਾਢੇ ਛੇ ਬੈਂਡ ਵਾਲੀ ਲੜਕੀ ਨਵਜੋਤ ਕੌਰ ਨਾਲ ਗੱਲਬਾਤ ਹੋਈ ਸੀ ਅਤੇ ਮੰਗਣੀ ਦੀ ਰਸਮ 15 ਮਈ 2022 ਨੂੰ ਕੀਤੀ ਗਈ ਸੀ, ਜਿਸ ਦਾ ਖ਼ਰਚਾ ਉਸ ਨੇ ਖ਼ੁਦ 50 ਹਜ਼ਾਰ ਰੁਪਏ ਚੁੱਕਿਆ ਸੀ। ਉਸ ਨੇ ਦੱਸਿਆ ਕਿ ਉਸ ਨੇ ਨਵਜੋਤ ਕੌਰ ਨੂੰ ਕੈਨੇਡਾ ਭੇਜਣ ਲਈ ਲਗਭਗ 27 ਲੱਖ ਰੁਪਏ ਖ਼ਰਚ ਕੀਤੇ ਸਨ, ਜਿਸ ਤੋਂ ਬਾਅਦ ਉਹ ਕੈਨੇਡਾ ਚਲੀ ਗਈ ਅਤੇ ਮੇਰੇ ਸਾਲੇ ਗੁਰਮੁਖ ਸਿੰਘ ਕੋਲ ਰਹਿਣ ਲੱਗੀ। ਕੁਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਮੇਂ ਦੌਰਾਨ ਉਹ ਉਸ ਦਾ ਸਾਰਾ ਖ਼ਰਚਾ ਚੁੱਕਦਾ ਸੀ ਅਤੇ ਉਹ ਮੇਰੇ ਪੁੱਤਰ ਅਤੇ ਪਰਿਵਾਰ ਨਾਲ ਗੱਲ ਕਰਦੀ ਸੀ। ਉਸ ਨੇ ਦੱਸਿਆ ਕਿ ਇਸ ਤੋਂ ਬਾਅਦ ਉਸ ਨੇ ਫੋਨ ਕਰਨਾ ਬੰਦ ਕਰ ਦਿੱਤਾ ਅਤੇ ਲੜਕੇ ਕਰਨਵੀਰ ਸਿੰਘ ਨੂੰ ਕੈਨੇਡਾ ਬੁਲਾਉਣ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਕਰਨਵੀਰ ਸਿੰਘ ਨੇ ਮਾਨਸਿਕ ਤਣਾਅ ਕਾਰਨ 19-20 ਜੂਨ ਦੀ ਰਾਤ ਕੋਈ ਜ਼ਹਿਰੀਲੀ ਚੀਜ਼ ਖਾ ਕੇ ਖ਼ੁਦਕੁਸ਼ੀ ਕਰ ਲਈ। ਕੁਲਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਉਕਤ ਨਵਜੋਤ ਕੌਰ ਅਤੇ ਉਸ ਦੇ ਪਰਿਵਾਰ ਨੇ ਉਸ ਦੇ ਪੁੱਤਰ ਨੂੰ ਵਿਦੇਸ਼ ਬੁਲਾਉਣ ਲਈ ਜ਼ੁਬਾਨੀ ਸਮਝੌਤਾ ਕੀਤਾ ਸੀ ਪਰ ਕੈਨੇਡਾ ਜਾਣ ਤੋਂ ਬਾਅਦ ਉਸ ਨੇ ਅਤੇ ਉਸ ਦੇ ਪਰਿਵਾਰ ਨੇ ਕਰਨਵੀਰ ਸਿੰਘ ਦਾ ਕੈਨੇਡਾ ਸੱਦਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਬੇਨਤੀ ਕੀਤੀ ਕਿ ਉਸ ਦੇ ਪੁੱਤਰ ਕਰਨਵੀਰ ਸਿੰਘ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਵਾਲੇ ਸਾਰੇ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਜਿਸ ਸਬੰਧੀ ਥਾਣਾ ਮਾਹਿਲਪੁਰ ਵਿਚ ਉਕਤ ਸਾਰੇ 6 ਜਣਿਆਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ।

## ਪੰਜਾਬ ਦੇ ਪਿੰਡ 'ਚੋਂ ਬਾਹਰ ਕੱਢੇ ਜਾਣਗੇ ਪ੍ਰਵਾਸੀ ! ਇਕ ਹਫ਼ਤੇ ਦੀ ਮਿਲੀ ਡੈੱਡਲਾਈਨ

ਫ਼ਤਹਿਗੜ੍ਹ ਸਾਹਿਬ 13 ਜੁਲਾਈ। ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਖਮਾਣੋਂ ਅਧੀਨ ਆਉਂਦੇ ਪਿੰਡ ਲਖਨਪੁਰ ਗਰਚਾਂ ਪੱਤੀ ਦੀ ਪੰਚਾਇਤ ਵੱਲੋਂ ਨਾਜਾਇਜ਼ ਤੌਰ 'ਤੇ ਪਿੰਡ ਵਿਚ ਰਹਿ ਰਹੇ ਪ੍ਰਵਾਸੀ ਪਰਿਵਾਰਾਂ ਨੂੰ ਪਿੰਡ ਵਿਚੋਂ ਬਾਹਰ ਜਾਣ ਲਈ ਮਤਾ ਪਾਸ ਕੀਤਾ ਹੈ। ਪ੍ਰਵਾਸੀ ਪਰਿਵਾਰਾਂ ਨੂੰ ਪਿੰਡ ਵਿਚੋਂ ਜਾਣ ਲਈ ਇਕ ਹਫਤੇ ਦਾ ਸਮਾਂ ਦਿੱਤਾ ਗਿਆ ਹੈ। ਪੰਚਾਇਤ ਵੱਲੋਂ ਪ੍ਰਸ਼ਾਸਨ ਅੱਗੇ ਗੁਹਾਰ ਲਗਾਈ ਗਈ ਹੈ ਕਿ ਪਿੰਡ ਵਿਚ ਲੁੱਟਾਂ-ਖੋਹਾਂ, ਨਸ਼ਿਆਂ ਵਰਗੀਆਂ ਅਪਰਾਧਕ ਘਟਨਾਵਾਂ ਦਾ ਡਰ ਬਣਿਆ ਰਹਿੰਦਾ ਹੈ। ਪੰਚਾਇਤ ਵੱਲੋਂ ਦੋਸ਼ ਲਗਾਇਆ ਗਿਆ ਕਿ ਰਜਵਾਹੇ 'ਤੇ ਬੈਠੇ ਇਹ ਪ੍ਰਵਾਸੀ ਪਿੰਡ ਦੀਆਂ ਗਲੀਆਂ ਵਿਚ ਜਾ ਕੇ ਇੱਥੇ ਅਵਾਰਾ ਘੁੰਮਦੇ ਫਿਰਦੇ ਹਨ, ਉੱਥੇ ਹੀ ਸਿਗਰੇਟਾਂ-ਬੀੜੀਆਂ ਪੀਣ ਦੇ ਨਾਲ-ਨਾਲ ਸੈਰ ਕਰਨ ਆਉਣ ਵਾਲੀਆਂ ਪਿੰਡ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਨਾਜਾਇਜ਼ ਤੌਰ 'ਤੇ ਤੰਗ ਪਰੇਸ਼ਾਨ ਵੀ ਕਰਦੇ ਹਨ ਤੇ ਭੰਗ ਆਦਿ ਉੱਗੀ ਹੋਣ ਕਾਰਨ ਉਸ ਦਾ ਨਸ਼ਾ ਵੀ ਕਰਦੇ ਹਨ। ਪਿੰਡ ਨਿਵਾਸੀਆਂ ਨੇ ਕਿਹਾ ਕਿ ਪ੍ਰਵਾਸੀ ਭਾਵੇਂ ਪੰਜਾਬ ਵਿਚ ਸਮੇਂ-ਸਮੇਂ 'ਤੇ ਝੋਨੇ, ਕਣਕ ਦੀ ਲਵਾਈ ਲਈ ਕੰਮ ਕਰਨ ਲਈ ਜ਼ਰੂਰ ਆਉਂਦੇ ਰਹਿੰਦੇ ਹਨ, ਪ੍ਰੰਤੂ ਇਹ ਤਾਂ ਪੱਕੇ ਤੌਰ 'ਤੇ ਡੇਰੇ ਬਣਾ ਕੇ ਬੈਠ ਗਏ ਹਨ, ਜਿਸ ਨਾਲ ਅਮਨ ਕਾਨੂੰਨ ਦੀ ਸਥਿਤੀ 'ਤੇ ਵੀ ਸਵਾਲੀਆ ਚਿੰਨ੍ਹ ਖੜ੍ਹੇ ਹੁੰਦੇ ਹਨ। ਪਿੰਡ ਨਿਵਾਸੀਆਂ ਨੇ ਕਿਹਾ ਕਿ ਜੇਕਰ ਇਨ੍ਹਾਂ ਪਰਿਵਾਰਾਂ ਕੋਲ ਕਿਸੇ ਪ੍ਰਕਾਰ ਦੇ ਆਧਾਰ ਕਾਰਡ ਜਾਂ ਪਛਾਣ ਪੱਤਰ ਹਨ ਤਾਂ ਜਾਇਜ਼ ਜ਼ਰੂਰ ਹੈ, ਪ੍ਰੰਤੂ ਕੋਈ ਪਛਾਣ ਨਾ ਹੋਣ ਕਾਰਨ ਇਹ ਕਿਸੇ ਵੀ ਵਾਰਦਾਤ ਨੂੰ ਅੰਜਾਮ ਦੇ ਕੇ ਇਥੋਂ ਭੱਜ ਸਕਦੇ ਹਨ, ਜਿਨ੍ਹਾਂ ਦੀਆਂ ਕੋਈ ਗਤੀਵਿਧੀਆਂ ਬਾਰੇ ਪਤਾ ਨਹੀਂ ਲੱਗ ਸਕਦਾ। ਪਿੰਡ ਦੇ ਸਰਪੰਚ ਨੇ ਕਿਹਾ ਕਿ ਜੇਕਰ ਕੋਈ ਪਿੰਡ ਦਾ ਜ਼ਿਮੀਂਦਾਰ ਆਪਣੀਆਂ ਮੋਟਰਾਂ 'ਤੇ ਇਨ੍ਹਾਂ ਪ੍ਰਵਾਸੀਆਂ ਨੂੰ ਰੱਖਣਾ ਚਾਹੁੰਦਾ ਹੈ ਤਾਂ, ਉਹ ਪੱਕੇ ਤੌਰ 'ਤੇ ਉਨ੍ਹਾਂ ਦੇ ਪਛਾਣ ਪੱਤਰ ਲੈ ਕੇ ਆਪਣੀ ਜ਼ਿੰਮੇਵਾਰੀ 'ਤੇ ਰੱਖ ਸਕਦਾ ਹੈ।

## ਪੁਲਸ ਰਿਮਾਂਡ 'ਤੇ ਲਿਆਂਦਾ ਦੋਸ਼ੀ ਤਫਤੀਸ਼ੀ ਪੁਲਸ ਅਧਿਕਾਰੀ ਨੂੰ ਧੱਕਾ ਮਾਰ ਥਾਣੇ ਦੀ ਕੰਧ ਟੱਪ ਕੇ ਫਰਾਰ

ਫ਼ਰੀਦਕੋਟ 13 ਜੁਲਾਈ। ਸਥਾਨਕ ਥਾਣਾ ਸਿਟੀ-2 ਵਿਖੇ ਦੋ ਦੋਸ਼ੀਆਂ, ਜੋ ਪੁਲਸ ਰਿਮਾਂਡ 'ਤੇ ਚੱਲ ਰਹੇ ਸਨ, ਵਿਚੋਂ ਇਕ ਪੁੱਛ-ਗਿੱਛ ਕਰਦੇ ਸਮੇਂ ਤਫਤੀਸ਼ੀ ਪੁਲਸ ਅਧਿਕਾਰੀ ਨੂੰ ਧੱਕਾ ਮਾਰ, ਹੇਠਾਂ ਸੁੱਟ ਕੇ ਥਾਣੇ ਦੀ ਕੰਧ ਟੱਪ ਕੇ ਫਰਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਜਿਸ 'ਤੇ ਪੁਲਸ ਵੱਲੋਂ ਫਰਾਰ ਹੋਏ ਦੋਸ਼ੀ ਖਿਲਾਫ ਇੱਕ ਹੋਰ ਮੁਕੱਦਮਾ ਦਰਜ ਕਰ ਲਿਆ ਹੈ। ਪ੍ਰਾਪਤ ਵੇਰਵੇ ਅਨੁਸਾਰ ਲਾਗਲੇ ਪਿੰਡ ਪੁਰਾਣੀ ਪਿਪਲੀ ਨਿਵਾਸੀ ਮਾਈਕਲ ਪੁੱਤਰ ਬੂਟਾ ਸਿੰਘ ਅਤੇ ਰਵਿੰਦਰ ਸਿੰਘ ਪੁੱਤਰ ਮੇਜਰ ਸਿੰਘ ਨੂੰ ਬੀਤੀ 7 ਜੁਲਾਈ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਸੂਰਤ ਵਿੱਚ ਮੁਕੱਦਮਾ ਨੰਬਰ 298 ਦਰਜ ਕੀਤਾ ਸੀ। ਥਾਣੇ ਵਿੱਚ ਪੁੱਛ-ਗਿੱਛ ਕਰਦੇ ਸਮੇਂ ਜਦ ਦੋਸ਼ੀ ਮਾਈਕਲ ਨੇ ਪਿਸ਼ਾਬ ਜਾਣ ਲਈ ਆਖਿਆ ਤਾਂ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਉਸਨੂੰ ਵਾਸ਼ਰੂਮ ਵੱਲ ਲਿਜਾਣ ਲੱਗਾ ਤਾਂ ਦੋਸ਼ੀ ਮਾਈਕਲ ਨੇ ਸਹਾਇਕ ਥਾਣੇਦਾਰ ਨੂੰ ਧੱਕਾ ਮਾਰ ਕੇ ਹੇਠਾਂ ਸੁੱਟ ਦਿੱਤਾ ਤੇ ਆਪ ਥਾਣੇ ਦੀ ਕੰਧ ਟੱਪ ਕੇ ਫਰਾਰ ਹੋ ਗਿਆ। ਇਸ ਘਟਨਾਂ 'ਤੇ ਥਾਣਾ ਸਿਟੀ-2 ਦੇ ਹੌਲਦਾਰ ਪ੍ਰਕਾਸ਼ ਸਿੰਘ ਮੁੱਖ ਮੁਨਸ਼ੀ ਵੱਲੋਂ ਦੋਸ਼ੀ ਮਾਈਕਲ ਵਿਰੁੱਧ ਇੱਕ ਹੋਰ ਵੱਖਰਾ ਮੁਕੱਦਮਾ ਦਰਜ ਕਰ ਲਿਆ ਹੈ। ਥਾਣਾ ਸਿਟੀ-2 ਮੁਖੀ ਸੁਖਦਰਸ਼ਨ ਸ਼ਰਮਾ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਦੀ ਅਗਵਾਈ ਹੇਠਲੀ ਪੁਲਸ ਪਾਰਟੀ ਵੱਲੋਂ ਉਕਤ ਦੋਨਾਂ ਦੋਸ਼ੀਆਂ ਨੂੰ ਚੋਰੀਆਂ ਅਤੇ ਲੁੱਟਾਂ ਖੋਹਾਂ ਕਰਨ ਦੇ ਆਦੀ ਹੋਣ ਦੇ ਦੋਸ਼ ਤਹਿਤ ਪਿੰਡ ਅਰਾਈਆਂਵਾਲਾ ਦੇ ਸੇਮ ਨਾਲੇ 'ਤੇ ਬੈਠਿਆਂ ਗ੍ਰਿਫਤਾਰ ਕੀਤਾ ਸੀ ਅਤੇ ਇਨ੍ਹਾਂ ਪਾਸੋਂ ਚੋਰੀ ਕੀਤੀਆਂ ਟੁੱਟੀਆਂ ਟੂਟੀਆਂ ਅਤੇ ਤਾਂਬਾ ਵੀ ਬਰਾਮਦ ਕੀਤਾ ਸੀ। ਉਨ੍ਹਾਂ ਦੱਸਿਆ ਕਿ ਦੋਨੋਂ ਦੋਸ਼ੀ 2 ਦਿਨ ਦੇ ਪੁਲਸ ਰਿਮਾਂਡ 'ਤੇ ਸਨ। ਉਨ੍ਹਾਂ ਦੱਸਿਆ ਕਿ ਫਰਾਰ ਹੋਏ ਦੋਸ਼ੀ ਦੀ ਗ੍ਰਿਫਤਾਰੀ ਲਈ ਪੁਲਸ ਟੀਮਾਂ ਵੱਲੋਂ ਛਾਪੇਮਾਰੀ ਜਾਰੀ ਹੈ ਅਤੇ ਇਸਨੂੰ ਜਲਦ ਹੀ ਕਾਬੂ ਕਰ ਲਿਆ ਜਾਵੇਗਾ।

## ਅਕਾਲੀ ਦਲ ਨੂੰ ਝਟਕਾ, ਚੂਹੜਚੱਕ ਦਾ ਮੈਂਬਰ ਪੰਚਾਇਤ ਇੱਕ ਦਰਜਨ ਸਾਥੀਆਂ ਸਣੇ ਕਾਂਗਰਸ 'ਚ ਸ਼ਾਮਲ

**ਕੌਮੀ ਪਤ੍ਰਿਕਾ**

ਦੀਨਾਨਗਰ 13 ਜੁਲਾਈ। ਦੀਨਾਨਗਰ ਹਲਕੇ ਦੇ ਪਿੰਡ ਚੂਹੜਚੱਕ ਤੋਂ ਅਕਾਲੀ ਆਗੂ ਅਤੇ ਮੈਂਬਰ ਪੰਚਾਇਤ ਰਮਨਦੀਪ ਸਿੰਘ ਚੀਮਾ ਨੇ ਅੱਜ ਆਪਣੇ ਇੱਕ ਦਰਜਨ ਸਾਥੀਆਂ ਸਮੇਤ ਅਕਾਲੀ ਦਲ ਨੂੰ ਅਲਵਿਦਾ ਆਖ ਕੇ ਕਾਂਗਰਸ ਪਾਰਟੀ ਦਾ ਪੱਲਾ ਫੜ ਲਿਆ। ਵਿਧਾਇਕਾ ਅਰੁਣਾ ਚੌਧਰੀ ਦੇ ਨਿਵਾਸ ਸਥਾਨ 'ਤੇ ਪਹੁੰਚੇ ਇਨ੍ਹਾਂ ਆਗੂਆਂ ਨੂੰ ਸੀਨੀਅਰ ਨੇਤਾ ਅਸ਼ੋਕ ਚੌਧਰੀ ਨੇ ਸਿਰੋਪਾਓ ਪਾ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਕੀਤਾ। ਰਮਨਦੀਪ ਸਿੰਘ ਚੀਮਾ ਨੇ ਦੱਸਿਆ ਕਿ ਉਹ ਲੰਮੇ ਸਮੇਂ ਤੋਂ ਸ਼?ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਸਨ ਪਰ ਵਿਧਾਇਕਾ ਅਰੁਣਾ ਚੌਧਰੀ ਵੱਲੋਂ ਹਲਕੇ ਅੰਦਰ ਕਰਵਾਏ ਵਿਕਾਸ ਕਾਰਜਾਂ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ ਅਤੇ ਉਨ੍ਹਾਂ ਨੇ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਲਿਆ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਹੁਣ ਵਿਧਾਇਕਾ ਅਰੁਣਾ ਚੌਧਰੀ ਦੇ ਪੱਕੇ ਸਮਰਥਕ



ਵਜੋਂ ਕੰਮ ਕਰਨਗੇ ਅਤੇ ਹਰੇਕ ਡਿਊਟੀ ਨੂੰ ਪੂਰੀ ਮਿਹਨਤ ਤੇ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਸੀਨੀਅਰ ਨੇਤਾ ਅਸ਼ੋਕ ਚੌਧਰੀ ਨੇ ਕਿਹਾ ਕਿ ਦੀਨਾਨਗਰ ਹਲਕੇ ਦੀ ਸੁੱਖ ਮੰਗਣ ਵਾਲਿਆਂ ਦਾ ਕਾਂਗਰਸ ਪਾਰਟੀ ਵਿੱਚ ਹਮੇਸ਼ਾ ਹੀ ਸਵਾਗਤ ਹੈ ਅਤੇ ਲੋਕ ਭਲੀ-ਭਾਂਤ ਜਾਣਦੇ ਹਨ ਕਿ ਵਿਧਾਇਕਾ ਅਰੁਣਾ ਚੌਧਰੀ ਜਿੰਨਾ ਕੰਮ ਅਜੇ ਤੱਕ ਇਸ ਹਲਕੇ ਅੰਦਰ ਕੋਈ ਵੀ ਲੀਡਰ ਨਹੀਂ ਕਰਵਾ ਸਕਿਆ ਹੈ। ਉਨ੍ਹਾਂ ਕਿਹਾ ਕਿ 2017 ਤੋਂ 2022 ਤੱਕ ਕੈਬਨਿਟ ਮੰਤਰੀ ਰਹਿੰਦਿਆਂ ਅਰੁਣਾ ਚੌਧਰੀ ਵੱਲੋਂ ਕਈ ਵੱਡੇ ਪ੍ਰੋਜੈਕਟ ਦੀਨਾਨਗਰ 'ਚ ਲਿਆਂਦੇ ਗਏ, ਜਿਨ੍ਹਾਂ ਦੇ ਮੁਕੰਮਲ ਹੋਣ ਤੋਂ ਬਾਅਦ ਲੋਕ ਹੁਣ ਉਨ੍ਹਾਂ ਦਾ ਆਨੰਦ ਮਾਣ ਰਹੇ ਹਨ ਅਤੇ ਉਨ੍ਹਾਂ ਦਾ ਜੀਵਨ ਪਹਿਲਾਂ ਨਾਲੋਂ ਵਧੇਰੇ ਸੁਖਾਲਾ ਹੋਇਆ ਹੈ। ਅਸ਼ੋਕ ਚੌਧਰੀ ਨੇ ਕਿਹਾ ਕਿ ਵੱਖ-ਵੱਖ ਪਾਰਟੀਆਂ ਦੇ ਲੋਕ ਮੈਡਮ ਅਰੁਣਾ ਚੌਧਰੀ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਪਾਰਟੀ ਨਾਲ ਜੁੜ ਰਹੇ ਹਨ, ਜੋ ਬਾਕੀਆਂ ਲਈ ਇੱਕ ਚੰਗਾ ਸੁਨੇਹਾ ਹੈ।

## ਜਲੰਧਰ 'ਚ ਵੱਡੀ ਵਾਰਦਾਤ ! ਅਹਾਤਾ ਬਣਿਆ ਜੰਗ ਦਾ ਮੈਦਾਨ, ਸ਼ਰਾਬ ਪੀਣ ਮਗਰੋਂ ਦੋਸਤ ਦਾ ਕਤਲ

ਜਲੰਧਰ 13 ਜੁਲਾਈ। ਜਲੰਧਰ 'ਚ ਵੱਡੀ ਵਾਰਦਾਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਥੋਂ ਦੇ ਸੰਜੇ ਗਾਂਧੀ ਨਗਰ ਦੀ ਨਹਿਰ ਪੁਲੀ ਨੇੜੇ ਇਕ ਅਹਾਤੇ ਵਿਚ ਸ਼ਰਾਬ ਪੀ ਰਹੇ 2 ਦੋਸਤਾਂ ਵਿਚਕਾਰ ਪੈਸਿਆਂ ਨੂੰ ਲੈ ਕੇ ਝਗੜਾ ਹੋ ਗਿਆ। ਝਗੜਾ ਇੰਨਾ ਵਧ ਗਿਆ ਕਿ ਦੋਵਾਂ ਵਿਚ ਹੱਥੋਪਾਈਂ



ਤਕ ਹੋ ਗਈ, ਜਿਸ ਤੋਂ ਬਾਅਦ ਇਕ ਦੋਸਤ ਨੇ ਦੂਜੇ ਦੇ ਸਿਰ 'ਤੇ ਇੱਟ ਮਾਰ ਕੇ ਉਸ ਦਾ ਕਤਲ ਕਰ ਦਿੱਤਾ। ਪੁਲਸ ਨੇ ਕੁਝ ਹੀ ਘੰਟਿਆਂ ਦੀ ਜਾਂਚ ਤੋਂ ਬਾਅਦ ਮੁਲਜ਼ਮ ਦੋਸਤ ਨੂੰ ਗ੍ਰਿਫ਼ਤਾਰ ਕਰ ਲਿਆ, ਜਿਸ ਨੂੰ ਪੁਲਸ ਅਦਾਲਤ ਵਿਚ ਪੇਸ਼ ਕਰ ਕੇ ਰਿਮਾਂਡ ਲਵੇਗੀ। ਮ੍ਰਿਤਕ ਦੀ ਪਛਾਣ ਬਾਲਿਸਟਰ ਪ੍ਰਸਾਦ (40) ਪੁੱਤਰ ਨਥਵੀ ਪ੍ਰਸਾਦ ਨਿਵਾਸੀ ਕਨਾਲ ਰੋਡ ਸੰਜੇ ਗਾਂਧੀ ਨਗਰ ਵਜੋਂ ਹੋਈ ਹੈ। ਏ. ਸੀ. ਪੀ. ਨਾਰਥ ਆਤਿਸ਼ ਭਾਟੀਆ ਨੇ ਦੱਸਿਆ ਕਿ ਢਲਾਈ ਦਾ ਕੰਮ ਕਰਨ ਵਾਲਾ ਬਾਲਿਸਟਰ ਆਪਣੇ ਦੋਸਤ ਦੀਪਕ ਕੁਮਾਰ ਉਰਫ਼ ਦੀਪੂ ਨਾਲ ਸੰਜੇ ਗਾਂਧੀ ਨਗਰ ਦੀ ਪੁਲੀ ਨੇੜੇ ਅਹਾਤੇ ਵਿਚ ਸ਼ਰਾਬ ਪੀ ਰਿਹਾ ਸੀ। ਇਸੇ ਦੌਰਾਨ ਦੋਵਾਂ ਵਿਚ ਕੁਝ ਤਕਰਾਰ ਹੋ ਗਈ ਅਤੇ ਉਹ ਝਗੜ ਪਏ। ਦੋਸ਼ ਹੈ ਕਿ ਦੀਪਕ ਨੇ ਬਾਲਿਸਟਰ ਦੇ ਸਿਰ 'ਤੇ ਇੱਟ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਅਤੇ ਫ਼ਰਾਰ ਹੋ ਗਿਆ। ਜਿਉਂ ਹੀ ਪੁਲਸ ਨੂੰ ਸੂਚਨਾ ਮਿਲੀ ਤਾਂ ਥਾਣਾ ਨੰਬਰ 8 ਦੇ ਇੰਚਾਰਜ ਯਾਦਵਿੰਦਰ ਸਿੰਘ ਅਤੇ ਚੌਕੀ ਫੋਕਲ ਪੁਆਇੰਟ ਦੇ ਇੰਚਾਰਜ ਅਵਤਾਰ ਸਿੰਘ ਆਪਣੀ ਟੀਮ ਦੇ ਨਾਲ ਮੌਕੇ 'ਤੇ ਪਹੁੰਚ ਗਏ। ਪੁਲਸ ਨੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਅਤੇ ਮਨੁੱਖੀ ਵਸੀਲਿਆਂ ਜ਼ਰੀਏ ਮੁਲਜ਼ਮ ਨੂੰ ਟ?ਰੇਸ ਕਰਕੇ ਗ੍ਰਿਫ਼ਤਾਰ ਕਰ ਲਿਆ। ਏ. ਸੀ. ਪੀ. ਭਾਟੀਆ ਨੇ ਕਿਹਾ ਕਿ ਮੁਲਜ਼ਮ ਦੀਪਕ ਖ਼?ਲਾਫ਼ ਕਤਲ ਦਾ ਕੇਸ ਦਰਜ ਕਰ ਲਿਆ ਹੈ। ਉਸ ਨੂੰ ਭਲਕੇ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਲਿਆ ਜਾਵੇਗਾ।

## 200 ਰੁਪਏ ਪਿੱਛੇ ਚਾਚੇ-ਭਤੀਜੇ 'ਚ ਹੋਇਆ ਝਗੜਾ, ਗਰਭਵਤੀ ਚਾਚੀ ਨੂੰ ਵੀ ਕੀਤਾ ਜ਼ਖ਼ਮੀ

ਅਬੋਹਰ 13 ਜੁਲਾਈ। ਪੈਸਿਆਂ ਦੇ ਝਗੜੇ ਕਾਰਨ ਸਥਾਨਕ ਮੁਹੱਲਾ ਅਜੀਤ ਨਗਰ 'ਚ ਚਾਚੇ-ਭਤੀਜੇ ਵਿਚਕਾਰ ਝਗੜਾ ਹੋ ਗਿਆ। ਇੱਟ ਲੱਗਣ ਨਾਲ ਜਿੱਥੇ ਭਤੀਜਾ ਜ਼ਖ਼ਮੀ ਹੋ ਗਿਆ, ਉਥੇ ਹੀ ਨੌਜਵਾਨ ਦੀ ਗਰਭਵਤੀ ਚਾਚੀ ਵੀ ਇਸੇ ਘਟਨਾ 'ਚ ਜ਼ਖ਼ਮੀ ਹੋ ਗਈ। ਦੋਵਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਇਲਾਜ ਅਧੀਨ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦੇ ਚਾਚੇ ਦਾ 200 ਰੁਪਏ ਦਾ ਕਰਜ਼ਾ ਸੀ। ਪਿਛਲੇ ਦਿਨ ਜਦੋਂ ਉਸ ਦੇ ਚਾਚੇ ਨੇ ਉਸ ਤੋਂ ਪੈਸੇ ਮੰਗੇ ਤਾਂ ਉਸ ਨੇ ਕਿਹਾ ਕਿ ਉਸ ਦੀ ਸਾਲੀ ਅਤੇ ਬੱਚੇ ਆਏ ਹੋਏ ਹਨ ਅਤੇ ਉਹ ਇਕ-ਦੋ ਦਿਨਾਂ 'ਚ ਪੈਸੇ ਵਾਪਸ ਕਰ ਦੇਵੇਗਾ। ਅੱਜ ਜਦੋਂ ਉਹ ਆਪਣੇ ਘਰ ਬੈਠੇ ਸਨ ਤਾਂ ਉਸ ਦਾ ਚਾਚਾ ਆਪਣੇ ਦੋ-ਤਿੰਨ ਸਾਥੀਆਂ ਨਾਲ ਆਇਆ ਅਤੇ ਉਨ੍ਹਾਂ 'ਤੇ ਇੱਟਾਂ-ਰੋੜੇ ਚਲਾਉਣੇ ਸ਼ੁਰੂ ਕਰ ਦਿੱਤੇ, ਜਿਸ ਕਾਰਨ ਉਸ ਦੀ ਪਤਨੀ ਬਲਜਿੰਦਰ ਅਤੇ ਇਕ ਸਾਲ ਦਾ ਬੱਚਾ ਵਾਲ-ਵਾਲ ਬਚ ਗਏ ਜਦੋਂ ਕਿ ਸਿਰ 'ਤੇ ਇੱਟ ਲੱਗਣ ਨਾਲ ਉਹ ਖ਼ੂਨ ਨਾਲ ਲੱਥ-ਪੱਥ ਸੀ। ਦੂਜੀ ਧਿਰ ਦੀ ਰਜਨੀ ਪਤਨੀ ਸੁਨੀਲ ਸੁਨੀਲ ਜੋ ਨੌਂ ਮਹੀਨਿਆਂ ਦੀ ਗਰਭਵਤੀ ਹੈ, ਨੇ ਕਿਹਾ ਕਿ ਉਸ ਦੇ ਭਤੀਜੇ ਨੇ ਪੈਸਿਆਂ ਨੂੰ ਲੈ ਕੇ ਉਸ ਦੇ ਪਤੀ ਨੂੰ ਕੁੱਟਿਆ ਅਤੇ ਜਦੋਂ ਉਸ ਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ ਗਿਆ। ਹਸਪਤਾਲ ਦੀ ਡਾਕਟਰ ਪੂਜਾ ਨੇ ਕਿਹਾ ਕਿ ਦੋਵਾਂ ਧਿਰਾਂ ਦੀਆਂ ਰਿਪੋਰਟਾਂ ਬਣਾ ਕੇ ਪੁਲਸ ਨੂੰ ਭੇਜੀਆਂ ਜਾਣਗੀਆਂ ਅਤੇ ਗਰਭਵਤੀ ਔਰਤ ਨੂੰ ਇਥੇ ਰੈਫਰ ਕੀਤਾ ਜਾਵੇਗਾ ਕਿਉਂਕਿ ਕੋਈ ਗਾਇਨੀਕੋਲੋਜਿਸਟ ਨਹੀਂ ਹੈ ਅਤੇ ਉਹ ਕੋਈ ਜ਼ੋਖਮ ਨਹੀਂ ਲੈ ਸਕਦੇ।

## ਪ੍ਰੇਮੀ ਨਾਲ ਭੱਜੀ 2 ਬੱਚਿਆਂ ਦੀ ਮਾਂ ਮੁੜ ਪਰਤੀ ਪੇਕੇ ਘਰ, ਜਦ ਪਤੀ ਨੂੰ ਲੱਗਾ ਪਤਾ ਤਾਂ...

ਜਲੰਧਰ 13 ਜੁਲਾਈ। 2 ਮਹੀਨੇ ਪਹਿਲਾਂ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਪ੍ਰੇਮੀ ਨਾਲ ਭੱਜੀ ਔਰਤ ਅਚਾਨਕ ਵਾਪਸ ਮੁੜ ਆਈ। ਜਿਵੇਂ ਹੀ ਔਰਤ ਅਤੇ ਉਸ ਦਾ ਪਤੀ ਥਾਣਾ ਨੰਬਰ 7 ਵਿਚ ਆਹਮੋ-ਸਾਹਮਣੇ ਹੋਏ ਤਾਂ ਹੰਗਾਮਾ ਹੋ ਗਿਆ। ਦੋਵਾਂ ਨੇ ਇਕ-ਦੂਜੇ ਨਾਲ ਰਹਿਣ ਤੋਂ ਨਾਂਹ ਕਰ ਦਿੱਤੀ ਪਰ ਪਤੀ ਦੀ ਦਲੀਲ ਸੀ ਕਿ ਉਸ ਦੇ ਦੋਵੇਂ ਬੱਚੇ ਉਸ ਨੂੰ ਸੌਂਪੇ ਜਾਣ ਕਿਉਂਕਿ ਉਸ ਦੀ ਪਤਨੀ ਅਤੇ ਪ੍ਰੇਮੀ ਬੱਚਿਆਂ ਦਾ ਨੁਕਸਾਨ ਕਰ ਸਕਦੇ ਹਨ। ਪੀੜਤ ਪਤੀ ਨੇ ਦੱਸਿਆ ਕਿ ਉਹ ਗੜ੍ਹਾ ਰੋਡ 'ਤੇ ਪਰੌਂਠੇ ਅਤੇ ਚਾਹ ਦਾ ਕੰਮ ਕਰਦਾ ਹੈ। ਕੁਝ ਸਮਾਂ ਪਹਿਲਾਂ ਇਕ ਨੌਜਵਾਨ ਦੁਕਾਨ 'ਤੇ ਗਾਹਕ ਬਣ ਕੇ ਆਉਣ-ਜਾਣ ਲੱਗ ਗਿਆ। ਉਹ ਵਧੇਰੇ ਉਸ ਦੀ ਗੈਰ-ਮੌਜੂਦਗੀ ਵਿਚ ਆਉਂਦਾ ਸੀ। ਅਕਸਰ ਉਹ ਉਸ ਦੀ ਪਤਨੀ ਨਾਲ ਗੱਲਾਂ ਕਰਦਾ ਅਤੇ ਜਦੋਂ ਉਹ ਆਉਂਦਾ ਤਾਂ ਉਕਤ ਨੌਜਵਾਨ ਦੁਕਾਨ ਤੋਂ ਚਲਾ ਜਾਂਦਾ। ਪੀੜਤ ਪਤੀ ਨੇ ਕੁਝ ਤਸਵੀਰਾਂ ਵਿਖਾ ਕੇ ਦੋਸ਼ ਲਾਇਆ ਕਿ 2 ਮਹੀਨੇ ਪਹਿਲਾਂ ਉਸ ਦੀ ਪਤਨੀ ਦੋਵਾਂ ਬੱਚਿਆਂ ਨੂੰ ਨਾਲ ਲੈ ਕੇ ਉਸ ਨੌਜਵਾਨ ਨਾਲ ਮੋਟਰਸਾਈਕਲ 'ਤੇ ਬੈਠ ਕੇ ਕਿਤੇ ਚਲੀ ਗਈ। ਉਸ ਨੇ ਪਤਨੀ ਨੂੰ ਕਾਫ਼ੀ ਲੱਭਿਆ ਪਰ ਕੋਈ ਸੁਰਾਗ ਨਹੀਂ ਲੱਗਾ ਪਰ ਸ਼ਨੀਵਾਰ ਨੂੰ ਅਚਾਨਕ ਆਪਣੇ ਪੇਕੇ ਘਰ ਮੁੜ ਆਈ। ਜਿਵੇਂ ਹੀ ਉਸ ਨੇ ਥਾਣੇ ਸੂਚਨਾ ਦਿੱਤੀ ਤਾਂ ਪੁਲਸ ਨੇ ਦੋਵਾਂ ਧਿਰਾਂ ਨੂੰ ਥਾਣੇ ਬੁਲਾਇਆ ਪਰ ਔਰਤ ਦੇ ਘਰੋਂ ਕੋਈ ਨਹੀਂ ਆਇਆ, ਜਦਕਿ ਉਸ ਦੇ ਪ੍ਰੇਮੀ ਦੇ ਘਰ ਵਾਲੇ ਥਾਣੇ ਪਹੁੰਚ ਗਏ। ਪੀੜਤ ਪਤੀ ਦਾ ਕਹਿਣਾ ਹੈ ਕਿ ਉਸ ਨੌਜਵਾਨ ਨੂੰ ਵੀ ਥਾਣੇ ਤਲਬ ਕੀਤਾ ਜਾਵੇ ਪਰ ਉਹ ਨੌਜਵਾਨ ਪਿੰਡ ਚਲਿਆ ਗਿਆ ਸੀ। ਓਧਰ ਔਰਤ ਦਾ ਕਹਿਣਾ ਹੈ ਕਿ ਉਸ ਦਾ ਪਤੀ ਉਸ ਨਾਲ ਕੁੱਟਮਾਰ ਕਰਦਾ ਹੈ, ਜਿਸ ਕਾਰਨ ਉਹ ਉਸ ਨਾਲ ਨਹੀਂ, ਸਗੋਂ ਆਪਣੇ ਪ੍ਰੇਮੀ ਨਾਲ ਰਹਿਣਾ ਚਾਹੁੰਦੀ ਹੈ। ਪਤੀ ਨੇ ਵੀ ਪਤਨੀ ਨੂੰ ਨਾਲ ਲਿਜਾਣ ਤੋਂ ਮਨ੍ਹਾ ਕਰ ਦਿੱਤਾ ਪਰ ਉਸ ਨੇ ਬੱਚਿਆਂ ਨੂੰ ਉਸ ਦੇ ਹਵਾਲੇ ਕਰਨ ਦੀ ਮੰਗ ਕੀਤੀ। ਉਥੇ ਹੀ ਪੁਲਸ ਦਾ ਕਹਿਣਾ ਹੈ ਕਿ ਦੋਵਾਂ ਧਿਰਾਂ ਦੇ ਬਿਆਨ ਦਰਜ ਕੀਤੇ ਜਾ ਚੁੱਕੇ ਹਨ। ਦੋਵੇਂ ਇਕ-ਦੂਜੇ ਨਾਲ ਨਹੀਂ ਰਹਿਣਾ ਚਾਹੁੰਦੇ, ਜਿਸ ਕਾਰਨ ਦੋਵਾਂ ਪਰਿਵਾਰਾਂ ਨੂੰ ਇਕੱਠੇ ਬੈਠ ਕੇ ਜੋ ਤੈਅ ਕਰਨਾ ਹੋਵੇਗਾ, ਉਹ ਕਰ ਸਕਦੇ ਹਨ ਪਰ ਦੋਵਾਂ ਧਿਰਾਂ ਵਿਚੋਂ ਕਿਸੇ ਨੇ ਜੇਕਰ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਭੰਗ ਕੀਤਾ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

### NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE

I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**ਪੂਰਵੋਤੱਰ ਰੇਲਵੇ**

**ਈ-ਨਿਵਿਦਾ ਸੂਚਨਾ ਸੰਖਿਆ-ਏਨ-235-62 ਟੇਲੀ ਟੇਂਡਰ 06-2025**

ਉਪ ਮੁੱਖ ਸਿਗਨਲ ਅਤੇ ਦੂਰਸੰਚਾਰ ਇੰਜੀਨਿਯਰ/ਟੇਲੀ/ਮੁਖਆਲਾ, ਪੂਰਵੋਤੱਰ ਰੇਲਵੇ/ ਗੋਰਖਪੁਰ ਅਤੇ ਕ੍ਰਿਤੇ ਭਾਰਤ ਦੇ ਰਾਸ਼ਟਰਪਤੀ ਵਲੋਂ ਹੇਠ ਲਿਖੀ ਟੇਂਫਰ ਪ੍ਰੱਪਤਰ ਵਿਚ ਅੰਕਿਤ ਨਿਰਧਾਰਿਤ ਯੋਗਤਾ ਦਾ ਪਰਯਾਪਤ ਅਨੁਭਵ ਰੱਖਨ ਵਾਲੇ ਠੇਕੇਦਾਰਾਂ ਤੋ ਈ-ਟੇਂਡਰ ਨਿਵਿਦਾ ਆਮੰਤ੍ਰਿਤ ਕਰਦੇ ਹੈ। 1. **ਨਿਵਿਦਾ ਸੂਚਨਾ ਸੰ0:** ਏਨ-235-62 ਟਲੀ ਟੇਂਡਰ 06-2025, 2. **ਕਾਰਜ ਦਾ ਨਾਮ :** ਉੱਤਰ ਪੂਰਬੀ ਰੇਲਵੇ, ਗੋਰਖਪੁਰ/ ਵਿੱਚ ਵੱਖ-ਵੱਖ ਰੇਲਵੇ ਈ-ਸੇਵਾਵਾਂ ਲਈ ਆਪਟੀਕਲ ਫਾਈਬਰ ਕਨੈਕਟੀਵਿਟੀ ਦਾ ਵਿਸਥਾਰ ਭਰੋਸੇਯੋਗਤਾ ਸੁਧਾਰ ਕਾਰਜ। 3. **ਟੈਂਡਰ ਲਾਗਤ: ਰੁ. 9251568.43/-** (ਬਾਨਵੇ ਲੱਖ ਇੱਕਵੰਜਾ ਹਜਾਰ ਪੰਜ ਸੌ ਅੜਸਠ ਰੁਪਏ ਅਤੇ ਤੈਂਤਾਲੀ ਪੈਸੇ ਸਿਰਫ) 4. **ਬੋਲੀ ਸੁਰੱਖਿਆ (ਬਯਾਨਾ ਧਨਰਾਸ਼ੀ):** 1,85,000/- 5. **ਆੱਫਰ ਦੀ ਵੈਧਤਾ:** 60 ਦਿਨ, 6. **ਨਿਵਿਦਾ ਖੋਲ੍ਹਣ ਅਤੇ ਬੰਦ ਕਰਨ ਦਾ ਸਥਾਨ, ਮਿਤੀ ਅਤੇ ਸਮਾਂ:** ਦਫਤਰ ਮੰਡਲ ਸਿਗਨਲ ਅਤੇ ਦੂਰਸੰਚਾਰ ਇੰਜੀਨੀਅਰ/ਟੈਲੀ, ਉੱਤਰ ਪੂਰਬੀ ਰੇਲਵੇ, ਗੋਰਖਪੁਰ, ਮਿਤੀ 11.08.2025, ਸਮਾਂ-15:00 ਘੰਟੇ, 7. **ਕੰਮ ਪੂਰਾ ਹੋਣ ਦੀ ਮਿਆਦ:** 06 (ਛੇ) ਮਹੀਨੇ, 8. ਮੂਲ ਨਿਵਿਦਾ ਵਿੱਚ ਕਿਸੇ ਵੀ ਤਰਾਂ ਦੇ ਬਦਲਾਅ ਲਈ, ਕਿਰਪਾ ਕਰਕੇ ਇੰਟਰਨੈਟ ਵੈੱਬਸਾਈਟ 'ਤੇ ਜਾਰੀ ਕੀਤਾ ਗਿਆ ਸੁੱਧੀਪੱਤਰ ਦਾ ਅਵਲੋਕਨ ਕਰੋ। 9. ਵਿਸਤ੍ਰਿਤ ਨਿਵਿਦਾ ਸੂਚਨਾ, ਟੈਂਡਰ ਫਾਰਮ, ਯੋਗਤਾ ਮਾਪਦੰਡ, ਨਿਯਮ ਅਤੇ ਸ਼ਰਤਾਂ ਵੈੱਬਸਾਈਟ http://www.ireps.gov.in 'ਤੇ ਉਪਲਬਧ ਹਨ। ਨੋਟ: ਟੈਂਡਰਕਰਤਾ/ਬੋਲੀਦਾਤਾ ਨੂੰ ਆਪਣੀ ਬੋਲੀ ਦੇ ਨਾਲ ਸਾਰੇ ਨਿਰਧਾਰਤ ਐਨਕਲੋਜਰ/ਫਾਰਮੈਟ/ਅਟੈਚਮੈਂਟ ਅਪਲੋਡ ਕਰਨੇ ਚਾਹੀਦੇ ਹਨ।

ਉਪ ਮੁੱਖ ਸਿਗਨਲ ਅਤੇ ਦੂਰਸੰਚਾਰ ਇੰਜੀਨੀਅਰ/ਟੈਲੀ/ਮੁੱਖਆਲਾ
ਮੁਜਾਧੀ/ਸਿਗਨਲ-33 ਗੋਰਖਪੁਰ

**ਟ੍ਰੇਨਾਂ ਵਿੱਚ ਬੀੜੀ/ਸਿਗਰੇਟ ਨਾ ਪੀਵੋ**

# ਨਾਰੀ ਸੰਸਾਰ

## ਤੁਹਾਡੀ ਰਸੋਈ

## ਸੂਜੀ ਦੇ ਰਸਗੁੱਲੇ



ਮਿੱਠਾ ਖਾਣਾ ਹਰ ਕਿਸੇ ਨੂੰ ਪਸੰਦ ਹੁੰਦਾ ਹੈ ਮਿੱਠੇ ਵਿੱਚ ਕਈ ਤਰ੍ਹਾਂ ਦੀਆਂ ਮਿੱਠਾਈਆਂ ਮੌਜੂਦ ਹਨ ਜੇ ਤੁਸੀਂ ਵੀ ਮਿੱਠਾ ਖਾਣ ਦੇ ਸ਼ੌਕੀਨ ਹੋ ਤਾਂ ਚਾਵਲ ਦੇ ਰਸਗੁੱਲੇ ਤੋਂ ਬਾਅਦ ਹੁਣ ਟ੍ਰਾਈ ਕਰੋ ਸੂਜੀ ਦੇ ਰਸਗੁੱਲੇ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

ਸੂਜੀ

2 ਵੱਡੇ ਚਮੱਚ ਦੇਸੀ ਘਿਓ

1 ਵੱਡੀ ਕੌਲੀ ਦੁੱਧ

3 ਵੱਡੇ ਚਮੱਚ ਖੰਡ

ਅੱਧਾ ਕੱਪ ਬਾਰੀਕ ਕੱਟੇ ਹੋਏ ਡਰਾਈ ਫ਼ਰੂਟਸ

ਪਾਣੀ ਜ਼ਰੂਰਤ ਮੁਤਾਬਕ

ਬਾਰੀਕ ਕੱਟਿਆਂ ਹੋਇਆ ਪਿਸਤਾ

1 ਚੁਟਕੀ ਕੇਸਰ

ਬਣਾਉਣ ਦੀ ਵਿਧੀ

ਘੱਟ ਗੈਸ ’ਤੇ ਇੱਕ ਪੈਨ ਵਿੱਚ ਦੁੱਧ ਅਤੇ ਖੰਡ ਪਾ ਕੇ ਉਬਲਣ ਲਈ ਰੱਖੋ।

ਹੌਲੀ-ਹੌਲੀ ਕੜਛੀ ਚਲਾਉਂਦੇ ਹੋਏ ਸੂਜੀ ਪਾਓ ਤਾਂ ਕਿ ਕੋਈ ਗੰਢ ਨਾ ਰਹਿ ਜਾਵੇ.

ਕੜਛੀ ਨਾਲ ਲਗਾਤਾਰ ਚਲਾਉਂਦੇ ਰਹੋ ਜਦੋਂ ਤੱਕ ਸੂਜੀ ਪੂਰੀ ਤਰ੍ਹਾਂ ਨਾਲ ਗਾੜੀ ਨਾ ਹੋ ਜਾਵੇ।

ਸੂਜੀ ਦੇ ਸੰਘਣਾ ਹੁੰਦੇ ਹੀ ਇਸ ਨੂੰ ਠੰਡਾ ਹੋਣ ਲਈ ਰੱਖ ਦਿਓ।

ਸੂਜੀ ਦੇ ਠੰਡੇ ਹੁੰਦੇ ਹੀ ਹਥੇਲੀਆਂ ਵਿੱਚ ਪੇੜਾ ਲੈ ਕੇ ਚਪਟਾ ਬਣਾ ਲਓ। ਚਿਕਣਾ ਕਰਕੇ ਘਿਓ ਲਗਾ ਲਓ।

ਫ਼ਿਰ ਸੂਜੀ ਦੇ ਵਿੱਚ ਡਰਾਈ ਫ਼ਰੂਟ ਭਰੋ। ਫ਼ਿਰ ਗੋਲ ਅਕਾਰ ਦੇ ਕੇ ਰਸਗੁੱਲੇ ਬਣਾ ਲਓ।

ਘੱਟ ਗੈਸ ’ਤੇ ਇੱਕ ਪੈਨ ਵਿੱਚ ਖੰਡ ਅਤੇ ਪਾਣੀ ਮਿਲਾ ਕੇ ਚਾਸ਼ਨੀ ਤਿਆਰ ਕਰ ਲਓ।

ਚਾਸ਼ਨੀ ਦੇ ਤਿਆਰ ਹੁੰਦੇ ਹੀ ਰਸਗੁੱਲੇ ਨੂੰ ਚਾਸ਼ਨੀ ਵਿੱਚ ਪਾ ਲਓ ਅਤੇ ਢੱਕ ਕੇ 2 ਤੋਂ 3 ਮਿੰਟ ਤੱਕ ਪਕਾਓ।

ਤੈਅ ਸਮੇਂ ਤੋਂ ਬਾਅਦ ਗੈਸ ਬੰਦ ਕਰ ਦਿਓ ਅਤੇ ਸੂਜੀ ਦੇ ਰਸਗੁੱਲੇ , ਬਾਰੀਕ ਕੱਟੇ ਪਿਸਤੇ ਅਤੇ ਕੇਸਰ ਨਾਲ ਗਾਰਨਿਸ਼ ਕਰ ਕੇ ਸਰਵ ਕਰੋ।

## ਲੀਚੀ ਆਈਸਕਰੀਮ



ਗਰਮੀ ਦੇ ਮੌਸਮ ਵਿੱਚ ਆਈਸਕਰੀਮ ਨੂੰ ਕੋਈ ਮਨ੍ਹਾ ਨਹੀਂ ਕਰ ਸਕਦਾ, ਜੋ ਤੁਸੀਂ ਵੀ ਆਈਸਕਰੀਮ ਵਿੱਚ ਨਵਾਂ ਫ਼ਲੇਵਰ ਟ੍ਰਾਈ ਕਰਨਾ ਚਾਹੁੰਦੇ ਹੋ ਤਾਂ ਅੱਜ ਹੀ ਘਰ ਵਿੱਚ ਬਣਾ ਲਓ ਸੁਆਦੀ ਆਈਸਕਰੀਮ। ਜੋ ਖਾਣ ਵਿੱਚ ਕਾਫ਼ੀ ਸੁਆਦ ਹੋਵੇਗੀ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

10-12 ਲੀਚੀ

1 ਕੱਪ ਕਰੀਮ

ਅੱਧਾ ਕੱਪ ਖੰਡ

2 ਵੱਡੇ ਚੱਮਚ ਸੁੱਕੇ ਮੇਵੇ

ਬਣਾਉਣ ਦੀ ਵਿਧੀ

ਸੱਭ ਤੋਂ ਪਹਿਲਾਂ ਖੰਡ ਵਿੱਚ ਕਰੀਮ ਮਿਲਾ ਕੇ 10 ਤੋਂ 15 ਮਿੰਟਾਂ ਤੱਕ ਚੰਗੀ ਤਰ੍ਹਾਂ ਨਾਸਲ ਫ਼ੈਂਟ ਲਓ। ਸੁੱਕੇ ਮੇਵਿਆਂ ਨੂੰ ਬਾਰੀਕ ਕੱਟ ਲਓ।

ਫ਼ੈਂਟੀ ਹੋਈ ਕਰੀਮ ਵਿੱਚ ਲੀਚੀ ਦੇ ਟੁੱਕੜੇ ਅਤੇ ਮੇਵੇ ਮਿਲਾਓ। ਫ਼ਿਰ ਇਸ ਮਿਸ਼ਰਣ ਨੂੰ ਫ਼ਰਿੱਜ਼ ਵਿੱਚ ਜੰਮਣ ਲਈ ਰੱਖ ਦਿਓ।

ਜਦੋਂ ਆਈਸਕਰੀਮ ਜੰਮ ਜਾਵੇ ਤਾਂ ਇਸ ਨੂੰ ਬਾਹਰ ਕੱਢ ਕੇ ਇੱਕ ਵਾਰੀ ਚੰਗੀ ਤਰ੍ਹਾਂ ਨਾਲ ਫ਼ੈਂਟ ਲਓ ਅਤੇ ਦੌਬਾਰਾ ਜੰਮਣ ਲਈ ਰੱਖੋ। ਲੀਚੀ ਆਈਸਕਰੀ ਤਿਆਰ ਹੈ, ਇਸ ਨੂੰ ਆਪਣੀ ਪਸੰਦ ਦੀ ਸ਼ੇਪ ਨਾਲ ਗਾਰਨਿਸ਼ ਕਰਕੇ ਇਸ ਦਾ ਸੁਆਦ ਲਓ।

## ਮਸਾਲਾ ਰਵਾ ਇਡਲੀ

ਕਈ ਲੋਕ ਇਡਲੀ ਖਾਣ ਦੇ ਸ਼ੌਕੀਨ ਹੁੰਦੇ ਹਨ। ਸੂਜੀ ਦੀ ਇਡਲੀ ਬਣਾਉਣਾ ਕਾਫ਼ੀ ਆਸਾਨ ਹੁੰਦਾ ਹੈ ਅੱਜ ਅਸੀਂ ਤੁਹਾਨੂੰ ਇਡਲੀ ਬਣਾਉਣ ਦੀ ਵਿਧੀ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ

2 ਚਮੱਚ ਤੇਲ

2 ਚਮੱਚ ਸਰੋਂ ਦੇ ਬੀਜ

8 ਕੜੀ ਪੱਤੇ

2 ਚਮੱਚ ਸਫ਼ੇਤ ਮਸੂਰ

60 ਗ੍ਰਾਮ ਗਾਜਰ

2 ਹਰੀ ਮਿਰਚ

350 ਗ੍ਰਾਮ ਸੂਜੀ

2 ਚਮੱਚ ਭੁੰਨੇ ਹੋਏ ਕਾਜੂ

245 ਗ੍ਰਾਮ ਦਹੀਂ


ਪਾਣੀ

1 ਚਮੱਚ ਨਮਕ

2 ਚਮੱਚ ਫ਼ਰੂਟ ਸਾਲਟ

ਬਣਾਉਣ ਦੀ ਵਿਧੀ

ਇੱਕ ਕੜਾਈ ਵਿੱਚ ਤੇਲ ਗਰਮ ਕਰਕੇ ਸਰੋਂ ਦੇ ਬੀਜ ਅਤੇ ਕੜੀ ਪੱਤਾ ਪਾ ਕੇ



ਭੁੰਣ ਲਓ।

ਫ਼ਿਰ ਇਸ ਵਿੱਚ ਸਫ਼ੇਰ ਮਸੂਰ, ਗਾਜਰ ਅਤੇ ਹਰੀ ਮਿਰਚ ਪਾ ਕੇ ਭੁੰਣ ਲਓ।

ਫ਼ਿਰ ਇਸ ਵਿੱਚ ਸੂਜੀ ਪਾ ਕੇ 3-5 ਮਿੰਟ ਲਈ ਪਕਾਓ।

ਫ਼ਿਰ ਗੈਸ ਬੰਦ ਕਰ ਦਿਓ.

ਇਸ ਤੋਂ ਬਾਅਦ ਇਸ ਵਿੱਚ ਭੁੰਣੇ ਹੋਏ ਕਾਜੂ ਅਤੇ ਦਹੀਂ ਮਿਕਸ ਕਰੋ। ਫ਼ਿਰ ਇਸ ਵਿੱਚ ਪਾਣੀ ,ਨਮਕ ਅਤੇ ਫ਼ਰੂਟ ਸਾਲਟ ਪਾ ਕੇ ਮਿਕਸ ਕਰੋ।

ਫ਼ਿਰ ਇਸ ਮਿਕਸਰ ਨੂੰ ਗ੍ਰੀਸ ਕੀਤੀ ਹੋਈ ਇਡਲੀ ਮੋਲਡਸ ਵਿੱਚ ਪਾਓ।

ਇਸ ਤੋਂ ਬਾਅਦ ਸਟੈਂਡ ਨੂੰ ਪੋਟ ਵਿੱਚ ਰੱਖੋ ਅਤੇ 10-15 ਮਿੰਟ ਲਈ ਭਾਫ਼ ਦਿਓ। ਰਵਾ ਇਡਲੀ ਤਿਆਰ ਹੈ।

ਇਸ ਨੂੰ ਨਾਰੀਅਲ ਦੀ ਚਟਨੀ ਨਾਲ ਸਰਵ ਕਰੋ।

# ਸਾਉਣ ਮਹੀਨਾ ਦਿਨ ਤੀਆਂ ਦੇ...



➢ ਨਿਰਮਲ ਜੌੜਾ

ਪੰਜਾਬ ਆਪਣੇ ਕੰਮ ਸੱਭਿਆਚਾਰ, ਇਤਿਹਾਸ, ਆਸਥਾ, ਰੀਤੀ ਰਿਵਾਜ ਅਤੇ ਭੂਗੋਲਿਕ ਮਹੱਤਤਾ ਨਾਲ ਜੁੜੇ ਮੇਲਿਆਂ ਤੇ ਤਿਉਹਾਰਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਸਾਉਣ ਮਹੀਨੇ ਲੱਗਦੀਆਂ ਤੀਆਂ ਦਾ ਤਿਉਹਾਰ ਮੌਸਮ ਦੇ ਸੁਹਾਵਣੇਪਣ ਨਾਲ ਸਬੰਧ ਰੱਖਦਾ ਹੈ। ਤੀਆਂ ਪੰਜਾਬ ਦੀਆਂ ਮੁਟਿਆਰਾਂ ਦਾ ਮਨਭਾਉਂਦਾ ਤਿਉਹਾਰ ਹੈ। ਪਿੰਡ ਦੀਆਂ ਕੁੜੀਆਂ, ਖ਼ਾਸਕਰ ਵਿਆਹੀਆਂ ਵਰ੍ਹੀਆਂ, ਸਾਉਣ ਮਹੀਨੇ ਤੀਆਂ ਦੇ ਬਹਾਨੇ ਪੇਕੇ ਆਉਂਦੀਆਂ ਤਾਂ ਸਭ ਇਕੱਠੀਆਂ ਹੋ ਚਿੜੀਆਂ ਬਣ ਜਾਂਦੀਆਂ ਹਨ। ਨੱਚਣ ਟੱਪਣ, ਹੱਸਣ ਖੇਡਣ ਦੇ ਨਾਲ ਨਾਲ ਚਾਵਾਂ, ਰੀਝਾਂ, ਉਮੰਗਾਂ ਭਰੀ ਸਹੇਲਪੁਣੇ ਦੀ ਗੁਫ਼ਤਗੂ ਦਾ ਸਰੂਰ ਵੀ ਉਨ੍ਹਾਂ ਲਈ ਇਸ ਤਿਉਹਾਰ ਦੀ ਖ਼ੁਸ਼ੀ ਦੁੱਗਣੀ ਕਰ ਦਿੰਦਾ ਹੈ। ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜੀ ਤਿੱਥ ਨੂੰ ਤੀਆਂ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸੇ ਕਰਕੇ ‘ਤੀਆਂ ਤੀਜ ਦੀਆਂ’ ਬਣੀਆਂ। ਕਈ ਥਾਂਈ ਇਹ ਤਿਉਹਾਰ ਤੀਜ ਨੂੰ ਸ਼ੁਰੂ ਹੋ ਕੇ ਪੂਰਨਮਾਸ਼ੀ ਤਕ ਮਨਾਇਆ ਜਾਂਦਾ ਹੈ।

ਭਾਰਤ ਦੇ ਕਈ ਹੋਰ ਸੂਬਿਆਂ ਵਿੱਚ ਵੀ ਤੀਆਂ ਦਾ ਤਿਉਹਾਰ ਪ੍ਰਚੱਲਿਤ ਹੈ, ਪਰ ਵੱਖ ਵੱਖ ਤਰੀਕਿਆਂ ਤੇ ਵਿਚਾਰਧਾਰਾ ਨਾਲ ਕਿਤੇ ਇਸ ਨੂੰ ਕੰਮ ਧੰਦੇ ਅਤੇ ਕਿਤੇ ਦੇਵੀ ਦੇਵਤਿਆਂ ਦੀ ਪੂਜਾ ਨਾਲ ਜੋੜ ਕੇ ਮਨਾਇਆ ਜਾਂਦਾ ਹੈ। ਪੰਜਾਬ ਵਿੱਚ ਇਹ ਨਿਰੋਲ ਕੁਦਰਤ ਨਾਲ ਜੁੜਿਆ ਤਿਉਹਾਰ ਹੈ। ਮੁਟਿਆਰਾਂ ਕੁਦਰਤ ਨਾਲ ਇਕਮਿਕ ਹੋ ਕੇ ਪੀਂਘਾਂ ਝੂਟਦੀਆਂ, ਹੱਸਦੀਆਂ ਖੇਡਦੀਆਂ, ਗਿੱਧੇ ਪਾਉਂਦੀਆਂ ਤੇ ਗੀਤ ਗਾਉਂਦੀਆਂ ਹਨ। ਉਹ ਇਸ ਮੌਸਮ ਨੂੰ ਰੂਹ ਤੋਂ ਹੰਢਾਉਂਦੀਆਂ ਨਜ਼ਰ ਆਉਂਦੀਆਂ ਹਨ। ਮਨਾ ਦੀਆਂ ਤਰੰਗਾਂ ਆਸਮਾਨੀਂ ਉਡਾਰੀ ਭਰਦੀਆਂ ਹਨ।

ਸੌਣ ਮਹੀਨੇ ਬੱਦਲ ਪੈਂਦਾ ਨਿੰਮੀਆਂ ਪੈਣ ਫੁਹਾਰਾਂ।<br>
‘ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ ਇੱਕੋ ਜਿਹੀਆਂ ਮੁਟਿਆਰਾਂ।<br>
ਗਿੱਧੇ ਦੇ ਵਿੱਚ ਏਦਾਂ ਲਿਸ਼ਕਣ ਜਿਉਂ ਸੋਨੇ ਦੀਆਂ ਤਾਰਾਂ।<br>
ਦੂਹਰੀਆਂ ਹੋ ਕੇ ਨੱਚਣ ਲੱਗੀਆਂ ਜਿਉਂ ਕੂੰਜਾਂ ਦੀਆਂ ਡਾਰਾਂ।<br>
ਜੋਰ ਜਵਾਨੀ ਦਾ ਲੁੱਟ ਲਉ ਮੌਜ ਬਹਾਰਾਂ।

ਬਲਿਹਾਰੀ ਕੁਦਰਤ ਵਸਿਆ ਦਾ ਨਜ਼ਾਰਾ ਪੇਸ਼ ਕਰਦਾ ਸਾਉਣ ਮਹੀਨੇ ਦਾ ਮੌਸਮ ਸੁਹਾਵਣਾ ਹੁੰਦਾ ਹੈ, ਮਨ ਲਈ ਵੀ ਤੇ ਤਨ ਲਈ ਵੀ। ਆਸਮਾਨੀਂ ਉੱਡਦੇ ਬੱਦਲ, ਘਟਾਵਾਂ ਅਤੇ ਕਿਣਮਿਣ ਅਜੀਬ ਕਿਸਮ ਦਾ ਹੁਲਾਸ ਤੇ ਹੁਲਾਰਾ ਦਿੰਦੇ ਹਨ। ਘਰਾਂ ਵਿੱਚ ਬਣਦੇ ਖੀਰ ਪੂੜੇ, ਗੁਲਗਲੇ ਅਤੇ ਹੋਰ ਖਾਣ ਪੀਣ ਦਾ ਬੱਚਿਆਂ ਅਤੇ ਸਿਆਣਿਆਂ, ਸਭ ਨੂੰ ਚਾਅ ਹੁੰਦਾ ਹੈ। ਸਾਉਣ ਦੇ ਮੇਘਲਿਆਂ ਦੀ ਗੱਲ ਬਾਬਾ ਬੁੱਲ੍ਹੇ ਸ਼ਾਹ ਇਉਂ ਕਰਦਾ ਹੈ:

ਸਾਵਣ ਸੋਹੇ ਮੇਘਲਾ ਘਟ ਸੋਹੇ ਕਰਤਾਰ।<br>
ਠੌਰ ਠੌਰ ਇਨਾਇਤ ਬਸੇ ਪਪੀਹਾ ਕਰੇ ਪੁਕਾਰ।

ਮੌਸਮ ਦਾ ਸੁਹੱਪਣ ਰੂਹਾਂ ’ਤੇ ਜਾਦੂ ਕਰਦਾ ਹੈ। ਮੁਟਿਆਰਾਂ ਦੇ ਅੰਦਰੋਂ ਨੱਚਣ ਦੀ ਉਮੰਗ ਜਾਗਦੀ ਹੈ ਜਿਵੇਂ ਕਹਿੰਦੇ ਹੁੰਦੇ ਹਨ ਕਿ ‘ਸਾਉਣ ਸੈਨਤਾਂ ਮਾਰੇ, ਨੱਚ ਲੈ ਹਾਣਦੀਏ’। ਨਸ਼ਿਆਈਆਂ ਰੂਹਾਂ ਨੂੰ ਮਾਹੌਲ ਦੇ ਇਸ਼ਾਰੇ ਸੋਨੇ ’ਤੇ ਸੁਹਾਗੇ ਵਾਂਗ ਬੋਲੀਆਂ ਪਾਉਣ ਅਤੇ ਨੱਚਣ ਦਾ ਬਲ ਬਖ਼ਸ਼ਦੇ ਹਨ:

ਸਾਉਣ ਮਹੀਨਾ ਦਿਨ ਤੀਆਂ ਦੇ ਸਭੇ ਸਹੇਲੀਆਂ ਆਈਆਂ<br>
ਭਿੱਜ ਗਈ ਰੂਹ ਮਿੱਤਰਾ, ਸ਼ਾਮ ਘਟਾ ਚੜ੍ਹ ਆਈਆਂ।

ਇਹ ਬੋਲੀ ਕਾਦਰ ਦੀ ਕੁਦਰਤ ਵੱਲੋਂ ਸਿਰਜੇ ਸੁਹਾਵਣੇ ਅਤੇ ਰੂਹ ਦੀ ਤ੍ਰਿਪਤੀ ਵਾਲੇ ਮੌਸਮੀ ਦ੍ਰਿਸ਼ਾਂ ਨਾਲ ਗੂੜ੍ਹੀ ਮਿੱਤਰਤਾ ਨੂੰ ਮੁਖਾਤਬ ਹੁੰਦੀ ਹੈ। ਬਾਰਾਮਾਹ ਰਾਹੀਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਸਾਉਣ ਮਹੀਨੇ ਦੀ ਮਹੱਤਤਾ ਦੱਸੀ ਹੈ। ਪੰਜਾਬੀ ਦੇ ਸ਼ਾਇਰ ਬਾਬੂ ਫਿਰੋਜ਼ ਦੀਨ ਸ਼ਰਫ ਲਿਖਦੇ ਹਨ:

ਸਾਵਣ ਸੀਸ ਗੁੰਦਾ ਕੇ ਸਈਆਂ, ਹਾਰ ਸ਼ਿੰਗਾਰ ਲਗਾਏ ਨੇ।<br>
ਸਿਰ ’ਤੇ ਸਾਲੂ ਸ਼ਗਨਾਂ ਵਾਲੇ, ਰੀਝਾਂ ਨਾਲ ਸਜਾਏ ਨੇ।<br>
ਮਿੱਠੇ ਮਿੱਠੇ ਗੀਤ ਮਾਹੀ ਦੇ, ਸਭਨਾ ਰਲਮਿਲ ਗਾਏ ਨੇ।

ਸੁਭਾਅ, ਬਣਤਰ ਅਤੇ ਪੇਸ਼ਕਾਰੀ ਪੱਖ ਤੋਂ ਤੀਆਂ ਸ਼ੁੱਧ ਰੂਪ ਵਿੱਚ ਸਿਰਫ਼ ਕੁੜੀਆਂ ਦਾ ਤਿਉਹਾਰ ਹੈ। ਮਰਦਾਂ ਦਾ ਤੀਆਂ ਵਿੱਚ ਜਾਣਾ ਵਰਜਿਤ ਵੀ ਹੁੰਦਾ ਤੇ ਮਿਹਣਾ ਵੀ। ਇਸੇ ਕਰਕੇ ਤੀਆਂ ਦੇ ਪਿੜ ਲਈ ਪਿੰਡ ਦੀ ਵਸੋਂ ਤੋਂ ਥੋੜ੍ਹਾ ਦੂਰ ਜਗ੍ਹਾ ਨਿਸ਼ਚਿਤ ਕੀਤੀ ਜਾਂਦੀ ਹੈ ਜਿੱਥੋਂ ਨੱਚਣ ਟੱਪਣ ਅਤੇ ਰੌਲੇ ਰੱਪੇ ਦੀ ਆਵਾਜ਼ ਵੀ ਘਰਾਂ ਤਕ ਨਾ ਪਹੁੰਚ ਸਕੇ ਅਤੇ ਉਸ ਪਾਸੇ ਵੱਲ ਮੁੰਡੇ ਜਾਣ ਵੀ ਨਾ। ਪਿੰਡੋਂ ਬਾਹਰ ਦੀ ਕਿਸੇ ਸਾਂਝੀ ਜਗ੍ਹਾ ਵਿੱਚ ਪਿੱਪਲਾਂ, ਬੋਹੜਾਂ, ਟਾਹਲੀਆਂ ਵਰਗੇ ਦਰੱਖਤਾਂ ਦੀ ਛਾਂ ਹੇਠ ਕਈ ਕਈ ਦਿਨ ਰੰਗਲਾ ਮਾਹੌਲ ਬਣਿਆ ਰਹਿੰਦਾ। ਗਿੱਧੇ ਦੇ ਰੂਪ ਵਿੱਚ ਬੋਲੀਆਂ, ਤਮਾਸ਼ਿਆਂ ਰਾਹੀਂ ਮਨ ਦਾ ਗੁੱਭ-ਗੁਲ੍ਹਾਟ ਨਿਕਲਦਾ। ਕਈ ਗੱਲਾਂ ਜਿਹੜੀਆਂ ਸਿੱਧੇ ਵਾਰਤਾਲਾਪ ਵਿੱਚ ਨਹੀਂ ਹੋ ਸਕਦੀਆਂ, ਉਨ੍ਹਾਂ ਲਈ ਬੋਲੀਆਂ ਅਤੇ ਤਮਾਸ਼ੇ ਸਹਾਈ ਹੋ ਜਾਂਦੇ ਹਨ। ਮਨ ਵਿਚਲੀਆਂ ਗੱਲਾਂ ਨੂੰ ਸਖੀਆਂ ਨਾਲ ਸਾਂਝਾ ਕਰਕੇ ਹੌਲੀਆਂ ਫੁੱਲ ਵਰਗੀਆਂ ਹੋਈਆਂ ਕੁੜੀਆਂ ਪੇਕੇ ਘਰ, ਪੇਕੇ ਪਿੰਡ ਦੀ ਅਪਣੱਤ ਭਰੀ ਆਬੋ-ਹਵਾ ਵਿੱਚ ਸੁਖਾਵਾਂ ਸਾਹ ਲੈਂਦੀਆਂ ਪ੍ਰਤੀਤ ਹੁੰਦੀਆਂ ਹਨ।

ਸਾਉਣ ਮਹੀਨੇ ਇਕੱਠੀਆਂ ਹੋਈਆਂ ਕੁੜੀਆਂ ਭਾਦੋਂ ਚੜ੍ਹਦਿਆਂ ਹੀ ਤੀਆਂ ਦੀ ‘ਬੱਲੋ’ ਪਾ ਕੇ ਸਹੁਰੇ ਜਾਣ ਦੀ ਤਿਆਰੀ ਕਰਦੀਆਂ। ਬੱਲੋ ਦਾ ਤੋਂ ਭਾਵ ਤੀਆਂ ਦੀ ਸਮਾਪਤੀ ਹੈ। ਆਪਣੇ ਪੇਕੇ ਪਿੰਡ, ਬਾਬਲ ਦੇ ਘਰ, ਭੈਣਾਂ ਭਰਾਵਾਂ ਭਤੀਜਿਆਂ ਦੀ ਸੁੱਖ ਮੰਗਦੀਆਂ ਕੁੜੀਆਂ ਗਿੱਧੇ ਦੇ ਸਿਖਰ ’ਤੇ ਪਹੁੰਚ ਕੇ ਤੀਆਂ ਦੀ ਸਮਾਪਤੀ ਕਰਦੀਆਂ ਹਨ। ਪੇਕੇ ਆਈਆਂ ਕੁੜੀਆਂ ਨੂੰ ਪੇਕਾ ਘਰ ਛੱਡ ਕੇ ਸਹੁਰੇ ਵਾਪਸ ਜਾਣ ਦੀ ਉਦਾਸੀ ਹੋਣਾ ਸੁਭਾਵਿਕ ਹੈ। ਉਨ੍ਹਾਂ ਦੇ ਜਾਣ ਦੀ ਉਦਾਸੀ ਪਿੰਡ ਦੀਆਂ ਕੁਆਰੀਆਂ ਕੁੜੀਆਂ ਨੂੰ ਵੀ ਹੁੰਦੀ ਹੈ। ਸਿਖਰ ਦੇ ਮੇਲ-ਮਿਲਾਪੀ ਧਮੱਚੜ ਤੋਂ ਬਾਅਦ ਵਿਛੋੜਾ ਡਾਢਾ ਹੁੰਦਾ। ਇਸ ਲਈ ਮਿਲਾਪ ਦਾ ਸਿਹਰਾ ਸਾਉਣ ਮਹੀਨੇ ਨੂੰ ਤੇ ਵਿਛੋੜੇ ਦਾ ਭਾਂਡਾ ਭਾਦੋਂ ਦੇ ਸਿਰ ਭੱਜਦਾ:

ਸਾਉਣ ਵੀਰ ‘ਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ।

ਤੀਆਂ ਵਿੱਚ ਪੈਂਦੀਆਂ ਬੋਲੀਆਂ ਦੇ ਅਰਥ ਬੜੇ ਡੂੰਘੇ ਹੁੰਦੇ ਹਨ। ਸੱਸ, ਸਹੁਰੇ, ਜੇਠ, ਦਿਉਰ ਵੱਲੋਂ ਕਿਤੇ ਨਾ ਕਿਤੇ ਦਿਲ ਦੁਖਾਉਣ ਵਾਲੇ ਕੀਤੇ ਵਰਤਾਰੇ ਦਾ ਇਜ਼ਹਾਰ ਪੇਕੇ ਪਿੰਡ ਦੀਆਂ ਤੀਆਂ ਵਿੱਚ ਬੋਲੀਆਂ ਪਾ ਕੇ ਹੁੰਦਾ ਹੈ:

ਮੈਂ ਤਾਂ ਜੇਠ ਨੂੰ ਜੀ ਜੀ ਕਹਿੰਦੀ<br>
ਮੈਨੂੰ ਕਹਿੰਦਾ ਫੋਟ<br>
ਜੇਠ ਨੂੰ ਅੱਗ ਲੱਗਜੇ ਸਣੇ ਪਜਾਮੇ ਕੋਟ।

ਨਵੀਆਂ ਵਿਆਹੀਆਂ ਮੁਟਿਆਰਾਂ ਲਈ ਇਸ ਤਿਉਹਾਰ ਦੀ ਮਹੱਤਤਾ ਜ਼ਿਆਦਾ ਇਸ ਕਰਕੇ ਵੀ ਹੁੰਦੀ ਹੈ ਕਿਉਂਕਿ ਉਨ੍ਹਾਂ ਨੇ ਵਿਆਹ ਤੋਂ ਬਾਅਦ ਪਹਿਲੀ ਵਾਰ ਪੇਕੇ ਆਉਣਾ ਹੁੰਦਾ ਹੈ। ਤੀਆਂ ਬਹਾਨੇ ਕੁਝ ਦਿਨ ਪੇਕੇ ਰਹਿਣ ਅਤੇ ਪਰਿਵਾਰ ਤੇ ਸਹੇਲੀਆਂ ਨੂੰ ਮਿਲਣ-ਗਿਲਣ ਅਤੇ ਸਹੁਰਿਆਂ ਬਾਰੇ ਗੱਲਾਂਬਾਤਾਂ ਕਰਨ ਦਾ ਚੰਗਾ ਸਬੱਬ ਬਣਦਾ ਹੈ। ਵਿਆਹ ਔਰਤ ਦੀ ਜ਼ਿੰਦਗੀ ਦਾ ਵਿਲੱਖਣ ਮੋੜ ਹੈ। ਮਾਂ ਦੇ ਲਾਡ ਪਿਆਰ ਦਾ ਸੱਸ ਦੀਆਂ ਮੱਤਾਂ ਨਾਲ ਤਬਾਦਲਾ ਕਾਫ਼ੀ ਅਸਾਧਾਰਨ ਪ੍ਰਕਿਰਿਆ ਹੋਣ ਕਰਕੇ ਇਹ ਛੇਤੀ ਹਜ਼ਮ ਆਉਣ ਵਾਲਾ ਵਰਤਾਰਾ ਨਹੀਂ ਹੁੰਦਾ। ਇਹੀ ਵਰਤਾਰਾ ਸੱਸ ਅਤੇ ਨੂੰਹ ਵਿਚਲੀ ਖਹਿਬਾਜ਼ੀ ਦਾ ਸਭਿਆਚਾਰਕ ਦੁਖਾਂਤ ਬਣ ਜਾਂਦਾ ਹੈ। ਸੱਸ ਪ੍ਰਤੀ ਮਨ ਦੀ ਘਰੋੜਾਂ ਨੂੰ ਬਾਹਰ ਕੱਢਣ ਦਾ ਇੱਕੋ ਇੱਕ ਹੱਲ, ਗਿੱਧੇ ਦੀਆਂ ਬੋਲੀਆਂ ਹਨ ਅਤੇ ਤੀਆਂ ਇਸ ਲਈ ਢੁਕਵਾਂ ਸਮਾਂ ਹੁੰਦਾ ਹੈ। ਸੋ ਇਸ ਮੌਕੇ ਵਿਆਹੀਆਂ ਕੁੜੀਆਂ ਦੇ ਨਿਸ਼ਾਨੇ ’ਤੇ ਸੱਸ ਜ਼ਿਆਦਾ ਹੁੰਦੀ ਹੈ:

ਸੱਸ ਮੇਰੀ ਨੇ ਗੰਢੇ ਤੜਕੇ, ਵੀਰ ਮੇਰੇ ਨੂੰ ਭੂਕਾਂ<br>
ਪੇਕੇ ਸੁਣਦੀ ਸੀ, ਸੱਸੇ ਤੇਰੀਆਂ ਕਰਤੂਤਾਂ।

ਬੋਲੀਆਂ ਰਾਹੀਂ ਕੁੜੀਆਂ ਆਪਣੇ ਮਨ ਦੇ ਗੁਬਾਰ ਕੱਢ ਕੇ ਖ਼ੁਸ਼ ਹੁੰਦੀਆਂ ਹਨ। ਸਿੱਧੇ ਰੂਪ ਵਿੱਚ ਅਜਿਹੀਆਂ ਗੱਲਾਂ ਹੋਣ ਨਾਲ ਮਨਾਂ ਵਿੱਚ ਕੁੜੱਤਣ ਆ ਸਕਦੀ ਹੈ, ਪਰ ਬੋਲੀ ਦੇ ਨਾਲ ਪੈਂਦਾ ਗਿੱਧਾ ਇਨ੍ਹਾਂ ਗੱਲਾਂਬਾਤਾਂ ਦਾ ਸੁਖਾਵਾਂ ਅਸਰ ਕਾਇਮ ਰੱਖਦਾ ਹੈ। ਇਸੇ ਤਰ੍ਹਾਂ ਕੁਆਰੀਆਂ ਕੁੜੀਆਂ ਆਪਣੇ ਮਨ ਦੀ ਗੱਲ ਬੋਲੀਆਂ ਰਾਹੀਂ ਆਪਣੇ ਬਾਪ, ਮਾਂ, ਵੀਰ, ਭਾਬੀ ਨੂੰ ਕਹਿ ਜਾਂਦੀਆਂ ਹਨ। ‘ਮੈਨੂੰ ਵਿਆਹਦੇ ਅੰਮੀਏ, ਨੀਂ ਮੈਂ ਕੋਠੇ ਜਿੱਠੀ ਹੋਈ’ ਵਰਗੀਆਂ ਬੋਲੀਆਂ ਰਾਹੀਂ ਲੰਘਦੀ ਜਾ ਰਹੀ ਆਪਣੀ ਵਿਆਹ ਦੀ ਉਮਰ ਦਾ ਅਹਿਸਾਸ ਵੀ ਮਾਪਿਆਂ ਨੂੰ ਕਰਵਾ ਦਿੰਦੀਆਂ।

ਤੀਆਂ ਦੇ ਤਿਉਹਾਰ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਹੈ ਕਿ ਇਸ ਮੌਕੇ ਪਿੰਡ ਦੀਆਂ ਧੀਆਂ ਧਿਆਣੀਆਂ ਨੂੰ ਆਪਣੇ ਪਿੰਡ ਵਿੱਚ ਹੀ ਮੇਲਣਾਂ ਬਣਨ ਦਾ ਮੌਕਾ ਮਿਲਦਾ ਹੈ। ਉਹ ਬੋਲੀ ਪਾਉਂਦੀਆਂ ਹਨ:

ਥੜ੍ਹਿਆਂ ਬਾਝ ਨਾ ਪਿੱਪਲ ਸੋਂਹਦੇ ਫੁੱਲਾਂ ਬਾਝ ਕਲਾਈਆਂ।<br>
ਸੱਗੀ ਫੁੱਲ ਸਿਰਾਂ ’ਤੇ ਸੋਂਹਦੇ,<br>
ਪੈਰੀਂ ਝਾਂਜਰਾਂ ਪਾਈਆਂ।<br>
ਨੱਚਣ ਟੱਪਣ ਗਿੱਧਾ ਪਾਵਣ ਵੱਡਿਆਂ ਘਰਾਂ ਦੀਆਂ ਜਾਈਆਂ।<br>
ਸੂਬੇਦਾਰਨੀਆਂ ਬਣ ਕੇ ਮੇਲਣਾਂ ਆਈਆਂ।

ਪੰਜਾਬੀ ਜਨ ਜੀਵਨ ਵਿੱਚ ਔਰਤਾਂ ਦੀ ਭੂਮਿਕਾ ਮਹੱਤਵਪੂਰਨ, ਸਲਾਹੁਣਯੋਗ ਅਤੇ ਸਤਿਕਾਰਯੋਗ ਹੈ। ਔਰਤਾਂ ਆਪਣੇ ਹਰ ਚਾਅ, ਖ਼ੁਸ਼ੀ ਤੇ ਖ਼ੁਆਹਿਸ਼ ਵਿੱਚ ਮਰਦ ਦੀ ਸੁੱਖ ਮੰਗਦੀਆਂ ਹਨ। ਵਿਲੱਖਣ ਗੱਲ ਇਹ ਹੈ ਕਿ ਤੀਆਂ ਦੇ ਤਿਉਹਾਰ ਵਿੱਚ ਪੈਂਦੀਆਂ ਬੋਲੀਆਂ ਸਿੱਧੇ, ਅਸਿੱਧੇ ਰੂਪ ਵਿੱਚ ਮਰਦ ਦੀ ਖ਼ੁਸ਼ੀ ਲਈ ਦੁਆਵਾਂ ਵਰਗੀਆਂ ਹੀ ਹੁੰਦੀਆਂ ਹਨ। ਲੱਖ ਤਾਅਨੇ ਮਿਹਣੇ ਮਾਰ ਕੇ ਵੀ ਅੰਤ ਉਹ ਆਪਣੇ ਰਿਸ਼ਤਿਆਂ ਵਿਚਲੇ ਮਰਦਾਂ ਦੀ ਚੜ੍ਹਦੀ ਕਲਾ ਲਈ ਵਚਨਬੱਧ ਹੁੰਦੀਆਂ ਹਨ। ਇਹ ਔਰਤ ਮਨ ਦੀ ਕੋਮਲਤਾ ਦਾ ਪ੍ਰਮਾਣ ਹੈ।

ਜੁੱਗ ਜੁੱਗ ਰਹੇ ਵਸਦਾ, ਮੇਰੇ ਧਰਮੀ ਬਾਬਲ ਦਾ ਵਿਹੜਾੜ।

ਤੀਆਂ ਸਮਾਪਤ ਹੁੰਦਿਆਂ ਘਰੋ-ਘਰੀ ਜਾਣ ’ਤੇ ਪੇਕਿਆਂ ਤੋਂ ਆਪਣੇ ਸਹੁਰੇ ਜਾਣ ਦਾ ਡੋਬਾ ਤਾਂ ਪੈਂਦਾ ਹੈ, ਪਰ ਆਖ਼ਰੀ ਦਿਨ ਬੱਲੋ ਪੈਂਦਿਆਂ ਹੀ ਆਖ਼ਰੀ ਬੋਲੀ ਬੜੀ ਆਸ ਨਾਲ ਪਾਈ ਜਾਂਦੀ ਹੈ ਤਾਂ ਕਿ ਇਸ ਤਿਉਹਾਰ ਬਹਾਨੇ ਮਿਲਣ-ਗਿਲਣ, ਹੱਸਣ-ਖੇਡਣ, ਨੱਚਣ-ਟੱਪਣ ਦਾ ਸਿਲਸਿਲਾ ਚਲਦਾ ਰਹੇ:

ਤੀਆਂ ਤੀਜ ਦੀਆਂ<br>
ਵਰ੍ਹੇ ਦਿਨਾਂ ਨੂੰ ਫੇਰ...।

ਬਦਲਦੇ ਸਮੇਂ ਨੇ ਮਨੁੱਖੀ ਜ਼ਿੰਦਗੀ ਦੀ ਰਵਾਨੀ ਉਪਰ ਗਹਿਰਾ ਪਰਛਾਵਾਂ ਪਾਇਆ ਹੈ। ਜ਼ਿੰਦਗੀ ਵਿੱਚੋਂ ਮੜਕ, ਖੁੱਲ੍ਹਾਪਣ ਅਤੇ ਬੇਪਰਵਾਹੀ ਦੂਰ ਹੋ ਗਈ। ਨਿੱਤ ਦੀ ਭੱਜ ਦੌੜ ਨੇ ਜੀਵਨ ਦੇ ਬਹੁਤ ਸਾਰੇ ਰਸ ਖ਼ਤਮ ਕਰ ਦਿੱਤੇ ਹਨ। ਬਦਲ ਰਹੇ ਵਰਤਾਰੇ ਨੇ ਸਾਡੇ ਮੇਲਿਆਂ ਤਿਉਹਾਰਾਂ ’ਤੇ ਵੀ ਬਹੁਤ ਅਸਰ ਕੀਤਾ ਹੈ। ਕੁੜੀਆਂ, ਔਰਤਾਂ ਹੁਣ ਮਰਦਾਂ ਵਾਂਗ ਨੌਕਰੀਆਂ ਅਤੇ ਹੋਰ ਕੰਮ ਧੰਦਿਆਂ ਵਿੱਚ ਮਸ਼ਰੂਫ ਹਨ। ਸ਼ਾਇਦ ਇਸੇ ਕਰਕੇ ਤੀਆਂ ਵਰਗੇ ਤਿਉਹਾਰ ਖੁੱਲ੍ਹੇ ਡੁਲ੍ਹੇ ਪਿੜਾਂ ਵਿੱਚੋਂ ਸਿਮਟ ਕੇ ਸਟੇਜ ਜਾਂ ਸਕਰੀਨ ਤਕ ਸੀਮਿਤ ਹੋ ਗਏ ਹਨ। ਪਰ ਖ਼ੁਸ਼ੀ ਵਾਲੀ ਗੱਲ ਹੈ ਕਿ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਕਸਬਿਆਂ ਵਿੱਚ ਤੀਆਂ ਵਰਗੇ ਤਿਉਹਾਰ ਜਿਉਂਦੇ ਜਾਗਦੇ ਹਨ ਜਿਨ੍ਹਾਂ ਵਿੱਚ ਪੰਜਾਬ ਦੀ ਜ਼ਿੰਦਗੀ ਧੜਕਦੀ ਹੈ।

# ਸਿਰਫ਼ ਬੋਲਣ ਲਈ ਹੀ ਨਾ ਬੋਲੋ

ਸੰਤੋਖ ਸਿੰਘ ਭਾਣਾ



ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਸ਼ਬਦਾਂ ਦਾ ਅਥਾਹ ਭੰਡਾਰ ਮੌਜੂਦ ਹੈ। ਸ਼ਬਦ ਬਹੁਤ ਵੱਡਮੁੱਲੇ ਅਤੇ ਮਹੱਤਵਪੂਰਨ ਹੁੰਦੇ ਹਨ, ਪਰ ਇਨ੍ਹਾਂ ਦਾ ਮਹੱਤਵ ਅਰਥਾਂ ’ਤੇ ਨਿਰਭਰ ਕਰਦਾ ਹੈ। ਬਿਨਾਂ ਅਰਥਾਂ ਦੇ ਸ਼ਬਦਾਂ ਦੀ ਕੋਈ ਕੀਮਤ ਨਹੀਂ, ਕੋਈ ਮਹੱਤਵ ਨਹੀਂ। ਇਸ ਦੇ ਬਿਨਾਂ ਇਹ ਵਿਅਰਥ ਅਤੇ ਬੇਕਾਰ ਹਨ। ਸਾਡੀ ਬੋਲਬਾਣੀ ਸ਼ਬਦਾਂ ਦਾ ਹੀ ਸਮੂਹ ਹੁੰਦੀ ਹੈ। ਬੋਲਬਾਣੀ ਦੀ ਲੋੜ ਅਨੁਸਾਰ ਸੁਚੱਜਤਾ ਨਾਲ ਕੀਤੀ ਗਈ ਵਰਤੋਂ ਨਾਲ ਵੱਡੀਆਂ-ਵੱਡੀਆਂ ਉਲਝਣਾਂ ਅਤੇ ਸਮੱਸਿਆਵਾਂ ਦਾ ਨਿਬੇੜਾ ਸੰਭਵ ਹੈ। ਹਰੇਕ ਥਾਂ ਅਤੇ ਹਰੇਕ ਸਮਾਂ ਬੋਲਣ ਦੇ ਯੋਗ ਨਹੀਂ ਹੁੰਦੇ। ਕਈ ਵਾਰ ਕਿਸੇ ਥਾਂ ’ਤੇ ਚੁੱਪ ਕਰ ਜਾਣਾ ਜਾਂ ਘੱਟ ਬੋਲਣਾ ਵੀ ਸਾਡੀ ਕਾਮਯਾਬੀ ਅਤੇ ਸਾਡੀ ਸਿਆਣਪ ਲਈ ਫਾਇਦੇਮੰਦ ਹੁੰਦਾ ਹੈ। ਇਹ ਸਭ ਨਿਰਭਰ ਹੈ ਤੁਹਾਡੀ ਉਸਾਰੂ ਅਤੇ ਸਮਝਦਾਰੀ ਭਰੀ ਬੋਲਚਾਲ ’ਤੇ। ਕਈ ਵਾਰ ਸਿਰਫ਼ ਦੋ ਸ਼ਬਦਾਂ ਨਾਲ ਹੀ ਗੱਲ ਬਣ ਜਾਂ ਵਿਗੜ ਜਾਂਦੀ ਹੈ।

ਜ਼ਿਆਦਾ ਬੋਲਣ ਵਾਲੇ ਬੰਦੇ ਕੁਝ ਸਮੇਂ ਲਈ ਹੀ ਪਸੰਦ ਕੀਤੇ ਜਾਂਦੇ ਹਨ। ਘੱਟ ਬੋਲਣ ਵਾਲੇ ਆਦਮੀ ਜ਼ਿਆਦਾ ਸਤਿਕਾਰੇ ਜਾਂਦੇ ਹਨ। ਜੋ ਆਦਮੀ ਜ਼ਿਆਦਾ ਬੋਲਦੇ ਹਨ, ਉਸਦੇ ਪਿੱਛੇ ਇੱਕ ਖ਼ਾਸ ਕਾਰਨ ਇਹ ਹੁੰਦਾ ਹੈ ਕਿ ਕਿਧਰੇ ਨਾ ਕਿਧਰੇ ਉਨ੍ਹਾਂ ਨੂੰ ਆਪਣੇ ਕਮਜ਼ੋਰ ਪੱਖ ਦਾ ਗਿਆਨ ਹੁੰਦਾ ਹੈ। ਉਨ੍ਹਾਂ ਨੂੰ ਆਪਣੇ ਦਿਮਾਗ਼ ਦੀ ਸ਼ਾਂਤੀ ’ਤੇ ਸ਼ੱਕ ਹੁੰਦਾ ਹੈ। ਬਸ ਇਹੀ ਕਮਜ਼ੋਰੀਆਂ ਜ਼ਾਹਿਰ ਨਾ ਹੋ ਜਾਣ ਇਸੇ ਲਈ ਉਹ ਜ਼ਿਆਦਾ ਬੋਲਕੇ ਆਪਣੀ ਮਾਨਸਿਕ ਸ਼ਕਤੀ ਦਾ ਵਿਖਾਵਾ ਕਰਨ ਲਈ ਵਿਆਕੁਲ ਰਹਿੰਦੇ ਹਨ।

ਕਈ ਵਾਰ ਅਸੀਂ ਵੇਖਦੇ ਹਾਂ ਕਿ ਕੁਝ ਬੋਲਣ ਤੋਂ ਪਹਿਲਾਂ ਸਾਹਮਣੇ ਵਾਲਾ ਆਦਮੀ ਕਹਿੰਦਾ ਹੈ ਕਿ ‘ਜ਼ਰਾ ਸੰਖੇਪ ’ਚ ਹੀ ਗੱਲ ਕਰਨਾ।’ ਇਸਦਾ ਮਤਲਬ ਸਾਫ਼ ਹੈ ਕਿ ਤੁਸੀਂ ਜੋ ਕਹਿਣ ਜਾ ਰਹੇ ਹੋ ਉਸਨੂੰ ਸੁਣਨ ਵਿੱਚ ਕਿਸੇ ਨੂੰ ਜ਼ਰਾ ਜਿੰਨੀ ਵੀ ਦਿਲਚਸਪੀ ਨਹੀਂ ਹੈ। ਉਹ ਤਾਂ ਤੁਹਾਨੂੰ ਸਿਰਫ਼ ਇਸ ਲਈ ਬੋਲਣ ਦਾ ਮੌਕਾ ਦੇ ਰਹੇ ਹਨ ਤਾਂ ਕਿ ਤੁਸੀਂ ਆਪਣੀ ਬੋਲਣ ਦੀ ਭੁੱਖ ਨੂੰ ਮਿਟਾ ਲਉ। ਦੁਨੀਆਂ ਵਿੱਚ ਕਿਸੇ ਵੀ ਆਦਮੀ ਨੂੰ ਸਮਝਣ ਲਈ ਉਸਦੇ ਸਾਹਮਣੇ ਬੋਲਣਾ ਜ਼ਰੂਰੀ ਨਹੀਂ ਹੈ, ਉਸਨੂੰ ਸੁਣਨਾ ਜ਼ਰੂਰੀ ਹੈ। ਹੱਸਣਾ ਜਿੰਨਾ ਤੁਹਾਡੀ ਸਿਹਤ ਲਈ ਚੰਗਾ ਹੈ, ਜ਼ਿਆਦਾ ਬੋਲਣਾ ਤੁਹਾਡੀ ਸਿਹਤ ਲਈ ਉੱਨਾ ਹੀ ਖਰਾਬ ਹੈ। ਜਿੱਥੋਂ ਤਕ ਸੰਭਵ ਹੋ ਸਕੇ ਚੁੱਪ ਰਹਿਣ ਦੀ ਆਦਤ ਪਾਓ। ਇਹ ਦੁਨੀਆਂ ਸ਼ਾਂਤ ਅਤੇ ਚੁੱਪ ਰਹਿਣ ਵਾਲੇ ਆਦਮੀਆਂ ਨੂੰ ਸਿਆਣੇ ਅਤੇ ਅਕਲਮੰਦ ਇਨਸਾਨ ਸਮਝਦੀ ਹੈ।

ਬਿਹਤਰ ਹੈ ਕਿ ਠੋਕਰ ਪੈਰ ਤੋਂ ਖਾਓ ਨਾ ਕਿ ਜੀਭ ਤੋਂ। ਜੋ ਲੋਕ ਘੱਟ ਬੋਲਦੇ ਹਨ ਉਨ੍ਹਾਂ ਦੇ ਸ਼ਬਦਾਂ ਦੀ ਕੀਮਤ ਐਨੀ ਜ਼ਿਆਦਾ ਹੁੰਦੀ ਹੈ ਕਿ ਅਸੀਂ ਤਾਰਨ ਵਿੱਚ ਅਸਮਰੱਥ ਹੁੰਦੇ ਹਾਂ। ਅਜਿਹੇ ਲੋਕਾਂ ਨੂੰ ‘ਮੁਆਫ਼ ਕਰਨਾ’ ਕਹਿਣ ਦੀ ਕਦੇ ਵੀ ਲੋੜ ਨਹੀਂ ਪੈਂਦੀ।

ਜ਼ਿਆਦਾ ਬੋਲਣਾ ਸਾਰੇ ਸਮਾਜਿਕ ਦੋਸ਼ਾਂ ਵਿੱਚੋਂ ਸਭ ਤੋਂ ਬੁਰਾ ਦੋਸ਼ ਹੈ। ਜੇਕਰ ਤੁਹਾਡੇ ਵਿੱਚ ਇਹ ਦੋਸ਼ ਹੈ ਤਾਂ ਤੁਹਾਡਾ ਸਭ ਤੋਂ ਗੂੜ੍ਹਾ ਦੋਸਤ ਵੀ ਤੁਹਾਨੂੰ ਇਸ ਬਾਰੇ ਨਹੀਂ ਦੱਸੇਗਾ, ਸਗੋਂ ਉਹ ਤੁਹਾਡੇ ਤੋਂ ਕੰਨੀ ਕਤਰਾਉਂਦਾ ਫਿਰੇਗਾ।

ਸ਼ਾਂਤ ਰਹਿਕੇ ਸੁਣਨ ਦਾ ਇੱਕ ਹੋਰ ਫਾਇਦਾ ਇਹ ਹੈ ਕਿ ਅਸੀਂ ਸਾਹਮਣੇ ਵਾਲੇ ਦੀਆਂ ਗੱਲਾਂ ਸੁਣਨ ਤੋਂ ਹੀ ਸਮਝ ਜਾਂਦੇ ਹਾਂ ਕਿ ਉਹ ਕੀ ਸੋਚ ਰਿਹਾ ਹੈ ਅਤੇ ਕੀ ਕਰਨਾ ਚਾਹੁੰਦਾ ਹੈ। ਜੇਕਰ ਤੁਸੀਂ ਸਾਹਮਣੇ ਵਾਲੇ ਦੀਆਂ ਗੱਲਾਂ ਵੱਲ ਧਿਆਨ ਕੇਂਦਰਿਤ ਕਰੋਗੇ ਤਾਂ ਹੀ ਤੁਸੀਂ ਉਸਨੂੰ ਆਪਣੀ ਗੱਲ ਸੁਣਨ ਲਈ ਮਜਬੂਰ ਕਰ ਸਕੋਗੇ।

ਲੋਕੀ ਹਮੇਸ਼ਾਂ ਉਸ ਆਦਮੀ ਤੋਂ ਨਫ਼ਰਤ ਕਰਦੇ ਹਨ ਜੋ ਆਪਣੇ ਦਿਮਾਗ਼ ਦੇ ਇੰਜਣ ਨੂੰ ਚਾਲੂ ਕੀਤੇ ਬਿਨਾਂ ਹੀ ਮੂੰਹ ਨੂੰ ਟਾਪ ਗੇਅਰ ਵਿੱਚ ਪਾ ਲੈਂਦੇ ਹਨ। ਜ਼ਿਆਦਾਤਰ ਬੰਦੇ ਬੋਲਣ ਲਈ ਕਾਹਲੇ ਹੋਏ ਰਹਿੰਦੇ ਹਨ। ਸੁਣਨਾ ਕਿਸੇ ਨੂੰ ਵੀ ਪਸੰਦ ਨਹੀਂ, ਪਰ ਕੁਦਰਤ ਦਾ ਨਿਯਮ ਹੈ ਕਿ ਅਸੀਂ ਦੁੱਗਣਾ ਸੁਣੀਏ ਅਤੇ ਉਸਤੋਂ ਅੱਧਾ ਬੋਲੀਏ। ਕਾਰਨ ਸਾਫ਼ ਹੈ- ਸਾਡੀ ਜੀਭ ਤਾਂ ਇੱਕ ਹੈ ਤੇ ਕੰਨ ਦੋ। ਵੇਖਿਆ ਗਿਆ ਹੈ ਕਿ ਜੋ ਲੋਕ ਜ਼ਿਆਦਾ ਬੋਲਣਾ ਪਸੰਦ ਕਰਦੇ ਹਨ ਉਨ੍ਹਾਂ ਨੂੰ ਕੋਈ ਸੁਣਨਾ ਪਸੰਦ ਨਹੀਂ ਕਰਦਾ। ਜਿਹੜੇ ਬੰਦੇ ਸ਼ਾਂਤ ਰਹਿਣਾ ਜਾਣਦੇ ਹਨ, ਦੁਨੀਆਂ ਉਨ੍ਹਾਂ ਨੂੰ ਸੁਣਨ ਲਈ ਵਿਆਕੁਲ ਰਹਿੰਦੀ ਹੈ।

ਜ਼ਰੂਰੀ ਨਹੀਂ ਕਿ ਲੋਕੀਂ ਇਸ ਲਈ ਬੋਲਦੇ ਹਨ ਕਿ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਮਤਲਬ ਨਿਕਲੇ। ਬਹੁਤੇ ਲੋਕੀ ਤਾਂ ਸਿਰਫ਼ ਬੋਲਣ ਲਈ ਹੀ ਬੋਲਦੇ ਹਨ। ਉਹ ਆਪਣੀ ਬੋਲਬਾਣੀ ਰਾਹੀਂ ਆਪਣੇ ਆਪ ਨੂੰ ਸਿੱਧ ਕਰਨ ਵਿੱਚ ਲੱਗੇ ਰਹਿੰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਦੂਸਰਿਆਂ ਨੂੰ ਬਿਨਾਂ ਦੇਖੇ ਹੀ ਬੋਲਕੇ ਸਭ ਕੁਝ ਦਿਖਾ ਦਿੱਤਾ ਜਾਵੇ। ਬਹੁਤੇ ਲੋਕੀਂ ਝੂਠੀਆਂ ਘਟਨਾਵਾਂ ਨੂੰ ਆਪਣੀਆਂ ਗੱਲਾਂ ਰਾਹੀਂ ਸੱਚੀਆਂ ਅਤੇ ਆਕਰਸ਼ਕ ਬਣਾਉਣ ਦੀ ਕੋਸ਼ਿਸ਼ ਵਿੱਚ ਵੱਧ ਤੋਂ ਵੱਧ ਬੋਲਦੇ ਹਨ।

ਮੌਨ ਰਹਿਣਾ ਹਰ ਹਾਲਤ ਵਿੱਚ ਲਾਭਕਾਰੀ ਹੈ। ਬੋਲਣ ਨਾਲ ਜਿੰਨੇ ਸਮੇਂ ਵਿੱਚ ਅਸੀਂ ਜਿਹੜੇ ਵਿਚਾਰ ਪ੍ਰਗਟ ਕਰਦੇ ਹਾਂ, ਸ਼ਾਂਤ ਰਹਿਕੇ ਉਸਤੋਂ ਕਈ ਗੁਣਾ ਜ਼ਿਆਦਾ ਵਿਚਾਰ ਅਸੀਂ ਉੱਨੇ ਹੀ ਸਮੇਂ ਵਿੱਚ ਆਪਣੇ ਮਨ ਵਿੱਚ ਉਤਪਨ ਕਰ ਸਕਦੇ ਹਾਂ। ਜ਼ਿਆਦਾਤਰ ਇਕੱਠਾਂ ਵਿੱਚ ਲੋਕ ਬੋਲਣ ਵਾਲੇ ਨੂੰ ਸੁਣਦੇ ਘੱਟ ਅਤੇ ਵੇਖਦੇ ਜ਼ਿਆਦਾ ਹਨ। ਇੱਕ ਹਿੰਦੀ ਲੇਖਿਕਾ ਨੇ ਆਪਣਾ ਸਾਢੇ ਤਿੰਨ ਸੌ ਸਫਿਆ ਦਾ ਨਾਵਲ ਛਪਣ ਲਈ ਪ੍ਰਕਾਸ਼ਕ ਕੋਲ ਭੇਜਿਆ। ਮੈਂ ਉਸ ਨਾਲ ਨਾਵਲ ਦੇ ਜ਼ਿਆਦਾ ਵਿਸਥਾਰ ਬਾਰੇ ਗੱਲ ਕੀਤੀ ਤਾਂ ਉਹ ਕਹਿਣ ਲੱਗੀ ਕਿ ਅਜੇ ਤਾਂ ਮੇਰੀ ਗੱਲ ਵੀ ਪੂਰੀ ਨਹੀਂ ਹੋਈ। ਸਮਝਦਾਰ ਆਦਮੀ ਇੱਕ ਸ਼ਬਦ ਕਹਿੰਦਾ ਹੈ ਅਤੇ ਦੋ ਸ਼ਬਦ ਸੁਣਦਾ ਹੈ। ਖੁੱਲ੍ਹੇ ਦਿਲ ਵਾਲਾ ਆਦਮੀ ਤਾਂ ਹੀ ਮਹੱਤਵਪੂਰਨ ਹੁੰਦਾ ਹੈ ਜੇਕਰ ਉਹ ਖੁੱਲ੍ਹੇ ਕੰਨਾਂ ਵਾਲਾ ਵੀ ਹੋਵੇ। ਸਮਝਦਾਰੀ ਇਸ ਵਿੱਚ ਨਹੀਂ ਕਿ ਅਸੀਂ ਕਿਉਂ ਬੋਲਦੇ ਹਾਂ ? ਸਗੋਂ ਇਸ ਵਿੱਚ ਹੈ ਕਿ ਅਸੀਂ ਕੀ ਬੋਲਦੇ ਹਾਂ ?

ਸੰਪਰਕ: 98152-96475

# ਬੱਚਿਆਂ ਲਈ ਹਾਨੀਕਾਰਕ ਹੈ ਵੀਡੀਓ ਗੇਮ ਦੀ ਰੁਚੀ

ਸਤਵਿੰਦਰ ਸਿੰਘ ਅਰਾਈਆਂਵਾਲਾ

ਆਧੁਨਿਕ ਸਮੇਂ ਵਿਚ ਮਸ਼ੀਨੀਕਰਨ ਹੋਣ ਕਰਕੇ ਸਾਰਾ ਕੰਮ ਮਸ਼ੀਨਾਂ ਰਾਹੀਂ ਹੋਣ ਲੱਗ ਪਿਆ ਹੈ। ਇਥੋਂ ਤੱਕ ਕਿ ਬੱਚਿਆਂ ਦੀਆਂ ਖੇਡਾਂ ਦਾ ਵੀ ਮਸ਼ੀਨੀਕਰਨ ਹੋ ਚੁੱਕਾ ਹੈ। ਪਹਿਲਾਂ ਬੱਚੇ ਖੁੱਲ੍ਹੇ ਮੈਦਾਨਾਂ ਵਿਚ ਜਾ ਕੇ ਖੁੱਲ੍ਹੀ ਹਵਾ ਵਿਚ ਸਰੀਰਕ ਖੇਡਾਂ ਖੇਡਦੇ ਸਨ। ਖੁੱਲ੍ਹੀ ਹਵਾ ਵਿਚ ਖੇਡੀਆਂ ਗਈਆਂ ਖੇਡਾਂ ਬੱਚਿਆਂ ਦੀ ਸਿਹਤ ਨੂੰ ਤੰਦਰੁਸਤ ਰੱਖਦੀਆਂ ਸਨ।

ਗੁੱਲੀ-ਡੰਡਾ, ਫੜਨ-ਫੜੀਚੀ, ਖੋ-ਖੋ, ਬਾਂਦਰ-ਕਿੱਲਾ, ਖਿੱਦੋ ਖੂੰਡੀ ਆਦਿ ਖੇਡਾਂ ਖੇਡਦੇ ਤਾਂ ਬੱਚੇ ਆਮ ਹੀ ਦਿਖਾਈ ਦਿੰਦੇ ਸਨ ਪਰ ਆਧੁਨਿਕ ਸਮੇਂ ਵਿਚ ਤਾਂ ਖੇਡਾਂ ਮੋਬਾਈਲ, ਕੰਪਿਊਟਰਾਂ ਉੱਪਰ ਹੀ ਖੇਡੀਆਂ ਜਾਣ ਲੱਗ ਪਈਆਂ ਹਨ। ਹਰ ਬੱਚਾ ਵੀਡੀਓ ਗੇਮ ਖੇਡ ਕੇ ਹੀ ਖ਼ੁਸ਼ ਹੁੰਦਾ ਹੈ। ਕਾਰ ਰੇਸ, ਵਾਈਸ ਸਿਟੀ, ਕੈਂਡੀ ਕਰੱਸ਼, ਟੈਂਪਰ ਰਨ, ਸਬ ਵੇਅ ਅਤੇ ਅਜਿਹੀਆਂ ਹੋਰ ਪਤਾ ਨਹੀਂ ਕਿੰਨੀਆਂ ਖੇਡਾਂ ਹਨ, ਜੋ ਬੱਚੇ ਖੇਡ ਰਹੇ ਹਨ। ਇਕ ਵਾਰ ਜੋ ਬੱਚਾ ਵੀਡੀਓ ਗੇਮਜ਼ ਖੇਡਣ ਲੱਗ ਪੈਂਦਾ ਹੈ, ਫਿਰ ਵਾਰ-ਵਾਰ ਘੰਟਿਆਂਬੱਧੀ ਉਹ ਇਹ ਖੇਡਾਂ ਖੇਡਦਾ ਰਹਿੰਦਾ ਹੈ, ਜਿਸ ਨਾਲ ਉਨ੍ਹਾਂ ਦੀਆਂ ਅੱਖਾਂ ’ਤੇ ਬੁਰਾ ਅਸਰ ਪੈਂਦਾ ਹੈ। ਪਹਿਲਾਂ ਬੱਚਿਆਂ ਦਾ ਸਾਰਾ ਸਰੀਰ ਖੇਡਾਂ ਖੇਡਦਾ ਸੀ ਪਰ ਹੁਣ ਤਾਂ ਖੇਡ ਹੱਥ ਦੀਆਂ ਉਂਗਲਾਂ ਤੱਕ ਹੀ ਸੀਮਤ ਰਹਿ ਗਈ ਹੈ। ਬੱਚੇ ਸਾਰਾ-ਸਾਰਾ ਦਿਨ ਪੂਰਾ ਧਿਆਨ ਲਾ ਕੇ ਵੀਡੀਓ ਗੇਮ ਖੇਡਦੇ ਰਹਿੰਦੇ ਹਨ, ਜਿਸ ਦਾ ਬਹੁਤ ਹੀ ਬੁਰਾ ਅਸਰ ਉਨ੍ਹਾਂ ਦੇ ਸਰੀਰ ਅਤੇ ਦਿਮਾਗ ਉੱਪਰ ਪੈਂਦਾ ਹੈ। ਖੇਡਣ-ਕੁੱਦਣ ਦੀ ਬਜਾਏ ਇਕ ਜਗ੍ਹਾ ਬੈਠੇ ਰਹਿਣ ਕਰਕੇ ਸਰੀਰ ’ਤੇ ਮੋਟਾਪਾ ਵਧ ਜਾਂਦਾ ਹੈ। ਲਗਾਤਾਰ ਸਕਰੀਨ ਵੱਲ ਦੇਖਣ ਕਰਕੇ ਅੱਖਾਂ ਦੀ ਰੌਸ਼ਨੀ ਘਟ ਜਾਂਦੀ ਹੈ ਅਤੇ ਸਰੀਰਕ ਗਤੀਵਿਧੀ ਨਾ ਹੋਣ ਕਰਕੇ ਅਜਿਹੇ ਬੱਚਿਆਂ ਦਾ ਸਰੀਰ ਕਮਜ਼ੋਰ ਅਤੇ ਆਲਸੀ ਬਣ ਜਾਂਦਾ ਹੈ।

ਜਿਹੜੇ ਬੱਚੇ ਖੁੱਲ੍ਹੇ ਮੈਦਾਨਾਂ ਵਿਚ ਸਰੀਰਕ ਖੇਡਾਂ ਖੇਡਦੇ ਹਨ, ਉਹ ਬੱਚੇ ਤੰਦਰੁਸਤ ਰਹਿੰਦੇ ਹਨ। ਅਜਿਹੇ ਬੱਚਿਆਂ ਦਾ ਦਿਮਾਗ ਵੀ ਤਰੋਤਾਜ਼ਾ ਰਹਿੰਦਾ ਹੈ, ਜਿਸ ਕਰਕੇ ਪੜ੍ਹਾਈ ਵਿਚ ਵੀ ਮਨ ਲਗਦਾ ਹੈ ਅਤੇ ਪੜ੍ਹਿਆ ਯਾਦ ਰਹਿੰਦਾ ਹੈ। ਸਰੀਰਕ ਖੇਡਾਂ ਖੇਡਣ ਨਾਲ ਬੱਚੇ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਹੁੰਦਾ ਹੈ। ਅਜਿਹੇ ਬੱਚੇ ਹਮੇਸ਼ਾ ਚੁਸਤ ਅਤੇ ਚਲਾਕ ਰਹਿੰਦੇ ਹਨ। ਅਜਿਹੇ ਬਹੁਤ ਹੀ ਫਾਇਦੇ ਹਨ, ਜੋ ਸਰੀਰਕ ਖੇਡਾਂ ਖੇਡਣ ਨਾਲ ਮਿਲਦੇ ਹਨ। ਵੀਡੀਓ ਗੇਮਜ਼ ਨਾਲ ਤਾਂ ਬੱਚਿਆਂ ਦਾ ਮਾਨਸਿਕ ਅਤੇ ਸਰੀਰਕ ਨੁਕਸਾਨ ਹੀ ਹੁੰਦਾ ਹੈ। ਅੱਖਾਂ ’ਤੇ ਲੱਗੇ ਮੋਟੇ ਚਸ਼ਮੇ, ਸਰੀਰਕ ਕਮਜ਼ੋਰੀ, ਕੱਦ ਦਾ ਨਾ ਵਧਣਾ, ਮੋਟਾਪਾ ਆਦਿ ਸਰੀਰਕ ਖੇਡਾਂ ਨਾ ਖੇਡਣ ਦਾ ਹੀ ਪ੍ਰਭਾਵ ਹਨ। ਕਈ ਲੋਕਾਂ ਦਾ ਕਹਿਣਾ ਹੈ ਕਿ ਵੀਡੀਓ ਗੇਮਜ਼ ਖੇਡਣ ਨਾਲ ਦਿਮਾਗ ਤੇਜ਼ ਹੁੰਦਾ ਹੈ। ਤਾਂ ਅਜਿਹੇ ਦਿਮਾਗ ਤੇਜ਼ ਕੀਤੇ ਦਾ ਕੀ ਫਾਇਦਾ, ਜਿਸ ਨਾਲ ਸਰੀਰ ਕਮਜ਼ੋਰ ਬਣ ਜਾਵੇ ਤੇ ਬੱਚੇ ਦੀ ਅੱਖਾਂ ਦੀ ਰੌਸ਼ਨੀ ਘਟ ਜਾਵੇ। ਛੋਟੇ-ਛੋਟੇ ਮੈਦਾਨਾਂ ਵਿਚ ਖੇਡਣ ਵਾਲਾ ਉਲੰਪਿਕ ਵਰਗੇ ਪੱਧਰ ’ਤੇ ਖੇਡਦਾ ਦੇਖਿਆ ਗਿਆ ਹੈ। ਇਥੇ ਇਹ ਵਰਨਣਯੋਗ ਹੈ ਕਿ ਜੋ ਸਰੀਕ ਖੇਡਾਂ ਖੇਡਦਾ ਹੈ, ਉਹ ਪੜ੍ਹਦਾ ਵੀ ਬਹੁਤ ਹੁੰਦਾ ਹੈ।

ਇਸ ਲਈ ਮਾਪਿਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਬੱਚਿਆਂ ਨੂੰ ਵੀਡੀਓ ਗੇਮਜ਼ ਦੀ ਬਜਾਏ ਸਰੀਰਕ ਖੇਡਾਂ ਖਿਡਾਉਣ ਵੱਲ ਧਿਆਨ ਦੇਣ। ਮਾਪੇ ਬੱਚਿਆਂ ਨੂੰ ਸਰੀਰਕ ਖੇਡਾਂ ਬਾਰੇ ਜਾਣਕਾਰੀ ਦੇਣ ਅਤੇ ਬੱਚਿਆਂ ਨੂੰ ਖੇਡਾਂ ਖਿਡਾਉਣ। ਜਿਨ੍ਹਾਂ ਸ਼ਹਿਰਾਂ ਵਿਚ ਮੈਦਾਨਾਂ ਦੀ ਘਾਟ ਹੈ, ਉਥੇ ਮਾਤਾ-ਪਿਤਾ ਜਾਂ ਤਾਂ ਬੱਚਿਆਂ ਨੂੰ ਮੈਦਾਨਾਂ ਵਿਚ ਲੈ ਕੇ ਜਾਣ ਜਾਂ ਫਿਰ ਘਰ ਵਿਚ ਖੇਡੀਆਂ ਜਾਣ ਵਾਲੀਆਂ ਸਰੀਰਕ ਖੇਡਾਂ ਖਿਡਾਈਆਂ ਜਾਣ। ਜਿੰਨਾ ਬੱਚਾ ਖੇਡੇਗਾ, ਓਨਾ ਹੀ ਬੱਚੇ ਦਾ ਸਰੀਰਕ ਤੇ ਮਾਨਸਿਕ ਵਿਕਾਸ ਹੋਵੇਗਾ। ਖੇਡਣ ਨਾਲ ਮਨ ਤਰੋਤਾਜ਼ਾ ਹੁੰਦਾ ਹੈ ਤੇ ਪੜ੍ਹਾਈ ਵੱਲ ਵੀ ਧਿਆਨ ਜ਼ਿਆਦਾ ਜਾਂਦਾ ਹੈ। ਇਸ ਲਈ ਮਾਪੇ ਹੁਣ ਤੋਂ ਹੀ ਇਹ ਟੀਚਾ ਮਿੱਥ ਲੈਣ ਕਿ ਅਸੀਂ ਆਪਣੇ ਬੱਚਿਆਂ ਨੂੰ ਵੀਡੀਓ ਗੇਮ ਦੇ ਜਾਲ ਵਿਚੋਂ ਕੱਢ ਕੇ ਸਰੀਰਕ ਖੇਡਾਂ ਖੇਡਣ ਲਾਉਣਾ ਹੈ, ਜਿਸ ਨਾਲ ਬੱਚਾ ਚੁਸਤ-ਦਰੁਸਤ ਰਹੇਗਾ।

ਮੋਬਾ: 87290-43571

ਸ਼ਬਦੋ ਵਣਜਾਰਿਓ

# ਦਰਸ਼ਨ



ਪਰਮਜੀਤ ਢੀਂਗਰਾ
94173-58120

ਫ਼ਾਰਸੀ ਕੋਸ਼ ਵਿਚ ਦਰਸ਼ਨ ਅਥਵਾ ਫਲਸਫ਼ੇ ਦਾ ਅਰਥ ਹੈ-ਫੈਲਸੂਫ ਹੋਣਾ, ਦਰਸ਼ਨ, ਫਲਸਫ਼ੀ-ਫਲਸਫ਼ੇ ਦਾ ਮਾਹਿਰ, ਸਿਆਣਾ, ਚਿੰਤਕ। ਦਰਸ਼ਨ-ਅਰਥਾਤ ਦੇਖਣਾ, ਕਿਰਿਆ ਸੰਸਕ੍ਰਿਤ ਦੀ ਧਾਤੂ-ਦ੍ਰਸ਼ ਵਿੱਚੋਂ ਨਿਕਲੀ ਹੈ ਜਿਸ ਦਾ ਭਾਵ ਹੈ ਦੇਖਣਾ, ਗੂੜ੍ਹ ਨਿਗ੍ਹਾ ਨਾਲ ਦੇਖਣਾ। ਫਿਲਾਸਫੀ ਦੀ ਉਤਪਤੀ ਗਰੀਕ ਸ਼ਬਦ ਸ਼. ਜ਼+ਛ+ਸ਼.ਜ਼ ਤੋਂ ਹੋਈ ਹੈ ਜਿਸ ਦਾ ਭਾਵ ਹੈ-ਗਿਆਨ ਮਾਰਗ ਜਾਂ ਗਿਆਨ ਦੀ ਲਾਲਸਾ। ਗਰੀਕ ਵਿੱਚੋਂ ਸਫ਼ਰ ਕਰਦਾ ਇਹ ਲੈਟਿਨ ਵਿਚ ਗਿਆ ਤੇ ਓਥੋਂ ਪੁਰਾਤਨ ਫਰੈਂਚ ਵਿਚ ਇਹ ਬਣਿਆ-ਜ਼+ਛ+ਜ਼ਬ ਜੋ ਅੰਗਰੇਜ਼ੀ ਵਿਚ ਜਾ ਕੇ ਸ਼. ਜ਼+ਛ+ਸ਼.ਢ ਬਣਿਆ। ਸ਼.ਜ਼+ਦਾ ਅਰਥ ਹੈ-ਪ੍ਰੇਮ ਪੂਰਵਕ ਅਤੇ ਛ+ਸ਼.ਜ਼ਛ ਦਾ ਅਰਥ ਹੈ-ਗਿਆਨ। ਫਲਸਫ਼ਾ ਮੂਲ ਰੂਪ ਵਿਚ ਅਰਬੀ ਦਾ ਸ਼ਬਦ ਹੈ। ਅਰਬੀ ਵਿਚ ਇਹ ਗਰੀਕ ਰਾਹੀਂ ਗਿਆ ਹੈ। ਅਰਬ ਵਿਚ ਜਦੋਂ ਫਿਲਾਸਫੀਕਲ ਸਾਹਿਤ ਰਚਿਆ ਜਾਣ ਲੱਗਿਆ ਤਾਂ ਇਹ ਸ਼ਬਦ ਓਥੇ ਹਾਜ਼ਰ ਹੋਇਆ। ਦਰਸ਼ਨ ਵਿਚ ਦ੍ਰਿਸ਼ਟੀ ਦੇ ਨਾਲ -ਨਾਲ ਦ੍ਰਿਸ਼ਟੀਗੋਚਰ ਕਰਨਾ, ਸਿਖਣਾ, ਜਾਣਨ ਤੇ ਸਮਝਣ ਦੇ ਭਾਵ ਵੀ ਹਨ। ਲੋਕਾਂ ਨੂੰ ਰਸਤਾ ਦਿਖਾਉਣਾ, ਗਿਆਨ ਬੋਧ ਕਰਾਉਣਾ, ਸਿਧ ਕਰਨਾ ਸਾਰੇ ਦਰਸ਼ਨ ਦੇ ਘੇਰੇ ਦੇ ਸ਼ਬਦ ਹਨ। ਮਹਾਨ ਕੋਸ਼ ਅਨੁਸਾਰ-ਦਰਸ਼ਨ-ਦੇਖਣ ਦਾ ਸਾਧਨ, ਨੇਤਰ, ਦੀਦਾਰ। ਚਾਰ ਪ੍ਰਕਾਰ ਦੇ ਦਰਸ਼ਨ ਮੰਨੇ ਗਏ ਹਨ-(ੳ)ਸ੍ਰਵਣ ਦਰਸ਼ਨ ਪ੍ਰੀਤਮ ਦਾ ਗੁਣ ਰੂਪ ਸੁਣ ਕੇ ਉਸ ਦੇ ਹਿਰਦੇ ਵਿਚ ਦਰਸ਼ਨ ਕਰਨਾ। (ਅ) ਚਿੱਤਰ ਦਰਸ਼ਨ-ਪ੍ਰੀਤਮ ਦੀ ਮੂਰਤ ਦਾ ਦੀਦਾਰ। (ੲ) ਸੁਪਨ ਦਰਸ਼ਨ-ਪਿਆਰੇ ਨੂੰ ਸੁਪਨੇ ਵਿਚ ਦੇਖਣਾ। (ਸ) ਪ੍ਰਤਯਕ ਦਰਸ਼ਨ-ਪ੍ਰੇਮੀ ਦਾ ਸਾਕਾਰ ਦੀਦਾਰ ਕਰਨਾ। ਦਰਸ਼ਨੀ- ਸੋਹਣਾ ਸੁਨੱਖਾ, ਦਰਸ਼ਨੀ ਹੁੰਡੀ-ਜਿਸ ਨੂੰ ਦਿਖਾਂਦੇ ਸਾਰ ਰੁਪਏ ਮਿਲ ਜਾਣ; ਦਰਸ਼ਨੀ ਡਿਓੜੀ, ਦਰਵਾਜ਼ਾ, ਦੁਆਰ-ਮੰਦਰ ਦਾ ਮੁੱਖ ਦੁਆਰ। ਦਰਸ਼ਨ ਛੇ ਪ੍ਰਕਾਰ ਦੇ ਮੰਨੇ ਗਏ ਹਨ -1. ਨਿਆਂਏ ਦਰਸ਼ਨ, 2. ਵੈਸ਼ੇਵਿਕ ਦਰਸ਼ਨ, 3. ਸਾਂਖ ਦਰਸ਼ਨ, 4. ਯੋਗ ਦਰਸ਼ਨ, 5. ਪੂਰਵ ਮੀਮਾਂਸਾ, 6. ਉਤਰ-ਮੀਮਾਂਸਾ। ਪੰਜਾਬੀ ਕੋਸ਼ ਅਨੁਸਾਰ-ਵੇਖਣ ਦਾ ਭਾਵ, ਦੀਦਾਰ, ਕਿਸੇ ਦੇਵਤੇ, ਦੇਵ ਮੂਰਤੀ ਦੇ ਦਰਸ਼ਨ, ਮੇਲ ਮੁਲਾਕਾਤ, ਜੋਗੀਆਂ ਦੀਆਂ ਮੁੰਦਰਾਂ, ਹਿੰਦੂਆਂ ਦੀਆਂ ਬ੍ਰਾਹਮਣ ਸੰਨਿਆਸੀ ਤੇ ਜੋਗੀ, ਤਿੰਨ ਸਨਾਤਨੀ ਸੰਪਰਦਾਵਾਂ, ਦਰਸ਼ਨ ਅਭਿਲਾਸੀ- ਦਰਸ਼ਨਾਂ ਦੀ ਇੱਛਾ ਰੱਖਣ ਵਾਲਾ; ਦਰਸ਼ਨ ਸ਼ਾਸਤਰ-ਉਹ ਵਿੱਦਿਆ ਜੋ ਪ੍ਰਕਿਰਤੀ, ਆਤਮਾ ਤੇ ਪਰਮਾਤਮਾ ਦੇ ਅੰਤਮ ਟੀਚੇ ਦਾ ਵਰਨਣ ਕਰਦੀ ਹੈ। ਦਰਸ਼ਨ ਦੀਦਾਰ, ਦਰਸ਼ਨ-ਪਰਸਨ, ਦਰਸ਼ਨ ਭੇਦ, ਦਰਸ਼ਨਵੇਤਾ-ਸ਼ਾਸਤਰਾਂ ਦਾ ਗਿਆਤਾ; ਖਟ ਦਰਸ਼ਨ, ਝਰੋਖਾ ਦਰਸ਼ਨ, ਦੂਰ ਦਰਸ਼ਨ, ਫਤੇਦਰਸ਼ਨ, ਬੰਦਾ ਬਹਾਦਰ ਵੱਲੋਂ ਪ੍ਰਚਲਤ ਸਿੱਖਾਂ ਨੂੰ ਇਕ ਦੂਜੇ ਨਾਲ ਮਿਲਣ ਵੇਲੇ ਕਹੇ ਸ਼ਬਦ; ਦਰਸ਼ਨ ਨਾਥ-ਕੰਨਪਾਟੇ ਨਾਥ, ਦਰਸ਼ਨੀ ਭਲਵਾਨ, ਦਰਸਾਵਾ-ਦਰਸ਼ਨ ਕਰਨੇ; ਦਰਸੀ-ਵੇਖਣ ਵਾਲਾ। ਪੰਜਾਬੀ ਵਿਚ ਦਰਸ਼ਨ ਲਈ ਕਈ ਮੁਹਾਵਰੇ ਵੀ ਪ੍ਰਚਲਤ ਹਨ-ਦਰਸ਼ਨ ਕੀਤਿਆਂ ਭੁੱਖ ਲੱਥਣਾ-ਕਿਸੇ ਦੀ ਸੁੰਦਰਤਾ ਵੇਖ ਕੇ ਪ੍ਰਸ਼ੰਨ ਹੋਣਾ, ਦਰਸ਼ਨ ਦੁਰਲੱਭ ਹੋਣੇ; ਦਰਸ਼ਨ ਮਹਿੰਗੇ ਹੋਣੇ- ਦਰਸ਼ਨ ਘੱਟ ਹੋਣੇ। •

## ਗ਼ਜ਼ਲਾਂ



ਜਗਜੀਤ ਸਿੰਘ ਨੂਰ
93166-03510

ਸ਼ਿਵ ਤੂੰ ਰਚ ਗਿਆ ਏਂ ਐਸਾ
ਇਤਿਹਾਸ ਓ ਸਜਣਾ।
ਉਲਫ਼ਤ ਦਾ ਕਰਵਾ ਗਿਆ
ਏਂ ਅਹਿਸਾਸ ਓ ਸਜਣਾ।

ਤੇਰੇ ਗੀਤਾਂ 'ਚੋਂ ਛਿੜਦੀ ਸੀ
ਸਰਗਮ ਜਦ ਵੀ,
ਤਾਂ ਮਿਲਦਾ ਸੀ ਹਰ ਦਿਲ ਨੂੰ
ਧਰਵਾਸ ਓ ਸਜਣਾ।

ਤੇਰੇ ਬੋਲਾਂ 'ਚੋਂ ਕਿਰਦੇ ਸੀ
ਅਨਮੋਲ ਮੋਤੀ,
ਜੋ ਭਰਦੇ ਸੀ ਹਰ ਦਿਲ ਵਿਚ
ਮਿਠਾਸ ਓ ਸਜਣਾ।

ਤੇਰੇ ਗੀਤਾਂ ਨੂੰ ਸੁਣ ਮਸਤ
ਹੁੰਦੇ ਸੀ ਲੋਕੀਂ,
ਜੋ ਕਰਦੇ ਸੀ ਨਿੱਤ ਦਿਲਾਂ
ਵਿਚ ਵਾਸ ਓ ਸਜਣਾ।

ਸੂਰਜ ਕਿਰਨਾਂ ਦਾ ਕਾਫ਼ਲਾ
ਏ 'ਲੂਣਾ' ਤੇਰੀ,
ਜਿਸ ਚਿੱਤਰਿਆ ਔਰਤ ਦਾ
ਰੂਪ ਖ਼ਾਸ ਓ ਸਜਣਾ।

ਸ਼ਿਵ, ਇਕ ਸ਼ਿਕਰਾ ਯਾਰ
ਬਣਾਇਆ ਸੀ ਤੂੰ ਯਾਰਾ,
ਜਿਸ ਨੂੰ ਖਵਾਇਆ ਅਪਣੇ
ਦਿਲ ਦਾ ਮਾਸ ਓ ਸਜਣਾ।

ਜਿੰਨ੍ਹਾਂ ਨੇ ਖਾਧੀਆਂ ਬਿਰਹਾ
ਦੀਆਂ ਚੋਟਾਂ,
ਤੇਰੇ ਗੀਤ ਬੁਝਾਉਣ ਉਨ੍ਹਾਂ
ਦੀ ਪਿਆਸ ਓ ਸਜਣਾ।

ਯਾਰਾ ਬਿਰਹਾ ਦੇ ਸੁਲਤਾਨ ਦੀ
ਤੂੰ ਪਾ ਪਦਵੀ,
ਸੱਚੇ ਪ੍ਰੇਮ 'ਚ ਭਰਿਆ ਈ
ਵਿਸ਼ਵਾਸ ਓ ਸਜਣਾ।

ਰਹਿੰਦੀ ਦੁਨੀਆ ਤਕ ਹੀ
ਚਮਕੇਗਾ 'ਨੂਰ' ਤੇਰਾ,
ਹਰ ਗੀਤ 'ਚੋਂ ਆਊਗੀ
ਖ਼ੁਸ਼ਬੂ ਖ਼ਾਸ ਓ ਸਜਣਾ।



ਰਾਜ਼ ਗੁਰਦਾਸਪੁਰੀ
97803-13308

ਮੈਂ ਨਹੀਂ ਆਇਆ ਤੇਰੇ ਦਰ
'ਤੇ ਸਿਆਸਤ ਵਾਸਤੇ।
ਸੀਸ ਮੇਰਾ ਝੁਕ ਗਿਆ ਤੇਰੀ
ਇਬਾਦਤ ਵਾਸਤੇ।

ਖ਼ੁਸ਼ਨੁਮਾ ਉਸ ਦੀ ਤਬੀਅਤ
ਸਾਰਿਆਂ ਦੇ ਮਨ ਭਾਵੇ,
ਕੋਲ ਮੇਰੇ ਆ ਗਿਆ ਨਟਖਟ
ਸ਼ਰਾਰਤ ਵਾਸਤੇ।

ਝੂਠ ਹਨ ਸਭ ਸਾਕ ਸਾਰੇ,
ਝੂਠ ਰਿਸ਼ਤੇਦਾਰੀਆਂ,
ਜੋ ਸਬੰਧੀ ਹੈ ਕਿਸੇ ਦਾ, ਹੈ
ਜ਼ਰੂਰਤ ਵਾਸਤੇ।

ਕੀ ਭਰੋਸਾ ਸ਼ਾਮ ਤਕ, ਘਰ ਹੋ
ਨਾ ਪਾਏ ਵਾਪਸੀ,
ਜੇਬ ਅੰਦਰ ਰੱਖ ਲਿਆ,
ਪੱਤਰ ਸ਼ਨਾਖ਼ਤ ਵਾਸਤੇ।

ਕੀ ਕਰੇਗਾ ਮਸਤੀਆਂ ਵਿਚ
ਮੁਸ਼ਕਿਲਾਂ ਦਾ ਟਾਕਰਾ,
ਪੇਟ ਦੀ ਭੁੱਖ ਵੀ ਜ਼ਰੂਰੀ ਹੈ
ਬਗ਼ਾਵਤ ਵਾਸਤੇ।

ਉਹ ਇਕੱਲਾ ਆਦਮੀ
ਦੁਨੀਆ 'ਚ ਜੀਵੇ ਕਿਸ ਤਰ੍ਹਾਂ,
ਲੋੜ ਹੈ ਬੰਦੇ ਨੂੰ, ਬੰਦੇ ਦੀ
ਮੁਹੱਬਤ ਵਾਸਤੇ।

ਚਾਰੇ ਪਾਸੇ ਘੁੰਮ ਰਹੇ, ਅੱਜ
ਕੱਲ੍ਹ ਲੁਟੇਰੇ ਹੁਸਨ ਦੇ,
ਗਾਡ ਰੱਖ ਲੈ 'ਰਾਜ਼' ਨੂੰ
ਅਪਨੀ ਹਿਫ਼ਾਜ਼ਤ ਵਾਸਤੇ।



ਪ੍ਰੋ. ਸੁਲੱਖਣ ਮੀਤ
94633-29939

ਜਦ ਮੈਂ ਤੇਰਾ ਚਿਹਰਾ ਤੱਕਿਆ,
ਕੁਝ ਕੁਝ ਹੋਇਆ।
ਜਦ ਮੈਂ ਤੈਨੂੰ ਪੱਤਰ ਲਿਖਿਆ,
ਕੁਝ-ਕੁਝ ਹੋਇਆ।

ਤੂੰ ਮਿਲਿਆ ਤਾਂ ਕੁਝ ਨਾ
ਹੋਇਆ, ਮੇਰੇ ਦਿਲਬਰ,
ਜਦ ਤੂੰ ਮੈਨੂੰ ਪੱਤਰ ਲਿਖਿਆ,
ਕੁਝ-ਕੁਝ ਹੋਇਆ।

ਉਹ ਮਿਲਿਆ ਤਾਂ ਕੁਝ ਨਾ
ਹੋਇਆ, ਬੋਲ ਨਾ ਹੋਇਆ,
ਮੇਰਾ ਦਿਲ ਜਦ ਉਸ ਨੇ
ਫੁੰਡਿਆ, ਕੁਝ-ਕੁਝ ਹੋਇਆ।

ਫੇਰੇ ਪੜ੍ਹਨ ਤੋਂ ਪਹਿਲਾਂ
ਡਰਿਆ, ਮੀਤ ਅਸਾਡਾ,
ਨਾਲ ਬੈਠ ਕੇ ਜਦ ਉਸ
ਛਕਿਆ ਕੁਝ-ਕੁਝ ਹੋਇਆ।

ਉਸ ਦੇ ਬਿਨ ਤਾਂ ਮੇਰੇ ਘਰ
ਵਿਚ ਨ੍ਹੇਰਾ ਵੱਸਿਆ,
ਆ ਕੇ ਜਾਂ ਉਸ ਦੀਪ
ਜਗਾਇਆ, ਕੁਝ-ਕੁਝ ਹੋਇਆ।

ਝੂਠ ਦਾ ਪ੍ਰਚਾਰ ਸੀ ਪਿਛਲੇ ਦਿਨੀਂ।
ਸੱਚ ਤਾਂ ਬਿਮਾਰ ਸੀ ਪਿਛਲੇ ਦਿਨੀਂ।

ਕੋਲ ਬਹਿ ਗ਼ੈਰਾਂ ਦੇ ਜੋ ਹੱਸਦਾ ਪਿਐ,
ਉਹ ਮੇਰਾ ਦਿਲਦਾਰ ਸੀ ਪਿਛਲੇ ਦਿਨੀਂ।

ਸ਼ੁਕਰ ਹੈ ਕਿ ਕੁਝ ਤਾਂ ਹੁਣ ਰਾਹਤ ਮਿਲੀ,
ਜੀਣ ਹੀ ਦੁਸ਼ਵਾਰ ਸੀ ਪਿਛਲੇ ਦਿਨੀਂ।

ਵੇਚ ਕੇ ਲੋਕੀਂ ਜ਼ਮੀਰਾਂ ਖਾ ਗਏ,
ਗਿਰ ਗਿਆ ਕਿਰਦਾਰ ਸੀ ਪਿਛਲੇ ਦਿਨੀਂ।

ਪੱਛਮੀ 'ਵਾ ਨਾਲ ਦੂਸ਼ਿਤ ਹੋ ਗਿਆ,
ਸਾਫ਼ ਸੱਭਿਆਚਾਰ ਸੀ ਪਿਛਲੇ ਦਿਨੀਂ।

ਹੋ ਗਏ ਆਖਿਰ ਪਿਆਸੇ ਖ਼ੂਨ ਦੇ,
ਜੋ ਜੋ ਜਿਗਰੀ ਯਾਰ ਸੀ ਪਿਛਲੇ ਦਿਨੀਂ।

ਢਹਿ ਗਈ ਆਖਿਰ ਇਮਾਰਤ ਢਹਿ ਗਈ,
ਜਗ ਦਾ ਜੋ ਸ਼ਿੰਗਾਰ ਸੀ ਪਿਛਲੇ ਦਿਨੀਂ।

ਝੂਠ ਨੇ ਆਖਿਰ ਉਨ੍ਹੂੰ ਭਰਮਾ ਲਿਆ,
ਸੱਚ ਦੀ ਜੋ ਤਲਵਾਰ ਸੀ ਪਿਛਲੇ ਦਿਨੀਂ।

ਇਕ ਬਨਾਉਟੀ ਲੀਕ ਨਫ਼ਰਤ ਦੇ ਗਈ,
ਮਰ ਗਿਆ ਕਿਰਦਾਰ ਸੀ ਪਿਛਲੇ ਦਿਨੀਂ।

ਹੁਣ ਰਿਹਾ 'ਜੱਸੀ' ਨਾ ਖ਼ੁਦ 'ਤੇ ਵੀ ਯਕੀਨ,
ਗੈਰ 'ਤੇ ਇਤਬਾਰ ਸੀ ਪਿਛਲੇ ਦਿਨੀਂ.



ਜਸਵਿੰਦਰ ਸਿੰਘ ਜੱਸੀ
99155-19156

# ਉਰਦੂ ਤੇ ਪੰਜਾਬੀ ਦੀ ਸ਼ਾਇਰਾ ਸੁਲਤਾਨਾ ਬੇਗਮ




ਸਤਨਾਮ ਚੌਹਾਨ
98886-15531

ਪਟਿਆਲਾ ਸ਼ਹਿਰ ਲੇਖਕਾਂ ਦਾ ਗੜ੍ਹ ਹੈ। ਦਲੀਪ ਕੌਰ ਟਿਵਾਣਾ, ਪ੍ਰੋ. ਨਰਿੰਦਰ ਕਪੂਰ, ਪ੍ਰੋ. ਕ੍ਰਿਪਾਲ ਕਜ਼ਾਕ, ਡਾ. ਦਰਸ਼ਨ ਆਸਟ, ਡਾ. ਅਮਰਜੀਤ ਕੌਂਕੇ ਤੇ ਹੋਰ ਬਹੁਤ ਸਾਰੇ ਨਾਮਵਰ ਲੇਖਕਾਂ ਦੀ ਵਸਣ ਗਾਹ ਹੈ ਪਟਿਆਲਾ ਸ਼ਹਿਰ। ਇੱਥੋਂ ਦੇ ਸਿਰ ਕੱਢ ਲੇਖਿਕਾਂ ਵਿੱਚੋਂ ਇਕ ਨਾਂ ਡਾ. ਸੁਲਤਾਨਾ ਬੇਗਮ ਦਾ ਹੈ।

ਡਾ. ਸੁਲਤਾਨਾ ਬੇਗਮ ਉਰਦੂ ਅਤੇ ਪੰਜਾਬੀ, ਦੋਹਾਂ ਭਾਸ਼ਾਵਾਂ ਵਿਚ ਲਿਖਦੀ ਹੈ। ਉਸ ਦੇ ਜਨਮ ਦੀ ਕਹਾਣੀ ਵੀ ਬੜੀ ਗੁੰਝਲਦਾਰ ਹੈ। ਜਦੋਂ 1947 ਵਿਚ ਭਾਰਤ-ਪਾਕਿ ਵੰਡ ਹੋਈ ਤਾਂ ਸੁਲਤਾਨਾ ਬੇਗਮ ਦੇ ਅੱਬਾ ਮਿਰਜ਼ਾ ਸਦੀਕ ਬੇਗ ਓਦੋਂ ਪਟਿਆਲੇ ਸੇਠ ਚਰਨ ਦਾਸ ਦੇ ਸਿਨੇਮਿਆਂ ਵਿਚ ਕੰਮ ਕਰਦੇ ਸਨ ਅਤੇ ਹੱਲਿਆਂ ਸਮੇਂ ਉਹ ਆਪਣੇ ਪਰਿਵਾਰ ਨਾਲ ਪਾਕਿਸਤਾਨ ਚਲੇ ਗਏ। ਸੁਲਤਾਨਾ ਦੀ ਮਾਂ ਇੱਧਰ ਹੀ ਰਹਿ ਗਈ। 1948 ਵਿਚ ਉਸ ਦੀ ਅੰਮੀ ਪਾਕਿਸਤਾਨ ਚਲੀ ਗਈ। ਉਦੋਂ ਅਜੇ ਵੀਜ਼ਾ ਲੈਣ ਦੀ ਲੋੜ ਨਹੀਂ ਸੀ। ਪਟਿਆਲੇ ਵਾਲੇ ਸੇਠ ਚਰਨਦਾਸ ਦਾ ਇਕ ਸਿਨੇਮਾ ਲਾਹੌਰ ਵਿਚ ਵੀ ਸੀ ਜਿੱਥੇ ਉਨ੍ਹਾਂ ਦੇ ਅੱਬਾ ਨੂੰ ਨੌਕਰੀ ਮਿਲ ਗਈ ਸੀ। ਜਦੋਂ ਬੇਗਮ ਦੀ ਅੰਮੀ 1948 ਵਿਚ ਲਾਹੌਰ ਗਈ ਤਾਂ ਉਸ ਦੇ ਅੱਬਾ ਨੇ ਅੰਮੀ ਨੂੰ ਤਾਂ ਰੱਖਿਆ ਪਰ ਆਪਣੇ ਦੂਜੇ ਪਰਿਵਾਰ ਬਾਰੇ ਕੁਝ ਨਾ ਦੱਸਿਆ। ਬੇਗਮ ਦੇ ਅੱਬਾ ਕਈ-ਕਈ ਦਿਨ ਘਰੋਂ ਬਾਹਰ ਰਹਿੰਦੇ। ਆਖ਼ਿਰ ਬੇਗਮ ਦੀ ਅੰਮੀ ਨੂੰ ਅਸਲੀਅਤ ਪਤਾ ਲੱਗ ਗਈ ਤੇ ਉਹ ਵਾਪਸ ਪਟਿਆਲੇ ਆ ਗਈ। ਉਸ ਸਮੇਂ ਬੇਗਮ ਮਾਂ ਦੇ ਪੇਟ ਵਿਚ ਸੀ। ਇਨ੍ਹਾਂ ਪਟਿਆਲੇ ਰਹਿੰਦੇ ਰਿਸ਼ਤੇਦਾਰਾਂ ਵਿੱਚੋਂ ਕਿਸੇ ਨੇ ਵੀ ਗਰਭਵਤੀ ਭੈਣ ਨੂੰ ਨਾ ਝੱਲਿਆ। ਉਸ ਦੀ ਅੰਮੀ ਹੋਰ ਮੁਸ਼ਕਿਲ ਵਿਚ ਆ ਗਏ ਫਿਰ ਨਾਨਕੇ ਪਰਿਵਾਰ ਦੇ ਦੋਸਤ ਚਰੰਜੀ ਲਾਲ ਨੇ, ਜੋ ਪੁਲਿਸ ਵਿਚ ਸਨ ਤੇ ਉਨ੍ਹਾਂ ਦੇ ਕੋਈ ਬੱਚਾ ਨਹੀਂ ਸੀ, ਬੇਗਮ ਨੂੰ ਗੋਦ ਲੈਣ ਦਾ ਵਾਅਦਾ ਉਸ ਦੀ ਮਾਂ ਨਾਲ ਕੀਤਾ। 15 ਅਕਤੂਬਰ 1949 ਨੂੰ ਸੁਲਤਾਨਾ ਦਾ ਜਨਮ ਹੋਇਆ ਤਾਂ ਇਕ ਦਿਨ ਦੀ ਧੀ ਚਰੰਜੀ ਲਾਲ ਨੇ ਆਪਣੀ ਝੋਲੀ ਪਾ ਲਈ। ਸੁਲਤਾਨਾ ਬੇਗਮ 1992 ਵਿਚ ਇਕ ਜਥੇ ਨਾਲ ਪਾਕਿਸਤਾਨ ਗਈ ਪਰ ਉੱਥੇ ਉਸ ਨੂੰ ਕੋਈ ਆਪਣਾ ਨਾ ਮਿਲਿਆ।

ਸੁਲਤਾਨਾ ਬੇਗਮ ਦੇ ਵਿਆਹ ਦੀ ਗੱਲ ਵੀ ਬੜੀ ਦਿਲਚਸਪ ਹੈ। ਉਹ ਇੰਡੀਅਨ ਥੀਏਟਰ ਦੇ ਡਿਪਲੋਮੇ ਤੋਂ ਬਾਅਦ ਪਟਿਆਲੇ ਨਹੀਂ ਜਾਣਾ ਚਾਹੁੰਦੀ ਸੀ ਪਰ ਕੋਈ ਨੌਕਰੀ ਨਹੀਂ ਸੀ ਤੇ ਨਾ ਹੀ ਰਹਿਣ ਦਾ ਟਿਕਾਣਾ। ਇਕ ਦਿਨ ਯੂਨੀਵਰਸਿਟੀ ਕਾਫ਼ੀ ਹਾਊਸ ਬੈਠੇ ਡਾ. ਜਗਤਾਰ ਵੀ ਬੈਠੇ ਸਨ ਕਿ ਅਵਤਾਰ ਸਿੰਘ ਤਾਰੀ ਵੀ ਉੱਤੇ ਆ ਆ ਗਿਆ ਉਹ ਸੁਲਤਾਨਾ ਨੂੰ ਕਹਿਣ ਲੱਗੇ, 'ਤੂੰ ਵਿਆਹ ਕਿਉਂ ਨਹੀਂ ਕਰ ਲੈਂਦੀ? ਡਾ. ਜਗਤਾਰ, ਅਵਤਾਰ ਸਿੰਘ ਨੂੰ ਕਹਿੰਦੇ ਤੂੰ ਕਰੇਗਾ ਵਿਆਹ। ਹਾਂ, ਜੇ ਸੁਲਤਾਨਾ ਬੇਗਮ ਨੂੰ ਇਤਰਾਜ਼ ਨਾ ਹੋਵੇ। ਚਾਰ ਦਿਨਾਂ ਵਿਚ ਗੁਰਦੁਆਰੇ ਲਾਵਾਂ ਨਾਲ ਵਿਆਹ ਹੋ ਗਿਆ। ਅਵਤਾਰ ਸਿੰਘ ਨੌਕਰੀ ਕਰਦੇ ਸੀ ਤੇ ਇਵਨਿੰਗ ਕਾਲਜ ਦੇ ਵਿਦਿਆਰਥੀ ਸਨ।



> *ਪਟਿਆਲੇ ਦੀ ਧਰਤੀ ਨਾਮਵਰ ਲੇਖਕਾਂ ਦਾ ਗੜ੍ਹ ਹੈ। ਇੱਥੋਂ ਦੇ ਸਿਰਕੱਢ ਲੇਖਕਾਂ ਵਿੱਚੋਂ ਇਕ ਨਾਂ ਸੁਲਤਾਨਾ ਬੇਗਮ ਦਾ ਵੀ ਹੈ। ਉਹ ਉਰਦੂ ਅਤੇ ਪੰਜਾਬੀ, ਦੋਹਾਂ ਭਾਸ਼ਾਵਾਂ ਵਿਚ ਲਿਖਦੀ ਹੈ...*

1975 ਵਿਚ ਡਾ. ਬੇਗਮ ਦੀ ਨੌਕਰੀ ਵੀ ਲੱਗ ਗਈ। ਸਹੁਰਿਆਂ ਨਾਲ ਥੋੜ੍ਹੇ ਜਿਹੇ ਰੋਸ ਤੋਂ ਬਾਅਦ ਫਿਰ ਸਭ ਠੀਕ ਹੋ ਗਿਆ। ਬੇਗਮ ਨੇ ਐੱਮਏ ਪੰਜਾਬੀ, ਉਰਦੂ ਦੀ ਪੀਐੱਚਡੀ, ਡਿਪਲੋਮਾ ਇਨ ਇੰਡੀਅਨ ਥਿਏਟਰ ਤੇ ਹੋਰ ਡਿਪਲੋਮੇ ਵੀ ਕੀਤੇ। ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਡਿਪਟੀ ਡਾਇਰੈਕਟਰ ਰਿਟਾਇਰ ਹੋਏ। ਸੁਲਤਾਨਾ ਬੇਗਮ ਨੇ ਰੁਸਵਾਈਆਂ, ਗੁਲਜ਼ਾਰਾਂ ਲੋਕ ਕਾਵਿ, ਸਗੂਫੇ ਅਦਬੀ ਵਿਅੰਗ, ਹੋਰ ਤੱਕ ਦਾ ਲਿਪਾਂਤਰ (ਉਰਦੂ ਤੋਂ ਪੰਜਾਬੀ), ਬਹਾਰਾਂ (ਸੂਫ਼ੀ ਕਾਵਿ) ਇਸ ਤੋਂ ਇਲਾਵਾ ਪੰਜਾਬੀ, ਉਰਦੂ ਦੇ ਕੈਦੇ ਤੋਂ ਲੈ ਕੇ ਬਾਰਵੀਂ ਜਮਾਤ ਤਕ ਦੀ ਪਾਠ ਪੁਸਤਕਾਂ ਬਣਾਈਆਂ। ਸੁਲਤਾਨਾ ਅਤੇ ਅਵਤਾਰ ਆਪਸ ਵਿਚ ਵਿਆਹ ਕਰਵਾਕੇ ਮਜ਼੍ਹਬਾਂ ਦੀ ਲਕੀਰ ਮਿਟਾ ਦਿੱਤੀ। ਅੱਜ ਸੁਲਤਾਨਾ ਦੇ ਘਰ ਈਦ ਵੀ ਮਨਾਈ ਜਾਂਦੀ ਤੇ ਦੀਵਾਲੀ ਦੇ ਦੀਵੇ ਵੀ ਬਾਲੇ ਜਾਂਦੇ ਹਨ। •

# ਟੁੱਟ-ਭੱਜ 'ਚੋਂ ਉਪਜਿਆ ਰਣਜੀਤ ਸਰਾਂਵਾਲੀ



ਬੂਟਾ ਸਿੰਘ ਚੌਹਾਨ
98143-80749

ਕਵਿਤਾ ਦੇ ਖੇਤਰ 'ਚ ਬਹੁਤ ਸਾਰੇ ਨਵੇਂ ਕਵੀ ਆ ਰਹੇ ਹਨ, ਜੋ ਖੁੱਲ੍ਹੀ ਕਵਿਤਾ ਲਿਖਦੇ ਨੇ। ਕੋਈ-ਕੋਈ ਛੰਦ-ਬੰਦ ਕਵਿਤਾ ਵੀ। ਪਰ ਗ਼ਜ਼ਲ ਦੇ ਖੇਤਰ 'ਚ ਅਜਿਹਾ ਨਹੀਂ ਹੋ ਰਿਹਾ। ਇਸ ਦਾ ਕਾਰਨ ਗ਼ਜ਼ਲ ਲਿਖਣ ਵੇਲੇ ਅਪਣਾਈਆਂ ਜਾਣ ਵਾਲੀਆਂ ਬਹੁਤ ਸਾਰੀਆਂ ਬੰਦਿਸ਼ਾਂ ਹਨ। ਇਸ ਲਈ ਗ਼ਜ਼ਲ ਲਿਖਣ ਵੇਲੇ ਅਨੁਸਾਸ਼ਨ 'ਚ ਰਹਿਣਾ ਪੈਂਦਾ ਹੈ।

ਰਣਜੀਤ ਸਰਾਂਵਾਲੀ ਨੂੰ ਭਾਵੇਂ ਗ਼ਜ਼ਲ ਦੇ ਖੇਤਰ 'ਚ ਪ੍ਰਵੇਸ਼ ਕਰਿਆਂ ਇਕ ਦਹਾਕਾ ਵੀ ਨਹੀਂ ਹੋਇਆ ਪਰ ਉਸ ਨੇ ਜਿੰਨੀਆਂ ਕੁ ਬਹਿਰਾਂ ਦੀ ਵਰਤੋਂ ਆਪਣੀਆਂ ਗ਼ਜ਼ਲਾਂ 'ਚ ਕੀਤੀ ਹੈ, ਉਨ੍ਹਾਂ 'ਚ ਗ਼ਜ਼ਲ ਦੀਆਂ ਨਿਰਧਾਰਤ ਬੰਦਿਸ਼ਾਂ ਨੂੰ ਨਿਭਾਉਣ ਦਾ ਯਤਨ ਕੀਤਾ ਹੈ। ਤਦੇ ਉਸ ਨੂੰ ਨਵੇਂ ਸ਼ਾਇਰਾਂ ਦੇ ਪਰਿਪੇਖ 'ਚ ਨਹੀਂ ਵੇਖਿਆ ਜਾ ਸਕਦਾ। ਉਹ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਵੇਲੇ ਬਹਿਰ ਵਜ਼ਨ, ਕਾਫ਼ੀਏ ਅਤੇ ਰਦੀਫ਼ ਦਾ ਮੁਹਤਾਜ ਨਹੀਂ ਰਹਿੰਦਾ।

ਕਈ ਸਾਲ ਪਹਿਲਾਂ ਸਰਾਂਵਾਲੀ ਮੇਰੇ ਮਿੱਤਰ-ਘੇਰੇ 'ਚ ਆਇਆ। ਉਦੋਂ ਉਹ ਟਰਾਈਡੈਂਟ ਗਰੁੱਪ ਬਰਨਾਲਾ 'ਚ ਨੌਕਰੀ ਕਰਦਾ ਸੀ। ਉਦੋਂ ਉਸ ਨੇ ਕੁਝ ਚਰਚਿਤ ਸ਼ਾਇਰਾਂ ਦੇ ਗ਼ਜ਼ਲ ਸੰਗ੍ਰਹਿ ਵੀ ਪੜ੍ਹੇ। ਉਸ ਦਾ ਮੇਰੇ ਕੋਲ ਕਾਫ਼ੀ ਆਉਣ-ਜਾਣ ਸੀ। ਗ਼ਜ਼ਲ ਸਬੰਧੀ ਉਹ ਮੇਰੇ ਨਾਲ ਲੰਬੇ ਸੰਵਾਦ ਰਚਾਉਂਦਾ। ਆਪਣਾ ਵਿਹਲਾ ਸਮਾਂ ਗ਼ਜ਼ਲ ਦੇ ਲੇਖੇ ਲਾਉਂਦਾ। ਇਹੋ ਗੱਲ ਉਸ ਨੂੰ ਆਪਣੇ ਦੋਸਤਾਂ ਨਾਲੋਂ ਨਿਖੇੜਦੀ ਸੀ। ਉਦੋਂ ਉਸ ਕੋਲ ਜ਼ਿੰਦਗੀ ਦੀ ਬਹੁਤ ਸਾਰੀ ਟੁੱਟ ਭੱਜ ਸੀ, ਜਿਸ ਨੇ ਉਸ ਨੂੰ ਬੁਰੀ ਤਰ੍ਹਾਂ ਖਿਲਾਰਿਆ ਹੋਇਆ ਸੀ। ਉਹ ਮੇਰੇ ਕੋਲ ਆਉਂਦਾ। ਹਰ ਵਾਰੀ ਮੇਰਾ ਯਤਨ ਹੁੰਦਾ, ਉਸ ਦਾ ਕੁਝ ਮਾਨਸਿਕ ਖਿਲਾਰਾ ਘਟੇ। ਉਹ ਮੈਨੂੰ ਆਪਣੇ ਤਾਜ਼ੇ ਸ਼ੇਅਰ ਸੁਣਾਉਂਦਾ। ਮੈਂ ਉਹਨੂੰ ਕਹਿਣਾ ਇਸ ਗ਼ਜ਼ਲ ਦੇ ਇੰਨੇ ਸ਼ੇਅਰ ਹੋਰ ਲਿਖ।

"ਉਹ ਕਿਉਂ?" ਉਸ ਨੇ ਆਖਣਾ।"

"ਉਹ ਇਸ ਲਈ ਕਿ ਤੈਨੂੰ ਪਤਾ ਲੱਗ ਸਕੇ ਕਿ ਦਸ ਸ਼ੇਅਰਾਂ 'ਚੋਂ ਪੰਜ ਕਿਹੜੇ ਵਧੀਆ ਨੇ।"

ਮੈਂ ਦਿਲੋਂ ਚਾਹੁੰਦਾ ਸੀ ਕਿ ਉਸ ਨੂੰ ਪਤਾ ਲੱਗ ਸਕੇ ਕਿ ਚੰਗੇ ਸ਼ਿਅਰ ਦੇ ਗੁਣ ਕੀ ਹੁੰਦੇ ਨੇ ਤੇ ਔਗੁਣ ਕੀ?

ਮੈਂ ਇਸ ਗੱਲ ਦਾ ਧਾਰਨੀ ਹਾਂ ਕਿ ਕਿਸੇ ਨੂੰ ਸ਼ਾਇਰੀ ਨਹੀਂ ਸਿਖਾਈ ਜਾ ਸਕਦੀ ਪਰ ਜੇ ਸ਼ਾਇਰੀ ਦੇ ਮੁੱਢਲੇ ਪੜਾਅ 'ਤੇ ਤੁਰੇ ਸ਼ਾਇਰ 'ਚ ਹੌਲੀ-ਹੌਲੀ ਇਹ ਖ਼ੂਬੀ ਪੈਦਾ ਕਰ ਦਿੱਤੀ ਜਾਵੇ ਕਿ ਔਗਣ ਰਹਿਤ ਸ਼ਿਅਰ ਕਿਹੜਾ ਹੁੰਦਾ ਹੈ ਤਾਂ ਉਹ ਔਗਣ ਰਹਿਤ ਸ਼ਿਅਰ ਕਹਿਣ ਵੀ ਲੱਗ ਪੈਂਦਾ ਹੈ।

ਉਸ ਦਾ ਬਚਪਨ ਪਿੰਡ ਸਰਾਂਵਾਲੀ 'ਚ ਬੀਤਿਆ। ਪੇਂਡੂ ਵਾਤਾਵਰਨ ਉਸ ਦੇ ਦਿਲ 'ਚ ਸਮਾਇਆ ਹੋਇਆ ਹੈ। ਉਸ ਨੇ ਮੌਸਮ ਪਿੰਡੇ 'ਤੇ ਹੰਢਾਏ ਨੇ। ਉਸ ਨੂੰ ਪਤਾ ਹੈ ਕਿ ਬਹੁਤੇ ਖੇਤਾਂ 'ਚ ਉਮੀਦਾਂ ਬੀਜੀਆਂ ਜਾਂਦੀਆਂ ਨੇ ਪਰ ਹਰੀਆਂ ਬੇਵਸੀਆਂ ਹੁੰਦੀਆਂ ਨੇ। ਖੇਤਾਂ ਨੂੰ ਜਾਣ ਵਾਲੀਆਂ ਪਹੀਆਂ ਦੇ ਰੁਦਨ ਉਸ ਨੇ ਸੁਣੇ ਨੇ। ਉਹ ਲਹਿਰਾਉਂਦੇ ਹੋਏ ਖੇਤ ਵੀ ਵੇਖਦਾ ਰਿਹਾ ਹੈ ਅਤੇ ਆਪਣੀ ਤੀਜੀ ਅੱਖ ਨਾਲ ਖੇਤ-ਵਿਹੂਣੇ ਲੋਕਾਂ ਦੀਆਂ ਹੋਣੀਆਂ ਵੀ। ਉਹ ਭਾਵੇਂ ਰੋਜ਼ਗਾਰ ਦੇ ਧੱਕੇ ਚੜ੍ਹਿਆ ਮੋਗੇ ਰਹਿ ਰਿਹਾ ਹੈ ਪਰ ਸ਼ਹਿਰ ਦੀ ਮਾਨਸਿਕਤਾ ਦਾ ਅਜੇ ਅੰਗ ਨਹੀਂ ਬਣਿਆ। ਉਸ ਦੀਆਂ ਜੜ੍ਹਾਂ ਆਪਣੇ ਪਿੰਡ ਦੀ ਮਿੱਟੀ 'ਚ ਨੇ :

*ਬੁਝੇ ਦੀਵੇ, ਝੜੇ ਪੱਤੇ*
*ਤੇ ਤਿੜਕੇ ਆਇਨੇ ਦੱਸਣ*
*ਹਵਾ ਕਿੰਨੀ ਤੁਹਾਡੇ ਸ਼ਹਿਰ ਦੀ*
*ਮਗ਼ਰੂਰ ਹੈ ਅੱਜ ਕੱਲ੍ਹ*

ਲੋਕ-ਜੀਵਨ ਅਤੇ ਕਿਤਾਬੀ ਅਧਿਐਨ ਨੇ ਉਸ ਨੂੰ ਇਕ ਆਧਾਰ ਤੇ ਦ੍ਰਿਸ਼ਟੀ ਦੇ ਦਿੱਤੀ ਹੈ, ਜਿਸ 'ਤੇ ਉਹ

ਆਪਣੇ ਜੀਵਨ 'ਚ ਆਏ ਮਨੁੱਖਾਂ ਨੂੰ ਪਰਖਣ ਲੱਗ ਪਿਆ ਹੈ। ਉਸ ਦੇ ਕੰਨੀਂ ਜੋ ਪੈਂਦਾ ਹੈ, ਉਸ 'ਚ ਅਣਸੁਣਿਆ ਕੀ ਹੈ? ਉਸ ਨੂੰ ਜੋ ਆਖਿਆ ਜਾ ਰਿਹਾ ਹੈ, ਉਸ ਰਾਹੀਂ ਅਸਲ 'ਚ ਉਸ ਨੂੰ ਕੀ ਆਖਿਆ ਜਾ ਰਿਹਾ ਹੈ? ਉਹ ਰੁੱਖਾਂ ਦੇ ਪੱਤੇ ਵੀ ਦੇਖਦਾ ਹੈ ਤੇ ਪੱਤਿਆਂ ਦਾ ਜੜ੍ਹਾਂ ਨਾਲ ਕੀ ਰਿਸ਼ਤਾ ਹੈ? ਉਸ ਨੂੰ ਪਤਾ ਲੱਗਣ ਲੱਗ ਪਿਆ ਹੈ।



> *ਰਣਜੀਤ ਨੂੰ ਗ਼ਜ਼ਲ ਖੇਤਰ 'ਚ ਆਇਆਂ ਭਾਵੇਂ ਇਕ ਦਹਾਕਾ ਵੀ ਨਹੀਂ ਹੋਇਆ। ਉਸ ਨੇ ਜਿੰਨੀਆਂ ਕੁ ਬਹਿਰਾਂ ਦੀ ਵਰਤੋਂ ਆਪਣੀਆਂ ਗ਼ਜ਼ਲਾਂ 'ਚ ਕੀਤੀ ਹੈ, ਉਨ੍ਹਾਂ 'ਚ ਗ਼ਜ਼ਲ ਦੀਆਂ ਨਿਰਧਾਰਤ ਬੰਦਿਸ਼ਾਂ ਨੂੰ ਨਿਭਾਉਣ ਦਾ ਯਤਨ ਕੀਤਾ ਹੈ...*

ਜਦੋਂ ਉਹ ਮੈਨੂੰ ਮਿਲਿਆ ਸੀ, ਉਸ ਵਿਚ ਮੈਨੂੰ ਇਹ ਵਿਸ਼ੇਸ਼ਤਾ ਲੱਗੀ ਸੀ ਕਿ ਉਹ ਜਿਸ ਤਰ੍ਹਾਂ ਮਹਿਸੂਸ ਕਰਦਾ ਹੈ, ਉਸ ਨੂੰ ਆਪਣੇ ਸ਼ਿਅਰਾਂ 'ਚ ਢਾਲ਼ ਰਿਹਾ ਹੈ। ਉਦੋਂ ਉਸ ਕੋਲ ਬਹੁਤ ਸਾਰੇ ਸਵਾਲ ਸਨ। ਉਨ੍ਹਾਂ ਦੇ ਜਵਾਬ ਉਸ ਨੇ ਮੈਥੋਂ ਵੀ ਲਏ ਤੇ ਬਹੁਤੇ ਸਵਾਲਾਂ ਦੇ ਜਵਾਬ ਪੁਸਤਕਾਂ ਦੇ ਅਧਿਐਨ 'ਚੋ ਪੜਚੋਲੇ। ਮੈਂ ਕਾਫ਼ੀ ਸਮੇਂ ਤੋਂ ਉਸ 'ਚ ਇਕ ਤਬਦੀਲੀ ਵੇਖ ਰਿਹਾ ਹਾਂ। ਹੁਣ ਉਸ ਦੀਆਂ ਗੱਲਾਂ 'ਚ ਸਮਾਜਿਕ ਗੱਲਾਂ ਨਹੀਂ ਹੁੰਦੀਆਂ, ਸਗੋਂ ਸਾਹਿਤਕ ਗੱਲਾਂ ਹੁੰਦੀਆਂ ਹਨ। ਨਵੀਆਂ ਪੜ੍ਹੀਆਂ ਗ਼ਜ਼ਲਾਂ ਬਾਰੇ, ਨਵੀਆਂ ਪੜ੍ਹੀਆਂ ਕਿਤਾਬਾਂ ਬਾਰੇ, ਨਵੇਂ ਬਣੇ ਸਾਹਿਤਕ ਮਿੱਤਰਾ ਬਾਰੇ। ਉਸ ਦੀਆਂ ਇਹ ਗੱਲਾਂ ਸੁਣ ਕੇ ਤਸੱਲੀ ਹੁੰਦੀ ਹੈ। ਉਸ ਨੇ ਸ਼ਾਇਰਾਂ ਵਾਂਗ ਸਾਹਿਤਕ ਸੁਭਾਅ ਬਣਾ ਲਿਆ ਹੈ।

*ਆਖ਼ਰ ਅਸ਼ਾਂਤ ਮਨ ਨੂੰ*
*ਹਰਫ਼ਾਂ 'ਚੋਂ ਮਿਲ ਪਈ ਉਹ*
*ਰੰਗਾਂ ਸੁਗੰਧਾਂ ਵਿੱਚੋਂ*
*ਜਿਹੜੀ ਸ਼ੈਅ ਭਾਲੀ ਜਾਵਾਂ।*

ਰੰਗ ਅਤੇ ਸੁਗੰਧ ਜ਼ਿੰਦਗੀ ਦੇ ਦੋ ਧੁਰੇ ਨੇ। ਰੰਗ ਨਾ ਹੋਣ ਤਾਂ ਜ਼ਿੰਦਗੀ ਫਿੱਕੀ ਹੈ। ਮਨ ਦੇ ਵਿਹੜੇ 'ਚ ਖ਼ੁਸ਼ੀ ਦੇ ਪੈਰ ਨਹੀਂ ਲੱਗਦੇ। ਸੁਗੰਧ ਨਾਲ ਸਾਹ ਸੁਰੀਲੇ ਬਣਦੇ ਨੇ। ਪੈਰਾਂ 'ਚ ਥਿਰਕਣ ਪੈਦਾ ਹੁੰਦੀ ਹੈ। ਸਾਹਾਂ ਦੀ ਸੁਗੰਧ ਅੱਖਾਂ ਰਾਹੀਂ ਡੁੱਲ੍ਹ-ਡੁੱਲ੍ਹ ਆਲੇ-ਦੁਆਲੇ ਨੂੰ ਆਪਣੇ ਰੰਗ 'ਚ ਰੰਗ ਦੀ ਹੈ ਤੇ ਰੰਗਾਂ-ਸੁਗੰਧਾਂ 'ਚ ਗੁਆਚੀ ਸ਼ੈਅ ਭਾਲਣੀ ਮ੍ਰਿਗ ਤ੍ਰਿਸ਼ਨਾ ਕਹੀ ਜਾ ਸਕਦੀ ਹੈ ਪਰ ਜੇਕਰ ਮ੍ਰਿਗ ਤ੍ਰਿਸ਼ਨਾ ਸ਼ੇਅਰਾਂ 'ਚ ਢਾਲ ਲਈ ਜਾਵੇ ਤਾਂ ਉਹ ਮ੍ਰਿਗ ਤ੍ਰਿਸ਼ਨਾ ਘਟਾਉਂਦੀ ਹੈ। ਆਲਾ-ਦੁਆਲਾ ਜਿਊਣ ਯੋਗ ਨਹੀਂ ਹੈ। ਉਸ ਵਿਚਲੇ ਮਨੁੱਖੀ ਜੀਵਨ 'ਤੇ ਇਕ ਅਧਿਕਾਰਤ ਢਾਂਚਾ ਹੈ। ਉਸ ਨੇ ਉਸ ਨੂੰ ਆਪਣੇ ਢੰਗ ਨਾਲ ਚਲਾਉਣਾ ਹੁੰਦਾ ਹੈ। ਇਸ ਨੂੰ ਵੇਖਦਾ ਹੋਇਆ ਉਹ ਕਹਿੰਦਾ ਹੈ :

*ਜ਼ਿੰਦਗੀ ਐਸੀ ਗ਼ਜ਼ਲ ਦੇ ਵਾਂਗ ਹੈ,*
*ਨਾ ਜਿਦ੍ਹਾ ਕੋਈ ਵਜ਼ਨ ਹੈ,*
*ਨਾ ਬਹਿਰ ਹੈ।*

ਉਹ ਇਸ ਸਮਾਜਿਕ ਵਿਵਸਥਾ ਨੂੰ ਰੱਦ ਕਰਦਾ ਹੈ। ਉਹ ਇਸ 'ਚ ਤਰਤੀਬ ਚਾਹੁੰਦਾ ਹੈ। ਇਕਸਾਰਤਾ ਚਾਹੁੰਦਾ ਹੈ। ਉਸ ਵਿਚਲੀਆਂ ਉਕਤਾਈਆਂ ਉਸ ਨੂੰ ਚੁਭ ਰਹੀਆਂ ਹਨ। ਇਹ ਚੋਣ ਹੀ ਉਸ ਦੀ ਸ਼ਾਇਰੀ ਦੇ ਮੂਲ ਬੀਜ ਨੇ। ਇਸ ਵਿੱਚੋਂ ਹੀ ਉਸ ਨੇ ਆਪਣੀ ਮੰਜ਼ਿਲ ਲੱਭਣੀ ਹੈ ਅਤੇ ਆਪਣੀ ਸੋਚ ਦੇ ਹਾਮੀਆਂ 'ਚ ਵਾਧਾ ਕਰਨਾ ਹੈ। ਸਾਹਿਤ ਅਕਾਦਮੀ ਦਾ ਯੁਵਾ ਪੁਰਸਕਾਰ ਉਸ ਦੀ ਝੋਲੀ ਪੈ ਚੁੱਕਿਆ ਹੈ। ਉਸ ਦੇ ਗ਼ਜ਼ਲ ਸੰਗ੍ਰਹਿ 'ਪਾਣੀ ਉੱਤੇ ਮੀਨਾਕਾਰੀ' ਦੇ ਦੋ ਐਡੀਸ਼ਨ ਛਪ ਚੁੱਕੇ ਨੇ ਤੇ ਲਗਪਗ ਸਾਰੇ ਛਪਣ ਜ਼ਰੀਏ ਉਸ ਨੂੰ ਥਾਂ ਦੇ ਚੁੱਕੇ ਨੇ। ਆਪਣਾ ਇਕ ਸ਼ੇਅਰ ਕਹਿ ਕੇ ਮੈਂ ਆਪਣੀ ਗੱਲ ਖ਼ਤਮ ਕਰਦਾ ਹਾਂ :

*ਮੌਸਮ ਤੇਰੇ ਹੱਕ 'ਚ ਭੁਗਤੇ*
*ਦੁਆ ਮੇਰੀ।*
*ਪੌਣ ਵੀ ਤੈਥੋਂ ਪੁੱਛਕੇ ਰੁਮਕੇ*
*ਦੁਆ ਮੇਰੀ।* •

ਮਿੰਨੀ ਕਹਾਣੀ



## ਸਮੇਂ ਦਾ ਅੰਤਰ

ਬਚਪਨ ਬੀਤਣ ਤੋਂ ਬਾਅਦ ਜਿਉਂ ਹੀ ਸੁਰਤ ਸੰਭਾਲੀ, ਮਾਂ ਵੱਲੋਂ ਤਾਂ ਲਾਡ-ਪਿਆਰ ਜਾਰੀ ਰਿਹਾ ਪਰ ਪਿਤਾ ਵੱਲੋਂ ਡਰ ਪੱਲੇ ਪੈ ਗਿਆ। ਕੋਈ ਗ਼ਲਤੀ ਹੋ ਜਾਂਦੀ, ਅੱਜ ਖ਼ੈਰ ਨਹੀਂ, ਸ਼ਿਕਾਇਤ ਲੱਗੇਗੀ, ਮਾਰ ਪਵੇਗੀ। ਪਿਤਾ ਜੀ ਦੇ ਮੱਥੇ 'ਤੇ ਤਿਊੜੀ ਵੇਖ ਅੱਖਾਂ ਆਪੇ ਹੀ ਨੀਵੀਆਂ ਪੈ ਜਾਂਦੀਆਂ। ਡਾਂਟ ਪੈਂਦੀ, ਚੁੱਪ-ਚਾਪ ਸੁਣੀ ਜਾਂਦਾ, ਸਰੀਰ ਕੰਬਦਾ ਰਹਿੰਦਾ। ਸਫ਼ਾਈ 'ਚ ਬੋਲੋ ਤਾਂ ਪਿਤਾ ਜੀ ਦਾ ਪਾਰਾ ਹੋਰ ਚੜ੍ਹ ਜਾਂਦਾ, ਕੁੱਟ ਖਾਣੀ ਪੈਂਦੀ। ਆਖ਼ਰ, ਮੁੜ ਇਦਾਂ ਦੀ ਗ਼ਲਤੀ ਫਿਰ ਨਹੀਂ ਕਰੂੰਗਾ, ਕਹਿ ਕੇ ਛੁਟਕਾਰਾ ਮਿਲ ਜਾਂਦਾ ਸੀ। ਦਹਾਕੇ ਬੀਤ ਗਏ ਹਨ। ਪਿਤਾ ਜੀ ਵੀ ਨਹੀਂ ਰਹੇ। ਅੱਜ ਸਾਹਮਣੇ ਪੁੱਤਰ ਖੜ੍ਹਾ ਹੈ। ਵਿਆਹ ਕੇ ਆਪਣੇ ਵੱਲੋਂ ਕਬੀਲਦਾਰੀ ਦਾ ਭਾਰ ਲਾਹ ਬੈਠਾ ਹਾਂ ਪ੍ਰੰਤੂ ਅੱਜ ਵੀ ਅੱਖਾਂ ਨੀਵੀਆਂ ਹਨ। ਪਿਤਾ ਜੀ ਦੀ ਘੂਰੀ ਨਾਲੋਂ ਪੁੱਤਰ ਦੀ ਘੂਰੀ ਜ਼ਿਆਦਾ ਜ਼ਹਿਰਲੀ ਹੈ। ਸਵੇਰੇ, ਸ਼ਾਮੀ ਸੁਣਨਾ ਪੈਂਦਾ ਹੈ। 'ਵਿਹਲੜ ਬੈਠਾ ਜ਼ੁਬਾਨ ਚਲਾਉਂਦਾ ਰਹਿੰਦਾ ਹੈ, ਵੈਰੀ ਅਨਾਜ ਦਾ, ਖਾ ਪੀ ਲਿਆ, ਘੁੰਮ ਫਿਰ...। ਬਸ ਇਹੀ ਸਭ ਹਰ ਰੋਜ਼ ਹੁੰਦਾ ਸੀ।

• ਹਰਜਿੰਦਰ ਸਿੰਘ ਧਾਮੀ, 98144-32347

ਕਹਾਣੀ

# ਨਸ਼ੇ ਦੀ ਲਤ


• ਕੁਲਵਿੰਦਰ ਕੌਰ ਮਹਿਕ

ਚੰਨਣ ਸਿੰਘ ਦੀ ਉਮਰ ਹੋ ਗਈ ਸੀ ਪਰ ਉਸ ਦੇ ਚਿਹਰੇ ਦੀ ਰੌਣਕ ਤੇ ਖ਼ੁਸ਼ੀ ਤੋਂ ਉਸ ਦੀ ਉਮਰ ਦਾ ਅੰਦਾਜ਼ਾ ਨਹੀਂ ਸੀ ਲਾਇਆ ਜਾ ਸਕਦਾ। ਮਿਲਣਸਾਰ ਤੇ ਨਰਮ ਸੁਭਾਅ ਦਾ ਹੋਣ ਕਾਰਨ ਸਾਰਾ ਪਿੰਡ ਉਸ ਦੀ ਇੱਜ਼ਤ ਕਰਦਾ ਸੀ। ਉਸ ਦਾ ਆਪਣੀ ਪਤਨੀ ਨਿੰਦਰ ਨਾਲ ਵੀ ਬਹੁਤ ਪਿਆਰ ਸੀ ਪਰ ਪੁਰਾਣੇ ਵਿਚਾਰਾਂ ਦੇ ਹੋਣ ਕਾਰਨ ਪੁੱਤਰ ਦੀ ਉਮੀਦ ਵਿਚ ਉਸ ਦੀ ਪਤਨੀ ਨੇ ਪੰਜ ਧੀਆਂ ਨੂੰ ਜਨਮ ਦੇ ਦਿੱਤਾ। ਆਖ਼ਿਰਕਾਰ ਪਰਮਾਤਮਾ ਨੇ ਉਸ ਦੀ ਬੇਨਤੀ ਸੁਣ ਲਈ ਤੇ ਉਸ ਦੇ ਘਰ ਪੁੱਤਰ ਦਾ ਜਨਮ ਹੋਇਆ। ਘਰ ਵਿਚ ਖ਼ੁਸ਼ੀਆਂ ਭਰਿਆ ਮਾਹੌਲ ਬਣ ਗਿਆ। ਸਾਰੇ ਖ਼ੁਸ਼ੀ-ਖ਼ੁਸ਼ੀ ਉਸ ਨੂੰ ਵਧਾਈਆਂ ਦੇਣ ਲੱਗੇ। ਉਸ ਦੇ ਪੈਰ ਧਰਤੀ 'ਤੇ ਨਹੀਂ ਸਨ ਲੱਗਦੇ।

ਲਾਡ-ਚਾਅ ਅਤੇ ਪਿਆਰ ਵਿਚ ਬੱਚੇ ਦਾ ਨਾਂ ਕਰਮਾ ਰਖਿਆ। ਕਰਮੇ ਨੂੰ ਬੜੀਆਂ ਰੀਝਾਂ ਤੇ ਚਾਵਾਂ ਨਾਲ ਪਾਲਿਆ ਗਿਆ। ਬਾਰ੍ਹਵੀਂ ਤਕ ਉਹ ਪਿੰਡ ਦੇ ਸਕੂਲ ਵਿਚ ਪੜ੍ਹਿਆ ਅਤੇ ਅੱਗੇ ਪੜ੍ਹਨ ਲਈ ਉਸ ਨੂੰ ਸ਼ਹਿਰ ਕਾਲਜ ਵਿਚ ਭੇਜ ਦਿੱਤਾ ਗਿਆ। ਭਾਵੇਂ ਕਰਮਾ ਪੜ੍ਹਨ ਵਿਚ ਹੁਸ਼ਿਆਰ ਸੀ ਪਰ ਘਰਦਿਆਂ ਦੇ ਲਾਡ-ਪਿਆਰ ਨੇ ਉਸ ਨੂੰ ਸਿਆਣਾ ਅਤੇ ਅਕਲਮੰਦ ਬਣਨ ਦਾ ਮੌਕਾ ਨਾ ਦਿੱਤਾ। ਸ਼ਹਿਰ ਜਾ ਕੇ ਉਸ ਦੀ ਦੋਸਤੀ ਸ਼ਰਾਰਤੀ ਬੱਚਿਆਂ ਨਾਲ ਪੈ ਗਈ। ਉਹ ਪਿਆਰ-ਪਿਆਰ ਵਿਚ ਉਸ ਨੂੰ ਆਪਣੇ ਅਨੁਸਾਰ ਢਾਲਣ ਵਿਚ ਕਾਮਯਾਬ ਹੋ ਗਏ। ਬਸ, ਫਿਰ ਕੀ ਸੀ, ਕਰਮਾ ਉਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਚੰਨਣ ਸਿੰਘ ਨੂੰ ਪਰੇਸ਼ਾਨ ਕਰਨ ਲੱਗਾ। ਉਹ ਨਿੱਤ ਦਿਨ ਪੈਸੇ ਮੰਗਦਾ ਤੇ ਕਾਲਜ ਦੇ ਹੋਸਟਲ ਵਿਚ ਆਪਣੇ ਦੋਸਤਾਂ ਨਾਲ ਰਹਿਣ ਦੀ ਜ਼ਿਦ ਵੀ ਕਰਦਾ। ਭਾਵੇਂ ਚੰਨਣ ਸਿੰਘ ਨੂੰ ਕਰਮੇ ਦੇ ਹੋਸਟਲ ਵਿਚ ਰਹਿਣ ਵਾਲੀ ਗੱਲ ਉੱਕਾ ਹੀ ਚੰਗੀ ਨਹੀਂ ਸੀ ਲੱਗ ਦੀ ਪਰ ਪਤਨੀ ਦੀ ਜ਼ਿਦ ਕਾਰਨ ਉਸ ਨੂੰ ਕੌੜਾ ਘੁੱਟ ਭਰਨਾ ਪਿਆ। ਉਸ ਦੀ ਪਤਨੀ ਨਿੰਦਰ ਨੇ ਚੰਨਣ ਨੂੰ ਇਹ ਗੱਲ ਕਹਿਕੇ ਮਨਾ ਲਿਆ ਕਿ ਕਰਮੇ ਨੂੰ ਸ਼ਹਿਰੋਂ ਘਰ ਆਉਂਦੇ ਨੂੰ ਕਈ ਵਾਰ ਹਨੇਰ-ਸਨੇਰ ਹੋ ਜਾਂਦੀ ਹੈ, ਮਾਹੌਲ ਠੀਕ ਨਹੀਂ, ਕੋਈ ਵੀ ਵਾਰਦਾਤ ਹੋ ਸਕਦੀ ਹੈ। ਇਸ ਲਈ ਬਿਹਤਰ ਇਹੀ ਹੈ ਕਿ ਕਰਮੇ ਨੂੰ ਹੋਸਟਲ ਰਹਿਣ ਦਿੱਤਾ ਜਾਵੇ।'

ਉਸ ਦੇ ਸਾਰੇ ਦੋਸਤ ਉਹ ਪੜ੍ਹਨ ਵਿਚ ਭਾਵੇਂ ਕਮਜ਼ੋਰ ਸਨ ਪਰ ਚੰਗੇ ਘਰਾਂ ਦੇ ਹੋਣ ਕਾਰਨ ਕਾਲਜ ਵਿਚ ਉਨ੍ਹਾਂ ਦੀ ਅਲੱਗ ਪਛਾਣ ਸੀ। ਉਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਕਰਮੇ ਨੇ ਵੀ ਨਸ਼ਾ ਕਰਨਾ ਸ਼ੁਰੂ ਕਰ ਦਿੱਤਾ। ਉਹ ਸਾਰੇ ਨਸ਼ੇ ਇਸਤੇਮਾਲ ਕਰਨ ਦਾ ਆਦੀ ਹੋ ਗਿਆ। ਹੁਣ ਉਹ ਨਸ਼ੇ ਦੀ ਆਦਤ ਦੀ ਪੂਰਤੀ ਲਈ ਕਿਤਾਬਾਂ-ਕਾਪੀਆਂ ਅਤੇ ਫ਼ੀਸਾਂ ਆਦਿ ਦੇ ਆਨੇ-ਬਹਾਨੇ ਪਿਤਾ ਕੋਲੋਂ ਜ਼ਬਰਦਸਤੀ ਪੈਸੇ ਦੀ ਮੰਗ ਕਰਦਾ ਤਾਂ ਉਸ ਦਾ ਪਿਤਾ ਰੋਜ਼-ਰੋਜ਼ ਪੈਸਿਆਂ ਦਾ ਪ੍ਰਬੰਧ ਕਰਦਾ ਤੰਗ ਆ ਗਿਆ। ਚੰਨਣ ਨੂੰ ਉਸ ਦੀਆਂ ਆਦਤਾ 'ਤੇ ਗੁੱਸਾ ਆਉਂਦਾ। ਜਦੋਂ ਉਹ ਕੰਮਕਾਰ ਤੋਂ ਵਿਹਲਾ ਹੁੰਦਾ ਤਾਂ ਪਤਨੀ ਨਿੰਦਰ ਨੂੰ ਕਰਮੇ ਦੀਆਂ ਵਧੀਕੀਆਂ ਬਾਰੇ ਕੋਸਦਾ ਹੋਇਆ ਕਹਿੰਦਾ, 'ਭਾਗਵਾਨੇ ਅਸੀਂ ਤਾਂ ਮੁੰਡਾ ਸ਼ਹਿਰ ਪੜ੍ਹਨੇ ਪਾ ਕੇ ਮੁਸੀਬਤ ਹੀ ਮੁੱਲ ਲੈ ਲਈ ਹੈ। ਇਕ ਤਾਂ ਮੁੰਡਾ ਸਾਡੇ ਤੋਂ ਦੂਰ ਹੋ ਗਿਆ, ਦੂਜਾ ਖ਼ਰਚੇ ਉਸ ਨੇ ਇੰਨੇ ਵਧਾ ਲਏ ਹਨ ਕਿ ਉਸ ਦੀ ਵਜ੍ਹਾ ਕਾਰਨ ਮੈਨੂੰ ਦੋ ਵਾਰ ਕਰਜ਼ਾ ਚੁੱਕਣ ਪਿਆ ਹੈ। ਘਰ ਵਿਚ ਪੰਜ ਧੀਆਂ ਵੀ ਹਨ। ਇਨ੍ਹਾਂ ਨੂੰ ਵੀ ਕਿੱਧਰੇ ਵਿਆਹੁਣਾ ਵੀ ਹੈ। ਇੰਨੇ ਖ਼ਰਚੇ ਮੈਂ ਇਕੱਲਾ ਕਿਵੇਂ ਸਾਂਭ ਸਕਦਾਂ। ਅੱਗੋਂ ਪਤਨੀ ਹੱਸ ਕੇ ਆਖ ਛੱਡਦੀ, 'ਕੋਈ ਗੱਲ ਨਹੀਂ ਜੀ, ਪੜ੍ਹ-ਲਿਖ ਕੇ ਜਦੋਂ ਮੇਰਾ ਪੁੱਤਰ ਕਮਾਉਣ ਲੱਗ ਜਾਊ ਤਾਂ ਆਪੇ ਸਾਰੇ ਕਰਜ਼ੇ ਲਹਿ ਜਾਣਗੇ।

ਨਸ਼ੇ ਦਾ ਆਦੀ ਹੋਣ ਕਾਰਨ ਕਰਮਾ ਦਿਨ-ਬ-ਦਿਨ ਕਮਜ਼ੋਰ ਹੋਣ ਲੱਗਿਆ। ਉਸ ਦਾ ਖਾਣ-ਪੀਣ ਵੱਲ ਧਿਆਨ ਘਟਣ ਲੱਗਿਆ। ਬਸ ਨਸ਼ਾ ਹੀ ਉਸ ਦੀ ਖ਼ੁਰਾਕ ਬਣ ਕੇ ਰਹਿ ਗਿਆ ਸੀ। ਹੁਣ ਉਹ ਪਿੰਡ ਵੀ ਦੇਰ ਪਿੱਛੋਂ ਚੱਕਰ ਮਾਰਦਾ। ਇਹ ਸਾਰਾ ਕੁਝ ਦੇਖਕੇ ਉਸ ਦੀ ਮਾਂ ਤੋਂ ਬਰਦਾਸ਼ਤ ਨਾ ਹੋਇਆ। ਉਸ ਨੇ ਇਕ ਦਿਨ ਚੰਨਣ ਸਿੰਘ ਨੂੰ ਸ਼ਹਿਰ ਜਾ ਕੇ ਪੁੱਤਰ ਨੂੰ ਮਿਲ ਕੇ ਆਉਣ ਲਈ ਆਖਿਆ। ਚੰਨਣ ਨੇ ਵੈਸੇ ਵੀ ਸ਼ਹਿਰੋਂ ਕੁਝ ਸਮਾਨ ਲੈਣ ਜਾਣਾ ਹੀ ਸੀ। ਇਸੇ ਬਹਾਨੇ ਉਹ ਕਰਮੇ ਦੇ ਹੋਸਟਲ ਵੱਲ ਵੀ ਉਸ ਨੂੰ ਮਿਲਣ ਗਿਆ। ਬਾਪੂ ਨੂੰ ਆਪਣੇ ਵੱਲ ਆਉਂਦਾ ਦੇਖਕੇ ਕਰਮਾ ਹੱਕਾ-ਬੱਕਾ ਰਹਿ ਗਿਆ। ਉਸ ਨੇ ਓਦੋਂ ਨਸ਼ਾ ਕੀਤਾ ਹੋਇਆ ਸੀ। ਜ਼ਮੀਨ ਉੱਤੇ ਉਸ ਦੇ ਪੈਰ ਥਿੜਕ ਰਹੇ ਸਨ ਅਤੇ ਜ਼ੁਬਾਨ ਵੀ ਥਥਲਾ ਰਹੀ ਸੀ। ਪੁੱਤਰ ਦੀ ਡਾਵਾਂ-ਡੋਲ ਹਾਲਤ ਦੇਖਕੇ ਚੰਨਣ ਜਿਵੇਂ ਮਿੱਟੀ ਦੀ ਢੇਰੀ ਹੀ ਹੋ ਗਿਆ। ਜਦੋਂ ਉਸ ਨੇ ਪ੍ਰਿੰਸੀਪਲ ਕੋਲੋਂ ਕਰਮੇ ਦੀ ਹਾਲਤ ਬਾਰੇ ਪੁੱਛਿਆ ਤਾਂ ਪ੍ਰਿੰਸੀਪਲ ਨੇ ਆਖਿਆ, 'ਸਾਨੂੰ ਥੋੜ੍ਹੇ ਸਮੇਂ ਤੋਂ ਪਤਾ ਲੱਗਾ ਹੈ ਇਸ ਦੇ ਨਸ਼ੇ ਕਰਨ ਦਾ। ਜਦੋਂ ਸਾਨੂੰ ਪਤਾ ਲੱਗਿਆ ਤਾਂ ਅਸੀਂ ਕਰਮੇ ਤੋਂ ਘਰ ਦੇ ਫੋਨ ਨੰਬਰ ਬਾਰੇ ਪੁੱਛਿਆ ਤਾਂ ਜੋ ਤੁਹਾਡੇ ਨੋਟਿਸ ਵਿਚ ਲਿਆਂਦਾ ਜਾਵੇ ਪਰ ਇਸ ਨੇ ਕਿਹਾ ਕਿ ਘਰ ਟੈਲੀਫੋਨ ਨਹੀਂ ਹੈ। ਮੈਂ ਆਪ ਖ਼ੁਦ ਹੀ ਬਾਪੂ ਜੀ ਨੂੰ ਬੁਲਾ ਕੇ ਮਿਲਵਾ ਦਿਆਂਗਾ ਤੁਹਾਨੂੰ।' ਪ੍ਰਿੰਸੀਪਲ ਦੀਆਂ ਖ਼ਰੀਆਂ-ਖ਼ਰੀਆਂ ਸੁਣ ਕੇ ਗੁੱਸੇ ਨਾਲ ਚੰਨਣ ਸਿੰਘ ਕਰਮੇ ਨੂੰ ਜ਼ਬਰਦਸਤੀ ਘਰ ਲੈ ਆਇਆ। ਉਸ ਨੇ ਪਤਨੀ ਨੂੰ ਅੱਖੀਂ ਡਿੱਠਾ ਤੇ ਕੰਨੀ ਸੁਣਿਆ ਸਾਰਾ ਹਾਲ ਆ ਸੁਣਾਇਆ। ਸਾਰਾ ਕੁਝ ਸੁਣ ਕੇ ਇਕ ਬਾਰ ਤਾਂ ਨਿੰਦਰ ਨੂੰ ਇੰਝ ਜਾਪਿਆ ਜਿਓਂ ਉਸ ਦੀ ਦੁਨੀਆ ਉਜੜ ਗਈ ਹੋਵੇ ਪਰ ਫਿਰ ਹੌਲੀ-ਹੌਲੀ ਸਬਰ ਕਰ ਕੇ ਉਸ ਨੇ ਆਪਣਾ ਮਨ ਸਮਝਾ ਲਿਆ।



> *ਉਸ ਨੇ ਦੌੜ ਕੇ ਪੁੱਤਰ ਨੂੰ ਬੁੱਕਲ ਵਿਚ ਲੈ ਲਿਆ ਤੇ ਰੋਂਦੀ ਹੋਈ ਕਹਿਣ ਲੱਗੀ, 'ਪੁੱਤਰ ਤੂੰ ਉਦਾਸ ਨਾ ਹੋ, ਮੈਂ ਤੇਰੇ ਦੁੱਖ ਨੂੰ ਚੰਗੀ ਤਰ੍ਹਾਂ ਸਮਝਦੀ ਹਾਂ। ਬੋਲ ਪੁੱਤ ! ਤੂੰ ਬੋਲਦਾ ਕਿਉਂ ਨਹੀਂ?' ਪਰ ਉਹ ਉਸ ਦੀਆਂ ਬਾਹਾਂ ਵਿਚ ਹੀ ਲੁੜਕ ਕੇ ਦਮ ਤੋੜ ਗਿਆ...*

ਕਰਮੇ ਨੂੰ ਵੀ ਸ਼ਹਿਰ ਤੋਂ ਆਇਆਂ ਹੁਣ ਹਫ਼ਤਾ ਹੋ ਗਿਆ ਸੀ। ਉਹ ਸਾਰਾ ਦਿਨ ਮੰਜੇ ਤੇ ਪਿਆ ਰਹਿੰਦਾ। ਨਸ਼ੇ ਦੀ ਲੱਗੀ ਲਤ ਕਾਰਨ ਉਸ ਦਾ ਸਰੀਰ ਉੱਠਣ ਯੋਗਾ ਨਹੀਂ ਸੀ ਰਿਹਾ। ਜਿਹੜਾ ਨਸ਼ਾ ਉਹ ਕਰਦਾ ਸੀ ਉਹ ਪਿੰਡ ਵਿੱਚੋਂ ਮਿਲਦਾ ਨਹੀਂ ਸੀ। ਉਹ ਨਸ਼ਾ ਲੱਭਣ ਲਈ ਇੱਧਰ-ਓਧਰ ਘੁੰਮਦਾ ਰਹਿੰਦਾ ਪਰ ਕਿਸੇ ਪਾਸਿਓਂ ਵੀ ਉਸ ਨੂੰ ਨਸ਼ਾ ਨਾ ਮਿਲਦਾ। ਉਹ ਹੁਣ ਬੇਚੈਨ ਰਹਿਣ ਲੱਗਾ ਅਤੇ ਉਸ ਦੇ ਅੱਖਾਂ ਵਿੱਚੋਂ ਹਰ ਵਕਤ ਹੰਝੂ ਡਿੱਗਦੇ ਰਹਿੰਦੇ। ਉਸ ਦੀ ਹਾਲਤ ਬਿਮਾਰਾ ਵਰਗੀ ਹੋ ਗਈ ਸੀ। ਇਕ ਦਿਨ ਉਹ ਬਹੁਤ ਪਰੇਸ਼ਾਨ ਸੀ। ਜਦੋਂ ਮਾਂ ਨੇ ਉਸ ਦੀ ਹਾਲਤ ਦੇਖੀ ਤਾਂ ਉਸ ਨੇ ਦੌੜ ਕੇ ਆਪਣੇ ਪੁੱਤਰ ਨੂੰ ਬੁੱਕਲ ਵਿਚ ਲੈ ਲਿਆ ਤੇ ਰੋਂਦੀ ਹੋਈ ਕਹਿਣ ਲੱਗੀ, 'ਪੁੱਤਰ ਤੂੰ ਉਦਾਸ ਨਾ ਹੋ, ਮੈਂ ਤੇਰੇ ਦੁੱਖ ਨੂੰ ਚੰਗੀ ਤਰ੍ਹਾਂ ਸਮਝਦੀ ਹਾਂ। ਤੇਰੀਆਂ ਤਾਂ ਮੈਂ ਅਜੇ ਸੁੱਖਾਂ ਵੀ ਪੂਰੀਆਂ ਨਹੀਂ ਕੀਤੀਆਂ ਤੇ ਨਾ ਤੈਨੂੰ ਜਵਾਨ ਹੁੰਦਿਆਂ ਰੀਝਾ ਨਾਲ ਤੱਕਿਆ ਹੈ। ਬੋਲ ਪੁੱਤ ! ਤੂੰ ਬੋਲਦਾ ਕਿਉਂ ਨਹੀਂ?' ਜਦੋਂ ਮਾਂ ਨੇ ਕਰਮੇ ਨੂੰ ਬੈਠਣ ਲਈ ਕਿਹਾ ਤਾਂ ਉਹ ਉਸ ਦੀਆਂ ਬਾਹਾਂ ਵਿਚ ਹੀ ਲੁੜਕ ਕੇ ਦਮ ਤੋੜ ਗਿਆ। ਨਿੰਦਰ ਉੱਚੀ-ਉੱਚੀ ਰੋਂਦੀ ਚੰਨਣ ਸਿੰਘ ਨੂੰ ਆਵਾਜ਼ਾਂ ਮਾਰਨ ਲੱਗੀ। ਇੰਨੇ ਨੂੰ ਚੰਨਣ ਸਿੰਘ ਵੀ ਖੇਤਾਂ ਵਿੱਚੋਂ ਆ ਗਿਆ। ਉਹ ਆਪਣੇ ਘਰ ਲੋਕਾਂ ਦਾ ਇੰਨਾ ਵੱਡਾ ਇਕੱਠ ਦੇਖਕੇ ਘਬਰਾ ਗਿਆ। ਵਿਹੜੇ ਵਿਚ ਅਗਾਹ ਨੂੰ ਆਇਆ ਤਾਂ ਅੰਦਰ ਉਸ ਦੀ ਪਤਨੀ ਵਿਰਲਾਪ ਕਰ ਰਹੀ ਸੀ। ਇਹ ਦੇਖਕੇ ਉਹ ਵੀ ਭੁੱਬਾਂ ਮਾਰ-ਮਾਰ ਰੋਣ ਲੱਗਿਆ ਅਤੇ ਪੁੱਤਰ ਨੂੰ ਆਵਾਜ਼ਾਂ ਮਾਰਦਿਆਂ ਕਹਿਣ ਲੱਗਿਆ, 'ਪੁੱਤਰ ਕਰਮੇ, ਜੇ ਤੈਨੂੰ ਸਾਡੇ ਤੋਂ ਜ਼ਿਆਦਾ ਪਿਆਰਾ ਨਸ਼ਾ ਹੋ ਗਿਆ ਸੀ ਤਾਂ ਸਾਨੂੰ ਪਹਿਲਾਂ ਕਿਉਂ ਨਹੀਂ ਮਾਰ ਦਿੱਤਾ! ਕਿੱਥੋਂ ਲਾ ਲਿਆ ਤੂੰ ਨਸ਼ੇ ਦਾ ਚੰਦਰਾ ਰੋਗ! ਕਿੱਥੋਂ ਲਾ ਲਈ ਤੂੰ ਨਸ਼ੇ ਦੀ ਭੈੜੀ ਬਿਮਾਰੀ, ਜੋ ਤੈਨੂੰ ਆਪਣੇ ਨਾਲ ਹੀ ਲੈ ਗਈ, ਇਸ ਦੁਨੀਆ 'ਚੋਂ। •

## ਕਵਿਤਾਵਾਂ



ਕੰਵਰਜੀਤ ਭੱਠਲ
93165-16951

### ਡਰੇ ਨਹੀਂ ਹਾਂ ਕਦੇ

ਡਰੇ ਨਹੀਂ ਹਾਂ ਕਦੇ!
ਡਰੇ ਨਹੀਂ ਹਾਂ ਕਦੇ!
ਕੋਠੇ ਚੜ੍ਹ ਕੇ ਪੂਰਨਮਾਸ਼ੀ ਦੇ ਚੰਦ ਨੂੰ
ਦੇਖਣ ਜੇਹਾ ਨਜ਼ਾਰਾ
ਕਦੀ ਅਸੀਂ ਵੀ ਕਰਾਂਗੇ
ਇਹ ਵੀ ਤਾਂ ਘੱਟ ਨਹੀਂ।

ਮੈਂ ਜ਼ਿੰਦਗੀ ਦੇ (ਜੋ ਸਿਰਫ਼ ਨਾਂ ਦੀ ਹੈ)
ਹਰ ਖ਼ੂਬਸੂਰਤ ਮੋੜ 'ਤੇ ਝੁੱਕਿਆ
ਤੇ ਕਬਰਸਤਾਨਾਂ ਦੀ
ਰੰਧ ਨੂੰ ਸਲਾਹਿਆ
ਮੈਂ ਜੰਗਲਾਂ ਦੀ ਸੈਰ ਕੀਤੀ
ਆਪਣੇ ਹੀ ਘਰ ਅੰਦਰ ਕੈਦ ਰਿਹਾ
ਡਰੇ ਨਹੀਂ ਹਾਂ ਕਦੇ
ਇਹ ਵੀ ਘੱਟ ਤਾਂ ਨਹੀਂ।

ਮੈਂ ਜ਼ਿੰਦਗੀ ਦੀ ਕੁੜੱਤਣ
ਬਿਨਾਂ ਥੁੱਕੇ ਪੀਤੀ
ਤੇ ਭਵਿੱਖ ਦੇ ਸੁਪਨਿਆਂ ਨੂੰ
ਅੰਮ੍ਰਿਤ ਵਾਂਗ ਪੀਤਾ
ਮੈਂ ਹਾਕਮ ਦੇ ਵਾਰ ਵੀ ਸਹੇ
ਤੇ ਪਰਜਾ ਦੇ ਤਾਅਨੇ ਵੀ
ਡਰੇ ਨਹੀਂ ਹਾਂ ਕਦੇ
ਇਹ ਵੀ ਘੱਟ ਤਾਂ ਨਹੀਂ।

ਉਹ ਵੀ ਦਿਨ ਆਉਣਗੇ
ਜਦ ਪਰਬਤਾਂ ਤੋਂ ਤਿਲਕ ਕੇ
ਬਰਫ਼ ਸਾਡੇ ਹੰਝੂ ਧੋਏਗੀ
ਉਹ ਵੀ ਦਿਨ ਆਉਣਗੇ
ਹਵਾਵਾਂ ਜਦ ਲਿਆਉਣਗੀਆਂ
ਜ਼ਿੰਦਗੀ ਦਾ ਸੁਨੇਹਾ
ਪਰ ਹਾਲੀ
ਨਾ ਤਾਂ ਬਰਫ਼ ਹੈ
ਨਾ ਯਾਰ ਤੇ ਨਾ ਹੀ ਜ਼ਿੰਦਗੀ।



ਅਰਤਿੰਦਰ ਸੰਧੂ
98153-02081

### ਆਈ ਸੈਂ ਜੇ ਜ਼ਿੰਦਗੀ

ਆਈ ਸੈਂ ਜੇ ਤੂੰ ਜ਼ਿੰਦਗੀ
ਲੈ ਆਉਂਦੀ ਕੁਝ ਸਮਾਨ ਵੀ
ਪੈਰਾਂ ਲਈ ਜ਼ਮੀਨ ਤੇ
ਸਿਰ ਵਾਸਤੇ ਅਸਮਾਨ ਵੀ।

ਪੈਰ ਤਾਂ ਕਰਦੇ ਰਹੇ
ਬੇਚੈਨ ਪੌਣਾਂ ਦਾ ਸਫ਼ਰ
ਖ਼ਬਰੇ ਕਿਹੜੇ ਅੰਬਰੋਂ
ਆਉਂਦੇ ਰਹੇ ਤੂਫ਼ਾਨ ਵੀ।

ਕੁਝ ਸ਼ਬਦ ਰੱਖਦੀ ਤਾਂ
ਸਾਡੇ ਜੀਣ ਵਿਚਲੀ ਪੀੜ ਲਈ
ਹੁੰਦਾ ਜਿਨ੍ਹਾਂ ਕੋਲ ਆਪਣੇ
ਅਰਥਾਂ ਦਾ ਸਾਮਾਨ ਵੀ।

ਬੇਮੇਚ ਚੱਲਦੇ ਵੇਲਿਆਂ ਦਾ
ਕੁਝ ਤਾਂ ਹੁੰਦਾ ਨਾਪ-ਤੋਲ
ਦਿਸਦਾ ਰਹਿੰਦਾ ਮੁੱਕਣੀ ਕਦ
ਵਾਟ ਇਹ ਬੇਜਾਨ ਵੀ।

ਕੁਝ ਤਾਂ ਸਮਰੱਥਾ ਵੀ ਹੁੰਦੀ
ਖ਼ੁਦ ਲਈ ਜੀਣ-ਥੀਣ ਦੀ
ਰਾਹੇ ਤਾਂ ਪੈਂਦੇ ਕਿਸੇ
ਅਹਿਸਾਸਾਂ ਦੇ ਅਰਮਾਨ ਵੀ।

ਲਿਪੀ ਦੇ ਕੇ ਸੂਝ ਦੇਂਦੀ
ਜਾਚ ਫਿਰ ਹੱਥਾਂ ਨੂੰ ਵੀ
ਲਿਖਣ ਦੀ ਇਸ ਸ਼ਹਿਰ ਵੱਸੀ
ਪੀੜ ਦਾ ਅਨੁਮਾਨ ਵੀ।

ਰਿਸ਼ਤਿਆਂ ਦੀਆਂ ਗੁੰਝਲ਼ਾਂ ਨੂੰ
ਦੱਸਦੀ ਕਿੰਜ ਖੋਲ੍ਹਣਾ
ਕਿਸ ਤਰ੍ਹਾਂ ਨੇ ਪਾਸ ਹੋਣੇ
ਆਏ ਇਮਤਿਹਾਨ ਵੀ।

ਸਾਹਾਂ 'ਚੋਂ ਰਿਸਦੀ ਪੀੜ 'ਚੋਂ
ਬਾਰਿਸ਼ ਦੇ ਕਤਰੇ ਜੋੜ ਕੇ
ਬੁਣਨਾ ਕਿਵੇਂ ਆਪਣੇ
ਹਿੱਸੇ ਦਾ ਆਸਮਾਨ ਵੀ।

ਚੀਸਾਂ ਦੀ ਵਹਿੰਦੀ ਭੀੜ ਨੂੰ
ਹੈ ਮੰਨਣਾ ਮੇਲਾ ਕਿਵੇਂ
ਆਪਣੇ ਟੋਟੇ ਵੇਚ ਕਿਵੇਂ
ਵਣਜਣੇ ਅਰਮਾਨ ਵੀ।

ਆਪਣੇ ਹੀ ਨਾਲ ਕਰ
ਸਮਝੌਤੇ ਆਪੇ ਤੋੜਨੇ
ਪੂਰਦੇ ਰਹਿਣਾ ਫਿਰ ਆਪੇ
ਕਰ ਲਏ ਨੁਕਸਾਨ ਵੀ।



ਬਲਜੀਤ ਤਲਵੰਡੀ
92177-68857

### ਚਿਹਰੇ

ਹੰਸੂ ਹੰਸੂ ਕਰਦੇ ਮੁਸਕਰਾਉਂਦੇ ਚਿਹਰੇ।
ਕਿੰਨੇ ਦਰਦ ਲੁਕਾਉਂਦੇ ਚਿਹਰੇ।

ਰੰਗਲੀ ਦੁਨੀਆ ਦੀ ਮਸਤੀ ਵਿਚ,
ਅੰਦਰੀ ਪੀੜ ਦਬਾਉਂਦੇ ਚਿਹਰੇ।

ਇਕ ਦੂਜੇ ਨੂੰ ਕਹਿਣ ਤੋਂ ਡਰਦੇ,
ਨਕਲੀ ਹੱਸ ਵਿਖਾਉਂਦੇ ਚਿਹਰੇ।

ਅੰਦਰੋ-ਅੰਦਰ ਘੁੱਟ ਘੁੱਟ ਪੀੜਾਂ ਡੱਕਦੇ,
ਮਿੱਠੀਆਂ ਬਾਤਾਂ ਪਾਉਂਦੇ ਚਿਹਰੇ।

ਕਦੀ ਸਮੇਂ ਦੀ ਕਮੀ ਖਾ ਗਈ,
ਕਦੀ ਇਕ ਦੂਜੇ ਤੋਂ ਕਤਰਾਉਂਦੇ ਚਿਹਰੇ।

ਅੰਦਰੋਂ ਸ਼ੱਕ ਹੱਡਾਂ ਨੂੰ ਲੂਹੀ ਜਾਵੇ,
ਕਿਉਂ ਭੱਠੀ ਵਾਂਗ ਤਪਾਉਂਦੇ ਚਿਹਰੇ।

## ਪ੍ਰਾਪਤ ਪੁਸਤਕਾਂ

1

| | |
|---|---|
| ਪੁਸਤਕ | : ਦੇਸ਼ੀ ਕੌਣ ? |
| ਲੇਖਕ | : ਬੂਟਾ ਖਾਨ ਸੁੱਖੀ |
| ਪੰਨੇ | : 84 ਮੁੱਲ : 195/- |
| ਪ੍ਰਕਾਸ਼ਕ | : ਲੋਕਗੀਤ ਪ੍ਰਕਾਸ਼ਨ, ਮੋਹਾਲੀ। |

2

| | |
|---|---|
| ਪੁਸਤਕ | : ਵੀਰਾਂ |
| ਲੇਖਿਕਾ | : ਹਰਨੇਕ ਸਿੰਘ ਬੱਧਣੀ |
| ਪੰਨੇ | : 112 ਮੁੱਲ : 150/- |
| ਪ੍ਰਕਾਸ਼ਕ | : ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ। |

# ਮਨੁੱਖ ਵੱਲੋਂ ਕੁਦਰਤ ਨਾਲ ਕੀਤੀ ਭਿਆਨਕ ਛੇੜਛਾੜ ਦੇ ਸਿੱਟੇ ਵੀ ਭਿਆਨਕ ਨਿਕਲੇ

**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਤਾਵਰਨ ਸੰਭਾਲ ਚ ਮਨੁੱਖੀ ਭੂਮਿਕਾ, ਕੋਈ ਦਰੱਖਤ ਲਗਾਉਂਦਾ ਹੈ ਕੋਈ ਦਰੱਖਤ ਕਟਵਾਂਉਦਾ ਹੈ, ਦਰੱਖਤ ਲਗਾਉਣ ਨਾਲ ਅਸੀ ਆਪਣਾ ਹੀ ਭੱਲਾ ਕਰਦੇ ਹਾਂ। ਮਨੁੱਖ ਵੱਲੋ ਕੁਦਰਤ ਨਾਲ ਕੀਤੀ ਭਿਆਨਕ ਛੇੜਛਾੜ ਦੇ ਸਿੱਟੇ ਵੀ ਭਿਆਨਕ ਨਿਕਲੇ ਹਨ ਹੁਣ ਬਹੁਤ ਯਤਨ ਕੀਤੇ ਜਾ ਰਹੇ ਹਨ ਕਿ ਵਾਤਾਵਰਨ ਦੀ ਸਾਂਭ-ਸੰਭਾਲ ਕੀਤੀ ਜਾਵੇ।ਵਾਤਾਵਰਨ ਨੂੰ ਬਚਾਉਣਾ ਸਮੇ ਦੀ ਮੁੱਖ ਲੋੜ ਹੈ। ਸਮਾਜ ਸੇਵੀ ਸੰਸਥਾਵਾ ਖੁਲ ਕੇ ਵਾਤਾਵਰਨ ਨੂੰ ਸੰਭਾਲਣ ਦਾ ਯਤਨ ਕਰ ਰਹੀਆਂ ਹਨ।ਖਾਲੀ ਥਾਵਾਂ ਤੇ ਪੌਦੇ / ਦਰੱਖਤ ਲਗਵਾ ਰਹੀਆ ਹਨ। ਸਰਕਾਰਾ ਵਿਕਾਸ ਦੇ ਨਾ ਤੇ ਇਨਸਾਨ ਦੀ ਲਾਲਸਾ ਕਾਰਨ ਅੱਜ ਜੰਗਲਾਂ ਦੇ ਜੰਗਲ ਕੱਟੇ ਜਾ ਰਹੇ ਨੇ। ਵੱਡੇ ਵੱਡੇ ਪਰਬਤ ਤੇ ਪਹਾੜ ਕੱਟ ਕੇ ਪੂੰਜੀਪਤੀਆਂ ਵਲੋ ਰੈਸਟੋਰੈਂਟ ਤੇ ਮਾਲ ਉਸਾਰੇ ਜਾ ਰਹੇ ਹਨ ਵੱਡੀਆ ਵੱਡੀਆ ਸੜਕਾ,ਇਮਾਰਤਾ,ਕਲੋਨੀਆਂ ਕਟ ਰਹੀਆ ਹਨ। ਜੇ ਇੱਕ ਦਰੱਖਤ ਕੱਟਣਾ ਪੈਂਦਾ ਹੈ ਤਾ ਉਸ ਦੀ ਥਾਂ ਤੇ ਦੋ ਦਰੱਖਤ ਲਗਾਉਣੇ ਚਾਹੀਦੇ ਹਨ।ਸਮੇ ਅਨਸਾਰ ਵਿਕਾਸ ਵੀ ਜਰੂਰ ਹੋਣਾ ਚਾਹੀਦਾ ਹੈ।ਸਮੇਂ ਦੀ ਮੰਗ ਵੀ ਹੈ। ਵਾਤਾਵਰਨ ਲਈ ਸਰਕਾਰਾ ਗੰਭੀਰ ਨਹੀ ਹਨ।

ਜੇ ਕਰ ਅਸੀ ਨਵੇ ਦਰੱਖਤ / ਪੌਦੇ ਨਹੀ ਲਗਾ ਸਕਦੇ ਤਾਂ ਲੱਗੇ ਹੋਏ ਪੋਦਿਆ / ਦਰੱਖਤਾ ਦੀ ਸਾਂਭ-ਸੰਭਾਲ ਲਈ ਯਤਨ ਹੀ ਕਰ ਸਕਦੇ ਹਾਂ ਜੇਕਰ ਹਰ ਇਨਸਾਨ ਆਪਣੇ ਆਲੇ-ਦੁਆਲੇ ਨੂੰ ਹਰਿਆ ਭਰਿਆ ਏ ਸਾਫ ਸੁਥਰਾ ਰੱਖਣ ਤਾਂ ਸਮਾਜ ਦੀ ਦਸ਼ਾ ਅਤੇ ਦਿੱਖ ਬਦਲ ਸਕਦੀ ਹੈ। ਲੋਕ ਆਪਣੀ ਸਮਾਜ ਪ੍ਰਤੀ ਜਿੰਮੇਵਾਰੀ ਨਿਭਾਉਣ ਲਈ ਅੱਗੇ ਆਉਣ, ਦਰੱਖਤ ਲਗਾਉਣਾ ਹੀ ਵਾਤਾਵਰਨ ਨੂੰ ਸੰਭਾਲਣ ਲਈ ਕੰਮ ਕਰਨ ਹਰ ਰੋਜ ਪ੍ਰਦੂਸ਼ਣ ਨੂੰ ਵਧਾਉਣ ਲਈ ਅਸੀਂ ਅਤੇ ਸਾਡਾ ਸਮਾਜ ਖ਼ੁੱਦ ਜਿੰਮੇਵਾਰ ਹੈ।ਮਨੁੱਖ ਭੁੱਲਦਾ ਜਾਂਦਾ ਹੈ। ਕਿ ਕੁਦਰਤੀ ਸੋਮਿਆਂ ਨੂੰ ਕਿਵੇ ਬਚਾਇਆ ਜਾ ਸਕਦਾ ਹੈ।ਚੰਗਾ ਤੇ ਸਿਹਤਮੰਦ ਵਾਤਾਵਰਨ ਅਤੇ ਕੁਦਰਤ ਵੱਲੋ ਦਿੱਤੀਆ ਜਿੰਦਗੀਆਂ ਨੂੰ ਚਲਾਉਣ ਵਾਲੀਆ ਸੁਗਾਤਾ ਖ਼ਤਮ ਹੋ ਗਈਆ ਤਾਂ ਇਨਸਾਨ ਦੇ ਨਾਲ-ਨਾਲ ਜਾਨਵਰ,ਪੰਛੀ,ਕੀੜੇ,ਮਕੋੜੇ ਸਭ ਕੁਝ ਖਤਮ ਹੋ ਸਕਦਾ ਹੈ। ਤੇ ਇਹ ਧਰਤੀ ਹਮੇਸ਼ਾ ਲਈ ਬੰਜਰ ਹੋ ਜਾਵੇਗੀ। ਰੁੱਖਾ ਦੀ ਕਟਾਈ ਨਿਰੰਤਰ ਜਾਰੀ ਹੈ।ਉਹਨਾਂ ਦੇ ਮੁਕਾਬਲੇ ਦਰੱਖਤ ਲੱਗ ਨਹੀ ਰਹੇ ਜੋ ਲੱਗ ਰਹੇ ਹਨ ਤਾਂ ਉਹਨਾ ਦੀ ਸਾਂਭ-ਸੰਭਾਲ ਨਹੀ ਹੋ ਰਹੀ।ਹਰ ਇਨਸਾਨ ਦਾ ਫਰਜ਼ ਬਣਦਾ ਹੈ ਕਿ ਹਰ ਮਨੁੱਖ ਲਾਵੇ ਦੋ ਰੁੱਖ

ਪੌਦੇ / ਦਰੱਖਤ ਸਰਕਾਰੀ ਯੋਜਨਾ ਅਨੁਸਾਰ ਹੀ ਲਗਾਉਣੇ ਚਾਹੀਦੇ ਹਨ। ਤਾਂ ਹੀ ਸਫਲਤਾ ਪ੍ਰਾਪਤ ਹੋ ਸਕਦੀ ਹੈ।ਪੌਦੇ / ਦਰੱਖਤ ਲਗਾਉਣ ਲਈ ਜੰਗਲਾਤ ਵਿਭਾਗ ਵਾਲੇ ਪੌਦਾ / ਦਰੱਖਤ ਲਗਾਉਣ ਲਈ ਛੇ ਮਹੀਨੇ ਪਹਿਲਾ ਪੋਦਿਆ ਲਈ ਦੋ ਫੁੱਟ ਚੋੜਾ,ਦੋ ਫੁੱਟ ਲੰਬਾ,ਦੋ ਫੁੱਟ ਡੂੰਘਾਈ ਵਾਲੇ ਟੋਏ ਪੁੱਟ ਦੇ ਹਨ। ਇਹਨਾਂ ਟੋਇਆਂ ਨੂੰ ਛੇ ਮਹੀਨੇ ਰੱਖਣ ਨਾਲ ਸੂਰਜ ਦੀਆਂ ਕਿਰਨਾ ਨਾਲ ਟੋਏ ਹੇਠਲੀ ਜਮੀਨ ਦੀ ਤਹਿ ਉਪਜਾਊ ਬਣ ਜਾਂਦੀ ਹੈ। ਟੋਏ ਦੇ ਆਲੇ ਦੁਆਲੇ ਪਾਣੀ,ਖਾਦ ਲਈ ਕਿਆਰੀ ਬਣਾਈ ਜਾਦੀ ਹੈ। ਇਸ ਤਰਾਂ ਪੌਦੇ ਦੀਆਂ ਜੜ੍ਹਾ ਦੇ ਆਲੇ ਦੁਆਲੇ ਸਿਉਂਕ ਵੀ ਨਹੀ ਲੱਗਦੀ ਸੀ। ਪੋਦੇ / ਦਰੱਖਤ ਲਗਾਉਣ ਲਈ ਢੁੱਕਵਾਂ ਸਮਾਂ 10 ਜੁਲਾਈ ਤੋ 15 ਸਤੰਬਰ ਤੱਕ ਪੌਦੇ / ਦਰੱਖਤ ਲਗਾਉਣ ਚਾਹੀਦੇ ਹਨ।ਪਿੱਪਲ, ਬੋਹੜ, ਨਿੰਮ, ਕਿੱਕਰ, ਆਂਵਲਾ, ਅੰਬ, ਬਿੱਲ, ਅਮਰੂਦ, ਕੱਚਨਾਰ ਇਮਲੀ,ਸੁਹਾਜਨਾ,ਜਾਮਨ ਆਦਿ ਦੇ ਦਰੱਖਤ ਲਗਾਉਣੇ ਚਾਹੀਦੇ ਹਨ। ਪਿੱਪਲ 24 ਘੰਟੇ ਨਿੰਮ 18 ਘੰਟੇ,ਬੋਹੜ 20 ਘੰਟੇ ਆਕਸੀਜਨ ਦੇਂਦੇ



ਹਨ। ਹ, ਪਿੰਡ ਹਰ ਘਰ ਵਿੱਚ ਹਰ ਮਨੁੱਖ ਲਾਵੇ ਦੋ ਰੁੱਖ ਲਾਜ਼ਮੀ ਕੀਤਾ ਜਾਵੇ।ਪਿੰਡਾ,ਸਹਿਰਾ,ਮੁਹੱਲੇ,ਸ਼ਾਮਲਾਟ, ਸ਼ਮਸ਼ਾਨਘਾਟ, ਆਦਿ ਜਮੀਨ ਵਾਧੂ ਹੋਂਦੀ ਹੈ।ਵਾਧੂ ਜਮੀਨ ਤੇ ਦਰੱਖਤ ਲਗਾਉਣੇ ਚਾਹੀਦੇ ਹਨ।

ਕਰੋਨਾ ਬੀਮਾਰੀ ਕਾਰਨ ਲੋਕ ਬਿਨਾ ਆਕਸੀਜਨ ਦੇ ਤੜਫਤੇ ਦੇਖੇ ਗਏ ।ਆਕਸੀਜਨ ਨਾ ਮਿਲਣ ਕਾਰਨ ਕੇਈ ਲੋਕ ਇਸ ਰੰਗਲੀ ਦੁਨੀਆ ਨੂੰ ਅਲਵਿਦਾ ਕਹਿ ਗਏ।ਆਕਸੀਜਨ ਦੀ ਕਮੀ ਇਹ ਉਹਨਾ ਦਰੱਖਤਾ ਦਾ ਸਰਾਪ ਹੈ। ਇਨਾਂ ਨੂੰ ਅਸੀ ਆਪਣੇ ਫਾਇਦੇ ਲਈ ਬਿਨਾਂ ਵਜਾ ਕਟੀ ਜਾ ਰਹੇ ਹਾਂ । ਇਹਨਾਂ ਕਾਰਨਾ ਕਰਕੇ ਕੋਵਿਡ ਦੋਰਾਨ ਨਤੀਜੇ ਭੁਗਤਣੇ ਪਏ ਸਨ।

ਕਨੇਡਾ ਵਿੱਚ ਅਸੀ ਆਸ-ਪਾਸ ਦਾ ਕੋਈ ਵੀ ਦਰੱਖਤ ਕੱਟ ਨਹੀ ਸਕਦੇ।ਆਪਣੇ ਘਰ ਦਾ ਦਰੱਖਤ ਕੱਟਣ ਵਾਸਤੇ ਵੀ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ ਜੋ ਅਸਾਨੀ ਨਾਲ ਨਹੀ ਮਿਲਦੀ ਜੇ ਕਰ ਬਿਨਾ ਮਨਜੂਰੀ ਤੋ ਤੁਸੀ ਦਰੱਖਤ ਕੱਟਦੇ ਹੋ ਤਾਂ 3 ਤਿੰਨ ਮਹੀਨੇ ਦੀ ਕੈਦ ਤੇ ਇੱਕ ਲੱਖ ਡਾਲਰ ਜ਼ੁਰਮਾਨਾ ਵੀ ਹੋ ਸਕਦਾ ਹੈ।

ਬ੍ਰਾਜ਼ੀਲ ਦੇ ਇੱਕ ਫੋਟੋਗ੍ਰਾਫਰ ਅਤੇ ਉਸ ਦੀ ਪਤਨੀ ਨੇ 20 ਲੱਖ ਦਰੱਖਤ ਲਗਾਏ ਜਿਸ ਨਾਲ ਇੱਕ ਜੰਗਲ ਤਬਾਹ ਹੋਏ ਜੰਗਲ ਦਾ ਪੁਨਰ ਜਨਮ ਹੋਇਆ ਇਸ ਵਕਤ ਇਹ ਜੰਗਲ 500, ਪੰਜ ਸੋ ਤੋ ਵੱਧ ਖਤਮ ਹੋ ਰਹੀਆਂ ਪ੍ਰਜਾਤੀਆਂ [ ਜਾਨਵਰਾਂ] ਦਾ ਘਰ ਬਣ ਗਿਆ ਹੈ।

ਲੋਕਾ ਨੇ ਕੋਵਿਡ-19 ਦੌਰਾਨ ਵੇਖ ਲਿਆ ਸੀ ਕੀ ਕੁਦਰਤ ਦੀ ਕਦਰ ਕਰੋ ਇਹ ਤੁਹਾਨੂੰ ਕਦੇ ਵੀ ਨਿਰਾਸ਼ ਨਹੀ ਕਰੇਗੀ । ਕੋਵਿਡ ਦੋਰਾਨ ਅਸਮਾਨ ਕਿੰਨਾ ਸਾਫ ਸੀ ।ਪੰਛੀਆ ਦੀ ਅਵਾਜ ਨੇਚੁਰਲ ਤੇ ਮਨ ਮੋਹਣੀ ਸੁਣਾਈ ਦੇਂਦੀ ਸੀ।ਬਿਲਕੁਲ ਪ੍ਰਦੂਸ਼ਣ ਨਹੀ ਸੀ।ਕੁਦਰਤ ਨੇ ਵੀ ਸਮਾਜ ਨੂੰ ਸਮਝਾਇਆ ਹੈ । ਜੇ ਅਸੀ ਹੁਣ ਵੀ ਨਹੀ ਸਮਜੇ ਤਾਂ ਕੁਦਰਤ ਦਾ ਕਾਰਨਾਮਾ ਤਾ ਆਉਣ ਵਾਲੀਆ ਪੀੜੀਆ ਮਾਫ ਨਹੀ ਕਰਨਗੀਆ। ਨਾਰਵੇ ਦੁਨੀਆ ਦਾ ਪਹਿਲਾ ਅਜਿਹਾ ਮੁਲਕ ਹੈ।

ਜਿਥੇ ਦਰੱਖਤਾ ਦੀ ਕਟਾਈ ਬੰਦ ਕਰ ਦਿੱਤੀ ਹੈ। ਕਿ ਸਾਡੇ ਦੇਸ਼ ਵਿੱਚ ਇੱਕ ਅਜਿਹਾ ਕਾਨੂੰਨ ਬਣਾਉਣ ਚਾਹੀਦਾ ਹੈ।ਕੋਈ ਵੀ ਇਨਸਾਨ ਦਰੱਖਤਾ ਦੀ ਕਟਾਈ ਨਾ ਕਰ ਸਕੇ,ਸਰਕਾਰ ਵੱਲੋ ਜੋ ਇਨਸਾਨ ਸਕੂਟਰ, ਮੋਟਰਸਾਈਕਲ, ਕਾਰ ਟਰੱਕ, ਟਰਾਲੀ ਟਰੈਕਟਰ, ਅਤੇ ਬਿਜਲੀ ਦਾ ਕੁਨੈਕਸ਼ਨ, ਮਕਾਨ, ਦੁਕਾਨ,ਫੈਕਟਰੀ ਖਰੀਦਣ ਤੇ ਉਹ ਵਿਅਕਤੀ 5,10,20,50,100, 500,1000 ਦਰੱਖਤ ਲਾਵੇਗਾ ਅਤੇ ਉਹਨਾਂ ਨੂੰ ਪਾਲੇਗਾ ਵੀ।ਸਕੂਲ ਕਾਲਜ,ਯੂਨੀਵਰਸਿਟੀ, ਵਿੱਚ ਦਾਖਲਾ ਲੈਣ ਅਤੇ ਮੋਬਾਈਲ ਕੁਨੈਕਸ਼ਨ, ਅਸਲਾ-ਬਾਰੂਦ ਕੁਨੈਕਸ਼ਨ ਲੈਣ ਤੇ ਉਸ ਨੂੰ ਹਰ ਮਨੁੱਖ ਲਾਵੇ ਦੋ ਰੁੱਖ ਦਰੱਖਤ ਲਗਾਉਣਾ ਲਾਜ਼ਮੀ ਕਰਨਾ ਚਾਹੀਦਾ ਹੈ।ਉਸ ਦੀ ਜੁਮੇਵਾਰੀ ਵੀ ਬਨਦੀ ਹੈ।ਦਰੱਖਤਾ ਨੂੰ ਪਾਲਣ ਲਈ ਜ਼ਮੀਨ ਸਰਕਾਰ ਮੁਹੱਈਆ ਕਰਵਾਏਗੀ।

ਵਾਤਾਵਰਨ ਅਤੇ ਪਾਣੀ ਦੀ ਸੰਭਾਲ ਨੂੰ ਕਿਰਤ ਨਾਲ ਜੋੜਨਾ ਬੇਹਦ ਜਰੂਰੀ ਹੈ। ਪੰਜਾਬ ਸਰਕਾਰ ਨਵੀ ਨੀਤੀ ਬਣਾ ਸਕਦੀ ਹੈ।ਸ਼ਾਮਲਾਟ ਜਮੀਨ ਦਾ 10 - 20 ਪ੍ਰਤੀਸ਼ਤ ਹਿੱਸੇ ਵਿੱਚ ਜੰਗਲ ਲਗਾਇਆ ਜਾ ਸਕਦਾ ਹੈ। ਇਸ ਨਾਲ ਸਰਕਾਰ ਤੇ ਲੋਕਾ ਨੂੰ ਵੀ ਫਾਇਦਾ ਹੋਵੇਗਾ ।

ਸਾਡਾ ਗੁਆਂਢੀ ਮੁਲਕ ਹੈ।ਭੂਟਾਨ ਇਸ ਦੇਸ ਵਿੱਚ ਇੱਕ ਵੀ ਕੀਟਨਾਸ਼ਕ ਦਵਾਈ ਦੀ ਦੁਕਾਨ ਨਹੀ ਹੈ।ਭੂਟਾਨ ਦੇ ਲੋਕ ਕਹਿੰਦੇ ਹਨ। ਕੀ ਅਸੀਂ ਆਪਣੇ ਬੱਚਿਆ ਨੂੰ ਜਹਿਰ ਨਹੀ ਖੁਵਾਉਣੀ ਸਾਡੇ ਦੇਸ ਵਿੱਚ ਵੇਖ ਲਵੋ ਇੰਨੇ ਸਕੂਲ-ਕਾਲਜ, ਹਸਪਤਾਲ ਨਹੀ ਹੋਣੇ ਜਿੰਨੇ ਕੀਟਨਾਸ਼ਕ ਦਵਾਇਆ ਦੀਆਂ ਦੁਕਾਨਾ ਹੋਣਗੀਆਂ। ਜਦੋ ਦੁਨੀਆ ਦੇ ਸਾਰੇ ਦਰੱਖਤ ਕੱਟੇ ਗਏ, ਜਾਨਵਰ ਮਰ ਗਏ। ਪਾਣੀ ਜਹਿਰੀਲਾ ਹੋ ਜਾਵੇਗਾ,ਹਵਾ ਵਿੱਚ ਸਾਹ ਲੈਣਾ ਔਖਾ ਹੋ ਗਿਆ ਫਿਰ ਉਸ ਵੇਲੇ ਇਨਸਾਨ ਨੂੰ ਸਮਜ ਆਵੇਗੀ 'ਅਬ ਪਛਤਾਏ ਕਿਆਂ ਹੋਤ ਜਬ ਚਿੜੀਆ ਚੁੱਘ ਗਈ ਖੇਤ ' ਅੱਜ ਸਾਡੇ ਦੇਸ਼ ਨੂੰ 150 ਕਰੋੜ ਦਰੱਖਤਾ ਦੀ ਲੋੜ ਹੈ।

ਆਪਣੇ ਦੇਸ਼ ਦੇ ਵਾਤਾਵਰਨ ਨੂੰ ਸੰਭਾਲਣ ਲਈ ਜੀਓ,ਏਆਰ ਟੈਲ, ਬੀ ਐਸ ਐਨ ਐਲ ਮੋਬਾਈਲ ਕੰਪਨੀਆ ਜਿਸ ਦੇ ਕੁਨੈਕਸ਼ਨ ਹਰੇਕ ਘਰ 'ਚ ਦੋ ਜਾ ਤਿੰਨ ਹਨ।ਬੜੀ ਅਸਾਨੀ ਨਾਲ ਇਹ ਟੀਚਾ ਪ੍ਰਾਪਤ ਕੀਤਾ ਜਾ ਸਕਦਾ ਹੈ।ਸਰਕਾਰਾ ਦੀ ਇਸ ਗੱਲ ਵਲ ਧਿਆਨ ਦੇਣ ਦੀ ਲੋੜ ਹੈ।ਬ੍ਰਾਜੀਲ ਦੇਸ਼ ਵਾਤਾਵਰਨ ਦੀ ਸੰਭਾਲ ਲਈ ਲੋਕ, ਵਿਦਿਆਰਥੀ, ਅਧਿਆਪਕ, ਆਮ ਨਾਗਰਿਕ ਆਪਣੇ ਦੇਸ ਦੀ ਸਮਾਜ, ਘਰ ,ਪਰਿਵਾਰ ਦੀ ਉਨੱਤੀ ਖੁਸ਼ਹਾਲੀ ਸੁਰੱਖਿਆ ਲਈ ਇੱਕ ਦੂਜੇ ਦਾ ਸਾਥ ਦੇਂਦੇ ਹਨ।

ਸਭ ਦੀ ਸਹਾਇਤਾ ਨਾਲ ਇੱਕ ਸੀਨੀਅਰ ਸਿਟੀਜਨ ਜੋੜੀ ਨੇ ਆਪਣੇ ਦੇਸ਼ ਧਰਤੀ ਮਾਂ, ਵਾਤਾਵਰਨ ਨੂੰ ਸ਼ੁੱਧ, ਸਵੱਛ, ਪਵਿੱਤਰ ਸੋਹਣਾ ਬਣਾ ਕੇ ਆਪਣੇ ਦੇਸ਼ ਅਤੇ ਦੁਨੀਆ ਵਿਚ ਸਨਮਾਨ ਇੱਜ਼ਤ ਪ੍ਰਾਪਤ ਕੀਤੀ।ਜੇ ਸਰਕਾਰਾ ਪਿੰਡਾ ਵਿੱਚ ਖਾਲੀ ਥਾਂ ਤੇ ਪਿੰਡਾ ਦੇ ਲੋਕਾ ਨੂੰ ਫਲ, ਫਰੂਟ ਆਦਿ ਦੇ ਦਰੱਖਤ ਲਗਾਉਣ ਦੇਵੇ ਤਾ ਉਹਨਾ ਦਰੱਖਤਾ ਦੀ ਜੋ ਪਾਲਣ ਪੋਸ਼ਣ ਕਰੇਗਾ ਉਸ ਦਾ ਉਹ ਮਾਲਕ ਹੋਵੇਗਾ।ਉਹ ਉਸ ਦਾ ਫਲ ਵੇਚ ਸਕਦਾ ਹੈ।ਫਿਰ ਦੇਖੋ ਲੋਕ ਦਰੱਖਤ ਆਪ ਮੂਹਰੇ ਹੋਕੇ ਲਗਾਉਣ ਗਏ ।ਸਭ ਨਾਗਰਿਕ ਆਪਣੇ ਜਨਮ ਦਿਨ ਤੇ ਬੱਚਿਆ ਦੇ ਜਨਮਦਿਨ ਤੇ ਸਾਲਗਿਰਾ ਤੇ ਹਰ ਖੁਸ਼ੀ ਦੇ ਮੋਕੇ ,ਦਿਨ ਤਿਉਹਾਰ, 15 ਅਗਸਤ 26 ਜਨਵਰੀ ਦੇ ਮੌਕੇ ਤੇ ਦਰੱਖਤ ਹਰ ਮਨੁੱਖ ਲਾਵੇ ਦੋ ਰੁੱਖ ਆਮ ਨਾਗਰਿਕ ਇਸ ਵਾਤਾਵਰਨ ਦੀ ਸੰਭਾਲ ਕਰਨ ਲਈ ਤੱਤਪਰ ਰਹਿਣਾ ਚਾਹੀਦਾ ਹੈ।ਪੰਜਾਬ ਦੀ ਵਸੋਂ ਲੱਗ ਭੱਗ 3 ਤਿੰਨ ਕਰੋੜ ਹੈ।ਇਸ ਸਾਲ ਹਰ ਮਨੁੱਖ ਲਾਵੇ ਦੋ ਰੁੱਖ ਆਉਣ ਵਾਲੇ ਸਮੇਂ ਵਿੱਚ ਮੌਸਮ, ਤਾਪਮਾਨ ਵਿੱਚ ਤਬਦੀਲੀ ਆ ਸਕਦੀ ਹੈ।

ਮਨੁੱਖ ਵੱਲੋ ਕੁਦਰਤ ਨਾਲ ਕੀਤੀ ਭਿਆਨਕ ਛੇੜਛਾੜ ਦੇ ਸਿੱਟੇ ਵੀ ਭਿਆਨਕ ਨਿਕਲੇ ਹਨ।ਹੁਣ ਬਹੁਤ ਯਤਨ ਕੀਤੇ ਜਾ ਰਹੇ ਹਨ ਕਿ ਵਾਤਾਵਰਨ ਦੀ ਸੰਭਾਲ ਕੀਤੀ ਜਾਵੇ। ਪੜ੍ਹੇ ਲਿਖੇ ਲੋਕ ਪਾਣੀ,ਹਵਾ ਤੇ ਧਰਤੀ ਨੂੰ ਸ਼ੁੱਧ ਬਣਾ ਕੇ ਜੀਵਨ 'ਚ ਸਾਰਥਕ ਕਰਨਾ ਚਾਹੁੰਦੇ ਹਨ। ਸਕੂਲਾ ਵਿੱਚ ਬੱਚਿਆ ਨੂੰ ਇੰਨਾ ਕੁਦਰਤੀ ਸਾਧਨਾ ਨੂੰ ਸੰਭਾਲਣ ਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਵਾਤਾਵਰਨ ਸੰਭਾਲਣ ਦੀ ਜਿੰਮੇਵਾਰ ਸਿਰਫ ਮਨੁੱਖ ਦੀ ਹੈ। ਜੇ ਅਸੀ ਪੌਦੇ ਦੀਆਂ ਮੁੱਢ ਤੋ ਹੀ ਜੜ੍ਹਾ ਡੂੰਗੀਆਂ ਕਰੀਏ ਤੇ ਖੁਰਾਕ ਵੱਲੋ ਕੋਈ ਕਮੀ ਨਾ ਛੱਡੀਏ ਤਾਂ ਇਹ ਪੋਦਾ ਰੁੱਖ ਬਣ ਕੇ ਕਦੇ ਵੀ ਨਹੀ ਸੁੱਕ ਸਕਦਾ ।ਅਸੀ ਇੱਕ ਮਿਸਾਲ ਬਣ ਕੇ ਵਾਤਾਵਰਨ ਦੀ ਸੰਭਾਲ ਪ੍ਰਤੀ ਬੱਚਿਆ ਨੂੰ ਜਾਗਰੂਕ ਕਰੀਏ ਤਾ ਜੋ ਸਾਡੀਆ ਆਉਣ ਵਾਲੀਆ ਪੀੜੀਆ ਸੁਰੱਖਿਅਤ ਹੋ ਸਕਣ ਜਰੂਰੀ ਹੈ। ਕਿ ਅਸੀ ਕੁਦਰਤ ਨਾਲ ਛੇੜਛਾੜ ਕਰਨ ਦੀ ਬਜਾਏ ਕੁਦਰਤ ਨਾਲ ਦੋਸਤੀ ਪਾ ਕੇ ਆਪਣਾ ਜੀਵਨ ਖੁਸ਼ਹਾਲ ਬਣਾਈਏ।

ਹਰ ਮਨੁੱਖ ਲਾਵੇ ਦੋ ਰੁੱਖ ਇਸ ਦਾ ਮਤਲਬ ਹੈ। ਜੋ ਇਨਸਾਨ ਦੋ ਰੁੱਖ ਲਾਵੇਗਾ। ਜਦੋ ਉਸ ਨੂੰ ਦੇਖਣ ਜਾਵੇਗਾ ਜੇ ਇੱਕ ਰੁੱਖ ਮਰ ਜਾਂਦਾ ਹੈ ਤਾ ਮਨੁੱਖ ਦੂਸਰਾ ਫਿਰ ਲੇਵੇਗਾ।

## ਸੜਕ ਸੁਧਾਰ ਲਈ ਜ਼ਿਲਾ ਪ੍ਰਸ਼ਾਸਨ ਵੱਲੋਂ ਜਾਰੀ ਕੀਤਾ ਗਿਆ ਗੂਗਲ ਫਾਰਮ

**ਅੰਮ੍ਰਿਤਸਰ 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਾਲ ਹੀ ਵਿੱਚ ਜ਼ਿਲਾ ਪ੍ਰਸ਼ਾਸਨ ਅੰਮ੍ਰਿਤਸਰ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਹੁਕਮਾਂ ਅਨੁਸਾਰ ਅਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਦੀ ਅਗਵਾਈ ਹੇਠ 41 ਸ਼ਹਿਰੀ ਸੜਕਾਂ ਨੂੰ ਵੱਖ ਵੱਖ ਸੀਨੀਅਰ ਅਧਿਕਾਰੀਆਂ ਵੱਲੋਂ ਅਡੋਪਟ ਕੀਤਾ ਗਿਆ ਹੈ । ਇਸ ਪਹਿਲ ਨੂੰ ਅੱਗੇ ਵਧਾਉਂਦਿਆਂ, ਜ਼ਿਲਾ ਪ੍ਰਸ਼ਾਸਨ ਨੇ ਹੁਣ ਇੱਕ ਗੂਗਲ ਫਾਰਮ ਵੀ ਜਾਰੀ ਕਰ ਦਿੱਤਾ ਹੈ, ਜਿਸ ਰਾਹੀਂ ਜਨਤਕ ਸੇਵਾਵਾਂ ਅਤੇ ਸੜਕਾਂ ਨਾਲ ਜੁੜੀਆਂ ਸ਼ਿਕਾਇਤਾਂ ਅਤੇ ਸੁਝਾਵ ਇਕੱਠੇ ਕੀਤੇ ਜਾਣਗੇ। ਇਹ ਜਾਣਕਾਰੀ ਦਿੰਦੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਇਸ ਗੂਗਲ ਫਾਰਮ ਰਾਹੀਂ ਨਾਗਰਿਕ ਆਪਣੇ ਇਲਾਕੇ ਦਾ ਨਾਂ, ਆਪਣੇ ਇਲਾਕੇ ਦੀਆਂ ਸੜਕਾਂ ਦੀ ਸਥਿਤੀ, ਪਾਣੀ ਦਾ ਇਕੱਠ ਹੋਣਾ, ਬੰਦ ਸਟ ?ਰੀਟ ਲਾਈਟਾਂ, ਫੁੱਟਪਾਥ ਸੰਬਧੀ ਆਦਿ ਬਾਰੇ ਰਿਪੋਰਟ ਕਰ ਸਕਦੇ ਹਨ। ਜਾਣਕਾਰੀ ਮਿਲਦੇ ਹੀ ਸ਼ਿਕਾਇਤ ਤੁਰੰਤ ਸੰਬਧਿਤ ਅਧਿਕਾਰੀ ਨੂੰ ਲੋੜੀਂਦੀ ਕਾਰਵਾਈ ਲਈ ਭੇਜ ਦਿੱਤੀ ਜਾਵੇਗੀ।

ਵਿਸ਼ੇਸ਼ ਗੱਲ ਇਹ ਹੈ ਕਿ ਇਹਨਾਂ ਸ਼ਿਕਾਇਤਾਂ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਲੋਂ ਰੋਜ਼ਾਨਾ ਮਨੀਟਰ ਕੀਤਾ ਜਾਏਗਾ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਡਿਜੀਟਲ ਪਲੇਟਫਾਰਮ ਦਾ ਲਾਭ ਲੈਣ ਅਤੇ ਸੜਕਾਂ ਨੂੰ ਹੋਰ ਵੀ ਸੁਰੱਖਿਅਤ, ਸਾਫ਼ ਅਤੇ ਸੁੰਦਰ ਬਣਾਉਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਦੇਣ। ਉਹਨਾਂ ਕਿਹਾ ਕਿ ਤੁਹਾਡੇ ਆਏ ਹੋਏ ਸੁਝਾਅ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਤੁਹਾਡੇ ਇਲਾਕੇ ਦੀ ਸੜਕ ਉੱਤੇ ਕੰਮ ਕੀਤਾ ਜਾਵੇਗਾ।

## ਕੈਨੇਡਾ 'ਚ ਜਹਾਜ਼ ਟਕਰਾਉਣ ਕਾਰਨ ਭਾਰਤੀ ਸਿੱਖਿਆਰਥੀ ਪਾਇਲਟ ਸਮੇਤ 2 ਦੀ ਮੌਤ

**ਓਟਵਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਟੋਰਾਂਟੋ ਵਿੱਚ ਭਾਰਤ ਦੇ ਕੌਂਸੁਲੇਟ ਜਨਰਲ ਅਨੁਸਾਰ ਕੈਨੇਡਾ ਦੇ ਮੈਨੀਟੋਬਾ ਸੂਬੇ ਵਿੱਚ ਦੋ ਜਹਾਜ਼ ਟਕਰਾਉਣ ਕਾਰਨ ਇੱਕ ਭਾਰਤੀ ਸਿੱਖਿਆਰਥੀ ਪਾਇਲਟ ਸਮੇਤ ਦੋ ਦੀ ਮੌਤ ਹੋ ਗਈ ਹੈ। ਇਹ ਘਟਨਾ ਮੰਗਲਵਾਰ ਦੀ ਦੱਸੀ ਜਾਂਦੀ ਹੈ। ਭਾਰਤੀ ਪਾਇਲਟ, ਜਿਸ ਦੀ ਪਛਾਣ ਸ੍ਰੀਹਰੀ ਸੁਕੇਸ਼ ਵਜੋਂ ਹੋਈ ਹੈ, ਦਾ ਸਿੰਗਲ-ਇੰਜਣ ਵਾਲਾ ਜਹਾਜ਼ ਅਜਿਹੇ ਹੀ ਇੱਕ ਹੋਰ ਜਹਾਜ਼ ਨਾਲ ਟਕਰਾ ਗਿਆ। ਜਾਣਕਾਰੀ ਅਨੁਸਾਰ ਦੂਜੇ ਜਹਾਜ਼ ਨੂੰ ਕੈਨੇਡੀਅਨ ਨੌਜਵਾਨ ਉਡਾਅ ਰਿਹਾ ਸੀ।

ਭਾਰਤ ਦੇ ਕੌਂਸੁਲੇਟ ਜਨਰਲ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਪਰਿਵਾਰ, ਪਾਇਲਟ ਸਿਖਲਾਈ ਸਕੂਲ ਅਤੇ ਸਥਾਨਕ ਪੁਲੀਸ ਨਾਲ ਸੰਪਰਕ ਵਿੱਚ ਹੈ ਤਾਂ ਜੋ ਸਾਰੀ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। ਕੈਨੇਡੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਸੀ.ਬੀ.ਸੀ.) ਦੀ ਇੱਕ ਖ਼ਬਰ ਰਿਪੋਰਟ ਵਿੱਚ ਕਿਹਾ ਗਿਆ ਹੈ, ‘‘ਦੋਵਾਂ ਵਿਦਿਆਰਥੀ ਪਾਇਲਟਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਸਿੰਗਲ-ਇੰਜਣ ਵਾਲੇ ਜਹਾਜ਼ਾਂ ਦੇ ਮਲਬੇ ਵਿੱਚੋਂ ਬਰਾਮਦ ਕੀਤੀਆਂ ਗਈਆਂ।’’ ਕਿਹਾ ਗਿਆ ਹੈ ਕਿ ਦੋਵੇਂ ਸਟੇਨਬਾਕ, ਵਿਨੀਪੈੱਗ ਤੋਂ ਲਗਪਗ 50 ਕਿਲੋਮੀਟਰ ਦੱਖਣ-ਪੂਰਬ ਵਿੱਚ ਹਵਾ ਵਿੱਚ ਟਕਰਾ ਗਏ ਸਨ।

ਸੀਬੀਸੀ ਰਿਪੋਰਟ ਵਿੱਚ ਹਾਰਵਜ਼ ਏਅਰ ਦੇ ਪ੍ਰਧਾਨ ਐਡਮ ਪੈਨਰ ਨੇ ਕਿਹਾ ਕਿ ਵਿਦਿਆਰਥੀ ਟੇਕਆਫ ਅਤੇ ਲੈਂਡਿੰਗ ਦਾ ਅਭਿਆਸ ਕਰਦੇ ਹੋਏ ਲੈਂਡਿੰਗ ਸਟ੍ਰਿਪ ਦੇ ਨੇੜੇ ਪਹੁੰਚਦੇ ਸਮੇਂ ਟਕਰਾ ਗਏ। ਹਵਾਬਾਜ਼ੀ ਘਟਨਾਵਾਂ ਦੀ ਜਾਂਚ ਲਈ ਜ਼ਿੰਮੇਵਾਰ ਏਜੰਸੀ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਨੇ ਕਿਹਾ ਕਿ ਉਹ ਜਾਣਕਾਰੀ ਇਕੱਠੀ ਕਰ ਰਿਹਾ ਹੈ ਅਤੇ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ।

ਭਾਰਤ ਨਾਲ ਸਬੰਧਤ ਸ੍ਰੀਹਰੀ ਸੁਕੇਸ਼ ਦੀ ਅਸਲ ਉਮਰ ਦਾ ਪਤਾ ਨਹੀ ਲੱਗ ਸਕਿਆ ਹੈ। ਸੀਬੀਸੀ ਨੇ ਕਿਹਾ ਕਿ ਕੈਨੇਡੀਅਨ ਪੀੜਤ 20 ਸਾਲਾ ਸਾਵਨਾ ਮੇਅ ਰੋਇਜ਼ ਸੀ ਅਤੇ ਉਸ ਨੇ ਆਪਣੇ ਪਿਤਾ ਦੇ ਨਕਸ਼ੇ-ਕਦਮਾਂ 'ਤੇ ਚਲਦਿਆਂ ਪਾਇਲਟ ਬਣਨ ਦਾ ਸੁਪਨਾ ਦੇਖਿਆ ਸੀ।

# ਹਰਿਆਣਾ, ਚੰਡੀਗੜ੍ਹ ਸਣੇ ਦਿੱਲੀ ਐੱਨਸੀਆਰ 'ਚ ਮੀਂਹ ਨਾਲ ਆਮ ਜਨਜੀਵਨ ਲੀਹੋਂ ਲੱਥਿਆ

## ਗੁਰੂਗ੍ਰਾਮ 'ਚ 'ਵਰਕ ਫਰਾਮ ਹੋਮ' ਦੀ ਐਡਵਾਈਜ਼ਰੀ ਜਾਰੀ; ਨੀਵੇਂ ਇਲਾਕਿਆਂ 'ਚ ਪਾਣੀ ਭਰਿਆ, ਲੋਕ ਘੰਟਿਆਂਬਧੀ ਜਾਮ 'ਚ ਫਸਣ ਲਈ ਮਜਬੂਰ, ਦਿੱਲੀ ਐੱਨਸੀਆਰ 'ਚ ਰੈੱਡ ਅਲਰਟ ਜਾਰੀ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਨਸੂਨ ਨੇ ਉੱਤਰ ਭਾਰਤ ਵਿਚ ਰਫ਼ਤਾਰ ਫੜ ਲਈ ਹੈ। ਦਿੱਲੀ, ਹਰਿਆਣਾ, ਪੰਜਾਬ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼, ਰਾਜਸਥਾਨ ਤੇ ਪੱਛਮੀ ਯੂਪੀ ਵਿਚ ਲਗਾਤਾਰ ਪੈ ਰਹੇ ਮੀਂਹ ਨਾਲ ਆਮ ਜਨਜੀਵਨ ਲੀਹੋਂ ਲੱਥ ਗਿਆ ਹੈ। ਦਿੱਲੀ ਐੱਨਸੀਆਰ ਵਿਚ ਭਾਰਤੀ ਮੌਸਮ ਵਿਭਾਗ ਨੇ ਰੈੱਡ ਅਲਰਟ ਜਾਰੀ ਕੀਤਾ ਹੈ। ਦਿੱਲੀ ਐੱਨਸੀਆਰ ਵਿਚ ਕਈ ਇਲਾਕਿਆਂ ਵਿਚ ਪਾਣੀ ਭਰਨ ਵਾਲੇ ਹਾਲਾਤ ਬਣ ਗਏ ਹਨ।

ਗੁਰੂਗ੍ਰਾਮ ਵਿਚ ਪਿਛਲੇ 12 ਘੰਟਿਆਂ ਵਿਚ ਰਿਕਾਰਡ 133 ਮਿਲੀਮੀਟਰ ਮੀਂਹ ਪਿਆ ਹੈ, ਜਿਸ ਨਾਲ ਸ਼ਹਿਰ ਦੇ ਕਈ ਮੁੱਖ ਮਾਰਗਾਂ 'ਤੇ ਪਾਣੀ ਭਰ ਗਿਆ ਹੈ। ਬੁੱਧਵਾਰ ਸ਼ਾਮੀਂ 7:30 ਵਜੇ ਤੋਂ ਰਾਤ 9 ਵਜੇ ਦਰਮਿਆਨ ਮਹਿਜ਼ ਡੇਢ ਘੰਟਿਆਂ ਵਿਚ 103 ਮਿਲੀਮੀਟਰ ਮੀਂਹ ਪਿਆ, ਜਿਸ ਨੇ ਸ਼ਹਿਰ ਵਿਚ ਆਵਾਜਾਈ ਤੇ ਬੁਨਿਆਦੀ ਪ੍ਰਬੰਧਾਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ।

ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਟੀ (ਡੀਡੀਐੱਮਏ) ਗੁਰੂਗ੍ਰਾਮ ਨੇ ਹਾਲਾਤ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਐਡਵਾਈਜ਼ਰੀ ਜਾਰੀ ਕੀਤੀ ਹੈ ਜਿਸ ਵਿੱਚ ਸਾਰੇ ਕਾਰਪੋਰੇਟ ਦਫਤਰਾਂ ਅਤੇ ਨਿੱਜੀ ਸੰਸਥਾਵਾਂ ਨੂੰ ਅੱਜ, 10 ਜੁਲਾਈ ਨੂੰ 'ਘਰੋਂ ਕੰਮ' ਕਰਨ ਦੀ ਸਲਾਹ ਦਿੱਤੀ ਗਈ ਹੈ, ਤਾਂ ਜੋ ਸੜਕਾਂ 'ਤੇ ਕੋਈ ਵਾਧੂ ਦਬਾਅ ਨਾ ਪਏ ਅਤੇ ਆਵਾਜਾਈ ਸੁਚਾਰੂ ਢੰਗ ਨਾਲ ਚੱਲ ਸਕੇ।

ਸੋਹਨਾ ਹਾਈਵੇਅ, ਗੋਲਫ ਕੋਰਸ ਰੋਡ ਅਤੇ ਜੈਪੁਰ ਐਕਸਪ੍ਰੈਸਵੇਅ ਵਰਗੇ ਪ੍ਰਮੁੱਖ ਮਾਰਗਾਂ 'ਤੇ ਭਾਰੀ ਪਾਣੀ ਭਰਨ ਕਰਕੇ ਵਾਹਨ ਫਸ ਗਏ। ਕਈ ਥਾਵਾਂ 'ਤੇ ਲੋਕ ਦੋ ਘੰਟੇ ਤੱਕ ਆਵਾਜਾਈ ਵਿੱਚ ਫਸੇ ਰਹੇ। ਘਰਾਂ ਅਤੇ ਸੁਸਾਇਟੀਆਂ ਵਿੱਚ ਪਾਣੀ ਦਾਖਲ ਹੋਣ ਦੀਆਂ ਵੀ ਰਿਪੋਰਟਾਂ



ਹਨ। ਸੜਕਾਂ 'ਤੇ ਪਾਣੀ ਭਰਨ ਕਰਕੇ ਕਈ ਇਲਾਕਿਆਂ ਵਿੱਚ ਬਿਜਲੀ ਸਪਲਾਈ ਵੀ ਠੱਪ ਹੋ ਗਈ।

ਭਾਰੀ ਆਵਾਜਾਈ ਤੇ ਜਾਮ ਕਾਰਨ, ਬਹੁਤ ਸਾਰੇ ਕਰਮਚਾਰੀ ਆਪਣੇ ਦਫ਼ਤਰਾਂ ਵਿੱਚ ਫਸੇ ਹੋਏ ਸਨ, ਅਤੇ ਉਨ੍ਹਾਂ ਨੂੰ ਰਾਤ ਬਿਤਾਉਣ ਲਈ ਨੇੜਲੇ ਹੋਟਲਾਂ ਦਾ ਸਹਾਰਾ ਲੈਣਾ ਪਿਆ। ਹਾਲਾਂਕਿ, ਉਦਯੋਗ ਵਿਹਾਰ ਅਤੇ ਆਲੇ-ਦੁਆਲੇ ਦੇ ਜ਼ਿਆਦਾਤਰ ਹੋਟਲ ਭਰੇ ਹੋਏ ਸਨ, ਜਿਸ ਕਾਰਨ ਲੋਕਾਂ ਨੂੰ ਰਾਤ ਬਿਤਾਉਣ ਲਈ ਵਿਕਲਪ ਲੱਭਣ ਵਿੱਚ ਮੁਸ਼ਕਲ ਆਈ। ਦਿੱਲੀ ਦੇ ਕਈ ਹਿੱਸਿਆਂ ਵਿੱਚ ਭਾਰੀ ਮੀਂਹ ਪਿਆ, ਜਿਸ ਕਾਰਨ ਨਹਿਰੂ ਪਲੇਸ, ਆਈਟੀਓ, ਆਸ਼ਰਮ, ਲਾਜਪਤ ਨਗਰ, ਆਊਟਰ ਰਿੰਗ ਰੋਡ, ਚਿਰਾਗ ਦਿੱਲੀ ਫਲਾਈਓਵਰ ਅਤੇ ਅਕਸ਼ਰਧਾਮ ਸਮੇਤ ਕਈ ਇਲਾਕਿਆਂ ਵਿੱਚ ਪਾਣੀ ਭਰ ਗਿਆ। ਨਜਫਗੜ੍ਹ ਵਿੱਚ ਸਭ ਤੋਂ ਵੱਧ 60 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ, ਜਦੋਂ ਕਿ ਹੋਰ ਇਲਾਕਿਆਂ ਵਿੱਚ ਵੀ 10 ਤੋਂ 50 ਮਿਲੀਮੀਟਰ ਤੱਕ ਮੀਂਹ ਪਿਆ।

ਭਾਰਤੀ ਮੌਸਮ ਵਿਭਾਗ (ਆਈਐੱਮਡੀ) ਨੇ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ 24 ਘੰਟਿਆਂ ਵਿੱਚ ਦਰਮਿਆਨੇ ਤੋਂ ਭਾਰੀ ਮੀਂਹ, ਬਿਜਲੀ ਡਿੱਗਣ ਅਤੇ ਗਰਜ ਨਾਲ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਨਾਗਰਿਕਾਂ ਨੂੰ ਖੁੱਲ੍ਹੀਆਂ ਥਾਵਾਂ, ਰੁੱਖਾਂ ਅਤੇ ਕਮਜ਼ੋਰ ਢਾਂਚਿਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ।

ਦਿੱਲੀ ਅਤੇ ਐਨਸੀਆਰ ਤੋਂ ਇਲਾਵਾ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਦੇ ਕੁਝ ਹਿੱਸਿਆਂ ਵਿੱਚ ਭਾਰੀ ਬਾਰਸ਼ ਕਾਰਨ ਸੜਕਾਂ 'ਤੇ ਪਾਣੀ ਭਰ ਗਿਆ ਅਤੇ ਵਾਹਨਾਂ ਦੀ ਆਵਾਜਾਈ ਪ੍ਰਭਾਵਿਤ ਹੋਈ। ਮੀਂਹ ਕਾਰਨ ਪਾਰਾ ਡਿੱਗ ਗਿਆ ਹੈ। ਦਿੱਲੀ ਵਿੱਚ ਵੱਧ ਤੋਂ ਵੱਧ ਤਾਪਮਾਨ 35.6 ਡਿਗਰੀ ਸੈਲਸੀਅਸ ਅਤੇ ਘੱਟੋ-ਘੱਟ 26.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਸਵੇਰੇ ਹੁਮਸ 81% ਅਤੇ ਸ਼ਾਮ ਨੂੰ 58% ਸੀ। ਮੌਸਮ ਵਿਭਾਗ ਨੇ ਅਗਲੇ 24 ਤੋਂ 48 ਘੰਟਿਆਂ ਵਿੱਚ ਹੋਰ ਮੀਂਹ ਪੈਣ ਦੀ ਚੇਤਾਵਨੀ ਜਾਰੀ ਕੀਤੀ ਹੈ। ਨਾਗਰਿਕਾਂ ਨੂੰ ਸੁਚੇਤ ਰਹਿਣ, ਬੇਲੋੜੀ ਯਾਤਰਾ ਤੋਂ ਬਚਣ ਅਤੇ ਪ੍ਰਸ਼ਾਸਨ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਗਈ ਹੈ।

## ਵਪਾਰਕ ਗੱਲਬਾਤ ਲਈ ਮੁੜ ਵਾਸ਼ਿੰਗਟਨ ਜਾਵੇਗੀ ਭਾਰਤੀ ਟੀਮ : ਅਧਿਕਾਰੀ

**ਨਵੀਂ ਦਿੱਲੀ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਭਾਰਤੀ ਵਣਜ ਮੰਤਰਾਲੇ ਦੀ ਟੀਮ ਪ੍ਰਸਤਾਵਿਤ ਵਪਾਰ ਸਮਝੌਤੇ ਲਈ ਅਮਰੀਕਾ ਨਾਲ ਗੱਲਬਾਤ ਦੇ ਇੱਕ ਹੋਰ ਦੌਰ ਲਈ ਜਲਦ ਹੀ ਵਾਸ਼ਿੰਗਟਨ ਦਾ ਦੌਰਾ ਕਰੇਗੀ। ਅਧਿਕਾਰੀ ਨੇ ਕਿਹਾ ਕਿ ਇਸ ਦੌਰੇ ਦੌਰਾਨ ਅੰਤਰਿਮ ਅਤੇ ਦੁਵੱਲੇ ਵਪਾਰ ਸਮਝੌਤੇ (2“1) ਦੇ ਪਹਿਲੇ ਪੜਾਅ ਦੋਵਾਂ ਨੁਕਤਿਆਂ 'ਤੇ ਗੱਲਬਾਤ ਹੋਵੇਗੀ। ਦੌਰੇ ਦੀਆਂ ਤਰੀਕਾਂ ਅਜੇ ਤੈਅ ਨਹੀਂ ਹੋਈਆਂ ਹਨ। ਹਾਲਾਂਕਿ, ਸੂਤਰਾਂ ਦਾ ਕਹਿਣਾ ਹੈ ਕਿ ਟੀਮ ਦੇ ਅਗਲੇ ਹਫ਼ਤੇ ਵਾਸ਼ਿੰਗਟਨ ਜਾਣ ਦੀ ਉਮੀਦ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਮੁੱਖ ਵਾਰਤਾਕਾਰ ਰਾਜੇਸ਼ ਅਗਰਵਾਲ ਦੀ ਅਗਵਾਈ ਵਾਲੀ ਭਾਰਤੀ ਟੀਮ ਸਮਝੌਤੇ ਬਾਰੇ ਗੱਲਬਾਤ ਪੂਰੀ ਕਰਨ ਤੋਂ ਬਾਅਦ ਵਾਸ਼ਿੰਗਟਨ ਤੋਂ ਪਰਤੀ ਸੀ। ਇਹ ਦੌਰਾ ਮਹੱਤਵਪੂਰਨ ਹੈ ਕਿਉਂਕਿ ਅਮਰੀਕਾ ਨੇ ਵਾਧੂ ਆਯਾਤ ਡਿਊਟੀਆਂ (ਭਾਰਤ ਦੇ ਮਾਮਲੇ ਵਿੱਚ ਇਹ 26 ਪ੍ਰਤੀਸ਼ਤ ਹੈ) ਲਗਾਉਣ ਦੀ ਮਿਆਦ 1 ਅਗਸਤ ਤੱਕ ਵਧਾ ਦਿੱਤੀ ਹੈ।

## ਸੂਬਾ ਸਰਕਾਰ ਚੌਲ ਮਿੱਲਰਾਂ ਅਤੇ ਹੋਰਨਾਂ ਭਾਈਵਾਲਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਲਗਾਤਾਰ ਯਤਨਸ਼ੀਲ: ਮੰਤਰੀ ਸਮੂਹ

# ਪੰਜਾਬ ਸਰਕਾਰ, ਖਰੀਦ ਪ੍ਰਕਿਰਿਆ ਵਿੱਚ ਸ਼ਾਮਿਲ ਸਾਰੇ ਹਿੱਸੇਦਾਰਾਂ ਨੂੰ ਵਿਕਾਸ ਦੇ ਸਰਗਰਮ ਭਾਈਵਾਲ ਵਜੋਂ ਦੇਖਦੀ ਹੈ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਣਕ ਅਤੇ ਝੋਨੇ ਦੀ ਨਿਰਵਿਘਨ ਅਤੇ ਮੁਸ਼ਕਿਲ ਰਹਿਤ ਖਰੀਦ ਨੂੰ ਯਕੀਨੀ ਬਣਾਉਣ ਲਈ ਗਠਿਤ ਕੀਤੇ ਗਏ ਮੰਤਰੀ ਸਮੂਹ ਨੇ ਅੱਜ ਪੰਜਾਬ ਦੇ ਚੌਲ ਮਿੱਲਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਚਿੰਤਾਵਾਂ ਅਤੇ ਮੁੱਦਿਆਂ ਨੂੰ ਗੌਰ ਨਾਲ ਸੁਣਿਆ ਅਤੇ ਜਾਇਜ਼ ਮੰਗਾਂ ਦੇ ਜਲਦੀ ਹੱਲ ਦਾ ਭਰੋਸਾ ਦਿੱਤਾ।



ਮੰਤਰੀ ਸਮੂਹ ਦੇ ਚੇਅਰਮੈਨ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਉਣੀ ਖਰੀਦ ਸੀਜ਼ਨ ਦੇ ਸੁਚਾਰੂ ਅਮਲ ਨੂੰ ਯਕੀਨੀ ਬਣਾਉਣ ਲਈ ਪੁਖ਼ਤਾ ਪ੍ਰਬੰਧ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਝੋਨੇ ਦਾ ਬਿਜਾਈ ਸੀਜ਼ਨ ਸ਼ੁਰੂ ਹੋ ਗਿਆ ਹੈ ਅਤੇ ਮਿੱਲਰਾਂ ਤੇ ਹੋਰਨਾਂ ਭਾਈਵਾਲਾਂ ਦੀਆਂ ਚਿੰਤਾਵਾਂ, ਲੋੜਾਂ ਅਤੇ ਮੰਗਾਂ ਨੂੰ ਧਿਆਨ ਵਿੱਚ ਰੱਖਦਿਆਂ ਇਸਦੇ ਸੁਚੱਜੇ ਢੰਗ ਨਾਲ ਹੱਲ ਲਈ ਸੂਬਾ ਪ੍ਰਸ਼ਾਸਨ ਤਨਦੇਹੀ ਨਾਲ ਕੰਮ ਕਰ ਰਿਹਾ ਹੈ ਤਾਂ ਜੋ ਸੁਚਾਰੂ ਖਰੀਦ ਕਾਰਜਾਂ ਨੂੰ ਯਕੀਨੀ ਬਣਾਇਆ ਜਾ ਸਕੇ।

ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਮਿੱਲਰਾਂ ਵੱਲੋਂ ਝੋਨੇ ਦੇ ਖਰੀਦ ਸੀਜ਼ਨ ਬਾਰੇ ਕਈ ਮਹੀਨੇ ਪਹਿਲਾਂ ਹੀ ਤਿਆਰੀਆਂ ਸ਼ੁਰੂ ਕਰਨ ਲਈ ਸੂਬਾ ਸਰਕਾਰ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਮਿੱਲਰਾਂ ਨਾਲ ਸਬੰਧਤ ਸਾਰੇ ਜਾਇਜ਼ ਮੁੱਦਿਆਂ ਦੇ ਹੱਲ ਲਈ ਲਗਾਤਾਰ ਸਖ਼ਤ ਯਤਨ ਕਰ ਕਰ ਰਹੇ ਹਨ ਅਤੇ ਜਲਦ ਹੀ ਉਨ੍ਹਾ ਵੱਲੋਂ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਮਾਮਲਿਆਂ ਨੂੰ ਲੈ ਕੇ ਨਵੀਂ ਦਿੱਲੀ ਵਿਖੇ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਮੁਲਾਕਾਤ ਕੀਤੀ ਜਾਵੇਗੀ।

ਕਿਸਾਨਾਂ, ਚੌਲ ਮਿੱਲਰਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਸਮੇਤ ਸਾਰੇ ਭਾਈਵਾਲਾਂ ਨੂੰ ਉਨ੍ਹਾਂ ਦੇ ਹਿੱਤਾਂ ਦੀ ਰਖਵਾਲੀ ਦੀ ਭਰੋਸਾ ਦਿੰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਅਨਾਜ ਦੇ ਭੰਡਾਰਨ ਲਈ ਖਾਲੀ ਥਾਂ ਨੂੰ ਯਕੀਨੀ ਕਰਨ ਲਈ ਸੂਬੇ ਵਿੱਚੋਂ ਅਨਾਜ ਦੀ ਚੁਕਾਈ ਬਾਰੇ ਗੱਲ ਕਰਦਿਆਂ ਸ੍ਰੀ ਕਟਾਰੂਚੱਕ ਨੇ ਕਿਹਾ ਕਿ ਹੁਣ ਤੱਕ 105 ਲੱਖ ਮੀਟ੍ਰਿਕ ਟਨ (ਐਲਐਮਟੀ) ਅਨਾਜ ਸੂਬੇ 'ਤੋਂ ਬਾਹਰ ਭੇਜਿਆ ਜਾ ਚੁੱਕਾ ਹੈ।

ਟਰਾਂਸਪੋਰਟ ਅਤੇ ਜੇਲ੍ਹ ਮੰਤਰੀ ਸ੍ਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਚੌਲ ਮਿੱਲਰ ਖਰੀਦ ਪ੍ਰਕਿਰਿਆ ਦੀ ਰੀੜ੍ਹ ਦੀ ਹੱਡੀ ਹਨ ਅਤੇ ਸੂਬਾ ਸਰਕਾਰ ਉਨ੍ਹਾਂ ਦੀ ਭਲਾਈ ਨੂੰ ਧਿਆਨ ਵਿੱਚ ਰੱਖਦਿਆਂ ਹਰ ਸੰਭਵ ਕਦਮ ਚੁੱਕ ਰਹੀ ਹੈ। ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਲੋੜ ਦੇ ਸਮੇਂ ਸਾਰੇ ਭਾਈਵਾਲਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਅਤੇ ਸਰਕਾਰ ਉਨ੍ਹਾਂ ਨੂੰ ਨਾ ਸਿਰਫ਼ ਖਰੀਦ ਪ੍ਰਕਿਰਿਆ ਵਿੱਚ ਸਗੋਂ ਪੰਜਾਬ ਦੇ ਸਮੁੱਚੇ ਵਿਕਾਸ ਵਿੱਚ ਸਰਗਰਮ ਭਾਈਵਾਲ ਵਜੋਂ ਦੇਖਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਰਾਹੁਲ ਤਿਵਾੜੀ, ਡਾਇਰੈਕਟਰ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਰਿੰਦਰ ਕੁਮਾਰ ਸ਼ਰਮਾ, ਸਕੱਤਰ ਪੰਜਾਬ ਮੰਡੀ ਬੋਰਡ ਰਾਮਵੀਰ, ਐਮਡੀ ਪਨਸਪ ਸੋਨਾਲੀ ਗਿਰੀ ਤੋਂ ਇਲਾਵਾ ਚੌਲ ਮਿੱਲਰਾਂ ਦੇ ਨੁਮਾਇੰਦੇ ਸ਼ਾਮਲ ਸਨ।

## ਡੇਂਗੂ ਮੱਛਰ ਦਿਨ ਵੇਲੇ ਕੱਟਦਾ ਹੈ: ਡਾ. ਰੋਹਿਤ ਗੋਇਲ



**ਫਾਜ਼ਿਲਕਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਫਾਜ਼ਿਲਕਾ ਡਾ. ਰਾਜ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਅਰਪਿਤ ਗੁਪਤਾ ਅਤੇ ਜ਼ਿਲ੍ਹਾ ਮਹਾਂਮਾਰੀ ਵਿਗਿਆਨੀ ਡਾ. ਸੁਨੀਤਾ ਅਤੇ ਸਹਾਇਕ ਸਿਵਲ ਸਰਜਨ/ ਸੀਐਚਸੀ ਖੂਈਖੇੜਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰੋਹਿਤ ਗੋਇਲ ਦੀ ਅਗਵਾਈ ਹੇਠ ਸਿਹਤ ਵਿਭਾਗ ਦੇ ਕਰਮਚਾਰੀਆਂ ਵੱਲੋਂ ਲੋਕਾਂ ਨੂੰ ਡੇਂਗੂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਜਿਸ ਤਹਿਤ ਅੱਜ ਸੀਐਚਸੀ ਖੂਈਖੇੜਾ ਅਧੀਨ ਪੈਂਦੇ ਪਿੰਡ ਕਿੱਲਿਆਂਵਾਲੀ ਵਿੱਚ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਮੌਕੇ ਡਾ. ਸ਼ੁਭਮ ਸੇਠੀ ਨੇ ਲੋਕਾਂ ਨੂੰ ਡੇਂਗੂ ਦੀ ਬਿਮਾਰੀ ਬਾਰੇ ਜਾਗਰੂਕ ਕੀਤਾ ਅਤੇ ਕਿਹਾ ਕਿ ਡੇਂਗੂ ਤੋਂ ਬਚਣ ਲਈ ਆਪਣੇ ਘਰਾਂ ਅਤੇ ਘਰਾਂ ਦੇ ਆਲੇ-ਦੁਆਲੇ ਰੱਖੇ ਖਾਲੀ ਭਾਂਡਿਆਂ ਵਿੱਚ ਸਾਫ਼ ਪਾਣੀ ਨੂੰ ਜ਼ਿਆਦਾ ਦੇਰ ਤੱਕ ਖੜ੍ਹਾ ਨਾ ਰਹਿਣ ਦਿਓ ਕਿਉਂਕਿ ਡੇਂਗੂ ਮੱਛਰ ਗੰਦੇ ਪਾਣੀ ਵਿੱਚ ਨਹੀਂ ਸਗੋਂ ਸਾਫ਼ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਦਿਨ ਵੇਲੇ ਕੱਟਦਾ ਹੈ। ਉਨ੍ਹਾਂ ਦੱਸਿਆ ਕਿ ਸਿਰ ਦਰਦ ਅਤੇ ਤੇਜ਼ ਬੁਖਾਰ ਹੋਣ ਦੀ ਸੂਰਤ ਵਿੱਚ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਜਾਓ ਅਤੇ ਡਾਕਟਰ ਦੀ ਸਲਾਹ ਲਓ। ਸਿਹਤ ਕਰਮਚਾਰੀ ਹਰ ਰੋਜ਼ ਪਿੰਡਾਂ ਵਿੱਚ ਘਰ-ਘਰ ਜਾ ਕੇ ਆਪਣੇ ਫਰਿੱਜ ਦੀਆਂ ਟ੍ਰੇਆਂ, ਗਮਲਿਆਂ ਆਦਿ ਵਿੱਚ ਖੜ੍ਹੇ ਪਾਣੀ ਦੀ ਜਾਂਚ ਕਰ ਰਹੇ ਹਨ ਤਾਂ ਜੋ ਡੇਂਗੂ ਦੇ ਕੀੜੇ ਨੂੰ ਉੱਥੇ ਹੀ ਨਸ਼ਟ ਕੀਤਾ ਜਾ ਸਕੇ।

ਬਲਾਕ ਮਾਸ ਮੀਡੀਆ ਇੰਚਾਰਜ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਵਿਭਾਗ ਹਫ਼ਤੇ ਦੇ ਹਰ ਸ਼ੁੱਕਰਵਾਰ ਨੂੰ ਡਰਾਈ ਡੇ ਵੀ ਮਨਾਉਂਦਾ ਹੈ। ਇਸ ਦਿਨ ਘਰਾਂ ਵਿੱਚ ਰੱਖੇ ਕੂਲਰਾਂ, ਗਮਲਿਆਂ ਅਤੇ ਫਰਿੱਜ ਦੀਆਂ ਟ੍ਰੇਆਂ ਨੂੰ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਸਾਫ਼ ਕਰੋ, ਅਜਿਹੀਆਂ ਸਾਵਧਾਨੀਆਂ ਵਰਤ ਕੇ ਹੀ ਅਸੀਂ ਡੇਂਗੂ ਤੋਂ ਬਚ ਸਕਦੇ ਹਾਂ। ਇਸ ਮੌਕੇ ਸਿਹਤ ਸੁਪਰਵਾਈਜ਼ਰ ਪਵਨਜੀਤ ਸਿੰਘ, ਸਿਹਤ ਕਰਮਚਾਰੀ ਰਾਮ ਪ੍ਰਤਾਪ, ਸੀਐਚਓ ਦਿਲਪ੍ਰੀਤ ਸੰਧੂ, ਏਐਨਐਮ ਸੰਤੋਸ਼ ਰਾਣੀ, ਸਮੂਹ ਆਸ਼ਾ ਵਰਕਰ ਅਤੇ ਹੋਰ ਪਿੰਡ ਵਾਸੀ ਵੀ ਮੌਜੂਦ ਸਨ।

# Amazon ਤੋਂ ਖ਼ਰੀਦਦਾਰੀ, PayPal ਤੋਂ ਭੁਗਤਾਨ ਅਤੇ VPN ਨਾਲ ਰਚੀ ਸੀ ਭਾਰਤ 'ਚ ਹਮਲੇ ਦੀ ਯੋਜਨਾ

**ਨਵੀਂ ਦਿੱਲੀ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




ਗਲੋਬਲ ਟੈਰੋਰਿਜ਼ਮ ਫ਼ਾਈਨੈਂਸਿੰਗ ਮੌਨੀਟਰਿੰਗ ਬੌਡੀ (**FATF**) ਨੇ ਅਤਿਵਾਦੀਆਂ ਦੀ ਫ਼ੰਡਿੰਗ ਸੰਬੰਧੀ ਇੱਕ ਮਹੱਤਵਪੂਰਣ ਜਾਣਕਾਰੀ ਦਿੱਤੀ ਹੈ। ਫ਼ਰਵਰੀ 2019 ਦੇ ਪੁਲਵਾਮਾ ਅਤਿਵਾਦੀ ਹਮਲੇ ਅਤੇ 2022 'ਚ ਗੋਰਖਨਾਥ ਮੰਦਰ 'ਚ ਹੋਈ ਘਟਨਾ ਦਾ ਹਵਾਲਾ ਦਿੰਦੇ ਹੋਏ, **FATF** ਨੇ ਕਿਹਾ ਕਿ ਈ-ਕੌਮਰਸ ਪਲੈਟਫ਼ੌਰਮਜ਼ ਅਤੇ ਔਨਲਾਈਨ ਭੁਗਤਾਨ ਸੇਵਾਵਾਂ ਦੀ ਅਤਿਵਾਦ ਨੂੰ ਵਿੱਤ ਦੇਣ ਲਈ ਦੁਰਵਰਤੋਂ ਕੀਤੀ ਜਾ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਪੁਲਵਾਮਾ ਹਮਲੇ 'ਚ ਕੇਂਦਰੀ ਰਿਜ਼ਰਵ ਪੁਲੀਸ ਬਲ ਦੇ 40 ਜਵਾਨਾਂ ਨੇ ਆਪਣੀ ਜਾਨ ਗਵਾਈ।

**FATF** ਨੇ ਅਪ੍ਰੈਲ 2025 'ਚ ਪਹਿਲਗਾਮ ਅਤਿਵਾਦੀ ਹਮਲੇ ਦੀ ਨਿੰਦਾ ਕੀਤੀ ਸੀ, ਅਤੇ ਜੂਨ 'ਚ ਕਿਹਾ ਸੀ ਕਿ ਵਿੱਤੀ ਸਹਾਇਤਾ ਤੋਂ ਬਿਨਾਂ ਅਜਿਹੇ ਹਮਲੇ ਸੰਭਵ ਨਹੀਂ ਸਨ ਹੋ ਸਕਦੇ। ਪਹਿਲਗਾਮ ਅਤਿਵਾਦੀ ਹਮਲੇ 'ਚ 26 ਲੋਕ ਮਾਰੇ ਗਏ ਸਨ।

**ਅਤਿਵਾਦੀਆਂ ਨੇ ਔਨਲਾਈਨ ਸੇਵਾਵਾਂ ਦੀ ਵਰਤੋਂ ਕਿਵੇਂ ਕੀਤੀ ?** ਪੁਲਵਾਮਾ ਹਮਲੇ ਲਈ ਸਮੱਗਰੀ ਖ਼ਰੀਦਣ ਦੇ ਉਦੇਸ਼ ਲਈ ਈ-ਕੌਮਰਸ ਪਲੈਟਫ਼ੌਰਮਾਂ ਦੀ ਵਰਤੋਂ ਦਾ ਹਵਾਲਾ ਦਿੰਦੇ ਹੋਏ **FATF** ਨੇ ਕਿਹਾ ਕਿ ਹਮਲੇ 'ਚ ਵਰਤੇ ਗਏ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (**IED ਭਾਵ ਦੇਸੀ ਬੰਬ**) ਦਾ ਇੱਕ ਪ੍ਰਮੁੱਖ ਹਿੱਸਾ, ਐਲੂਮੀਨੀਅਮ ਪਾਊਡਰ, ਈ-ਕੌਮਰਸ ਪਲੈਟਫ਼ੌਰਮ ਐਮੇਜ਼ੌਨ ਰਾਹੀਂ ਖ਼ਰੀਦਿਆ ਗਿਆ ਸੀ। ਇਹ ਹਮਲਾ ਜੈਸ਼-ਏ-ਮੁਹੰਮਦ ਦੇ ਅਤਿਵਾਦੀਆਂ ਦੁਆਰਾ ਕੀਤਾ ਗਿਆ ਸੀ। ਪਾਕਿਸਤਾਨ ਇਨ੍ਹਾਂ ਅਤਿਵਾਦੀਆਂ ਨੂੰ ਪਾਲ ਰਿਹਾ ਹੈ। **FATF** ਨੇ ਕਿਹਾ ਕਿ ਅਤਿਵਾਦੀ ਔਨਲਾਈਨ ਸੇਵਾਵਾਂ ਅਤੇ **VPN** ਦੀ ਵੀ ਵਰਤੋਂ ਕਰਦੇ ਹਨ। **FATF** ਨੇ ਦੱਸਿਆ ਕਿ ਕਿਵੇਂ ਅਤਿਵਾਦੀਆਂ ਨੇ 3 ਅਪ੍ਰੈਲ 2022 ਨੂੰ ਗੋਰਖਨਾਥ ਮੰਦਰ 'ਚ ਘੁਸਪੈਠ 'ਚ ਔਨਲਾਈਨ ਭੁਗਤਾਨ ਸੇਵਾ ਦੀ ਵਰਤੋਂ ਕੀਤੀ। ਤੁਹਾਨੂੰ ਦੱਸ ਦੇਈਏ ਕਿ ਇਸਲਾਮਿਕ ਸਟੇਟ ਇਨ ਇਰਾਕ ਐਂਡ ਦ ਲੇਵੈਂਟ (**ISIL**) ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਇੱਕ ਵਿਅਕਤੀ ਨੇ ਗੋਰਖਨਾਥ ਮੰਦਰ 'ਚ ਸੁਰੱਖਿਆ ਕਰਮਚਾਰੀਆਂ 'ਤੇ ਹਮਲਾ ਵੀ ਕੀਤਾ ਸੀ।

ਦਰਅਸਲ, ਵਿੱਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਮਲੇ ਦੀ ਕੋਸ਼ਿਸ਼ ਕਰਨ ਵਾਲੇ ਦੋਸ਼ੀ ਨੇ ਦੱਸਿਆ ਕਿ ਉਸ ਨੇ **ISIS** ਦੇ ਸਮਰਥਨ 'ਚ **PayPal** ਰਾਹੀਂ ਵਿਦੇਸ਼ਾਂ 'ਚ 669,841 ਰੁਪਏ ਭੇਜੇ ਸਨ, ਅਤੇ ਇਸ ਲਈ ਉਸ ਨੇ ਆਪਣਾ **IP Address** ਲੁਕਾਉਣ ਲਈ **VPN** ਸੇਵਾ ਅਤੇ ਅੰਤਰਰਾਸ਼ਟਰੀ ਤੀਜੀ ਧਿਰ ਲੈਣ-ਦੇਣ ਦੀ ਵਰਤੋਂ ਕੀਤੀ। ਉਸ ਨੂੰ ਇੱਕ ਵਿਦੇਸ਼ੀ ਸਰੋਤ ਤੋਂ 10,323.35 ਰੁਪਏ ਵੀ ਮਿਲੇ ਸਨ।

**ਪਾਕਿਸਤਾਨ ਨੂੰ FATF ਦੀ ਗ੍ਰੇਅ ਲਿਸਟ 'ਚ ਪਾਉਣਾ ਚਾਹੀਦੈ:** ਭਾਰਤ ਲਗਾਤਾਰ ਕਹਿੰਦਾ ਆ ਰਿਹਾ ਹੈ ਕਿ ਪਾਕਿਸਤਾਨ ਨਾ ਸਿਰਫ਼ ਅਤਿਵਾਦੀਆਂ ਦਾ ਸਮਰਥਨ ਕਰਦੈ ਸਗੋਂ ਉਨ੍ਹਾਂ ਦੀ ਵਿੱਤੀ ਅਤੇ ਫ਼ੌਜੀ ਤੌਰ 'ਤੇ ਵੀ ਮਦਦ ਕਰਦਾ ਹੈ।

ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਫ਼ਿਰ ਤੋਂ ਬੇਨਤੀ ਕੀਤੀ ਸੀ ਕਿ ਪਾਕਿਸਤਾਨ ਨੂੰ ਦੁਬਾਰਾ **FATF** ਦੀ ਗ੍ਰੇਅ ਸੂਚੀ 'ਚ ਪਾਇਆ ਜਾਵੇ।

## ਸ਼੍ਰੋਮਣੀ ਕਮੇਟੀ ਵੱਲੋਂ ਸ਼ਹੀਦ ਗੁਰਤੇਜ ਸਿੰਘ ਦੇ ਪਰਿਵਾਰ ਦਾ ਸਨਮਾਨ

**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਤੇ ਚੀਨ ਸਰਹੱਦ 'ਤੇ ਗਲਵਾਨ ਘਾਟੀ ਵਿੱਚ ਚੀਨੀ ਫ਼ੌਜ ਦੇ 12 ਜਵਾਨਾਂ ਨੂੰ ਸ੍ਰੀ ਸਾਹਿਬ ਨਾਲ ਮੌਤ ਦੇ ਘਾਟ ਉਤਾਰ ਕੇ ਆਖ਼ਰ ਖ਼ੁਦ ਸ਼ਹਾਦਤ ਦਾ ਜਾਮ ਪੀਣ ਵਾਲੇ ਸ਼ਹੀਦ ਗੁਰਤੇਜ ਸਿੰਘ ਦੇ ਪਰਿਵਾਰ ਦਾ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਸਨਮਾਨ ਕੀਤਾ ਗਿਆ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਸ਼ਹੀਦ ਭਾਈ ਗੁਰਤੇਜ ਸਿੰਘ ਦਾ ਜਨਮ 15 ਨਵੰਬਰ 1997 ਨੂੰ ਪਿੰਡ ਬੀਰੇਵਾਲਾ ਡੋਗਰਾ ਜ਼ਿਲ੍ਹਾ ਮਾਨਸਾ ਵਿੱਚ ਵਿਰਸਾ ਸਿੰਘ ਤੇ ਪ੍ਰਕਾਸ਼ ਕੌਰ ਦੇ ਘਰ ਹੋਇਆ ਸੀ। ਪ੍ਰੋ. ਬਡੂੰਗਰ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕਰਨਾ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਫ਼ਰਜ਼ ਹੈ। ਇਸ ਮੌਕੇ ਸ਼ ?ਰੋਮਣੀ ਕਮੇਟੀ ਦੇ ਅੰਤਰਿੰਗ ਮੈਂਬਰ ਸੁਰਜੀਤ ਸਿੰਘ ਗੜ੍ਹੀ, ਰਵਿੰਦਰ ਸਿੰਘ ਖ਼ਾਲਸਾ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਜਸਮੇਰ ਸਿੰਘ ਲਾਛੜੂ ਤੇ ਹਰਪਾਲ ਸਿੰਘ ਜੱਲਾ ਆਦਿ ਹਾਜ਼ਰ ਸਨ।

## ਮੰਗਾਂ ਸਬੰਧੀ ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਡਿਪਟੀ ਕਮਿਸ਼ਨਰ ਨੂੰ ਮਿਲਿਆ



**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਐਡਵੋਕੇਟ ਹਰਿੰਦਰ ਸ਼ਰਮਾ ਕੌਂਰਜੀਵਾਲਾ ਅਤੇ ਸਾਰੀ ਟੀਮ ਵੱਲੋਂ ਸ੍ਰੀ ਕਾਲੀ ਮਾਤਾ ਮੰਦਿਰ ਤੋਂ ਮਾਤਾ ਜੀ ਦਾ ਆਸ਼ੀਰਵਾਦ ਲੈ ਕੇ ਮੰਗਾਂ ਸਬੰਧੀ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਮਿਲਕੇ, ਉਹਨਾਂ ਰਾਹੀਂ ਮਾਨਯੋਗ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਜੀ ਨੂੰ ਮੰਗ ਪੱਤਰ ਭੇਜਿਆ ਗਿਆ। ਮੰਗ ਪੱਤਰ ਰਾਹੀਂ ਪੰਜਾਬ ਸਰਕਾਰ ਨੂੰ ਬ੍ਰਾਹਮਣ ਭਲਾਈ ਬੋਰਡ, ਪੰਜਾਬ ਨੂੰ ਮੁੜ ਰੀਵਾਈਵ ਕਰਨ, ਪੰਜਾਬ ਦੇ ਮੰਦਿਰਾਂ ਵਿੱਚ ਕੰਮ ਕਰਦੇ ਕਰਮਚਾਰੀਆਂ / ਪੁਜਾਰੀਆਂ ਨੂੰ ਬਣਦੀਆਂ ਤਨਖਾਹਾਂ/ਸਹੂਲਤਾਂ ਅਤੇ ਸੰਸਕ੍ਰਿਤ ਭਾਸ਼ਾ ਨੂੰ ਪੰਜਾਬ ਵਿੱਚ ਮੁੜ ਸੁਰਜੀਤ ਕਰਨ ਦੀ ਅਪੀਲ ਕੀਤੀ। ਪੰਜਾਬ ਵਿੱਚ ਬ੍ਰਾਹਮਣ ਸਮਾਜ ਸਮਾਜਿਕ , ਆਰਥਿਕ , ਵਿਦਿਅਕ, ਰਾਜਨੀਤਿਕ ਰੂਪ ਵਿੱਚ ਅਣ ਪ੍ਰਤਿਨਿਧਤ ਵਰਗ ਹੋਣ ਦੇ ਨਾਤੇ ਮੰਗ ਕਰਦਾ ਹੈ ਤਾਂ ਜੋ ਸੰਗਠਿਤ ਢੰਗ ਨਾਲ ਸਮਾਜਿਕ ਭਲਾਈ ਲਈ ਕਦਮ ਚੁੱਕੇ ਜਾ ਸਕਣ। ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੀ.ਟੈਟ ਪ੍ਰੀਖਿਆ ਵਿੱਚ ਸੰਸਕ੍ਰਿਤ ਭਾਸ਼ਾ ਨੂੰ ਵਿਕਲਪ ਵਜੋਂ ਸ਼ਾਮਲ ਕਰਨ ਦੇ ਫੈਸਲੇ ਦੀ ਸਭਾਵਨਾ ਪੂਰਵਕ ਸਵਾਗਤ ਕਰਦੇ ਹਾਂ। ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਸਰਕਾਰ ਨੂੰ ਸ਼ੋਸ਼ਲ ਮੀਡੀਆ / ਅਖਬਾਰਾਂ ਰਾਹੀਂ ਮੰਗਾਂ ਨੂੰ ਪੂਰਾ ਕਰਨ ਦੀਆਂ ਅਪੀਲਾਂ ਕੀਤੀਆ ਜਾ ਰਹੀਆਂ ਹਨ ਪਰ ਪੰਜਾਬ ਸਰਕਾਰ ਵੱਲੋਂ ਬ੍ਰਾਹਮਣ ਸਮਾਜ ਨੂੰ ਲਗਾਤਾਰ ਅਣਗੌਲਿਆ ਕੀਤਾ ਜਾ ਰਿਹਾ ਹੈ। ਸੋ ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਵਲੋਂ ਪੰਜਾਬ ਸਰਕਾਰ ਨੂੰ ਮੰਗਾਂ ਪੂਰੀਆਂ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ।

ਐਡਵੋਕੇਟ ਨਵਦੀਪ ਸ਼ਰਮਾ (ਲੀਗਲ ਐਡਵਾਇਜਰ) ਧਰਮਪਾਲ ਰਾਏਪੁਰ ਮੰਡਲਾ (ਪ੍ਰਧਾਨ ਦਿਹਾਤੀ), ਭੂਸ਼ਨ ਸ਼ਰਮਾ ਜੋੜੀਆਂ ਭੱਠੀਆਂ ਪ੍ਰਧਾਨ ਜਿਲਾ ਪਟਿਆਲਾ, ਤ੍ਰਿਲੋਕੀ ਨਾਥ ਮੀਤ ਪ੍ਰਧਾਨ, ਅੰਜਲੀ ਪਾਂਡੇ ਸਕੱਤਰ, ਅਨੀਤਾ ਸਾਰਦਾ, ਚੰਦੂ ਰਾਮ ਸਕੱਤਰ, ਅਜੈ ਸ਼ਰਮਾ ਪ੍ਰਧਾਨ ਯੂਥ ਵਿੰਗ, ਆਤਮਾ ਰਾਮ ਧਬਲਾਨ, ਚੰਦ ਸਿੰਘ, ਐਡਵੋਕੇਟ ਕਮਲ ਸ਼ਰਮਾ, ਅਸ਼ਵਨੀ ਭਾਸਕਰ ਸ਼ਾਸ਼ਤਰੀ ਜਨਰਲ ਸਕੱਤਰ ਪੰਜਾਬ, ਐਡਵੋਕੇਟ ਅਸ਼ਵਨੀ ਸ਼ਰਮਾ, ਕ੍ਰਿਸ਼ਨ ਸ਼ਰਮਾ ਪੰਜੋਲਾ ਸਰਪੰਚ, ਨਵਲ ਗੌਤਮ ਪ੍ਰਧਾਨ ਵਿਧਾਨ ਸਭਾ ਹਲਕਾ ਪਟਿਆਲਾ, ਸਤਪਾਲ ਪ੍ਰਾਸ਼ਰ, ਅਸ਼ੋਕ ਪ੍ਰਾਸ਼ਰ, ਮਦਨ ਸ਼ਰਮਾ, ਸ਼ੰਕਰ ਸ਼ਰਮਾ ਆਦਿ ਹਾਜਰ ਸਨ।

## ਡਿਪਟੀ ਕਮਿਸ਼ਨਰ, ਨਗਰ ਨਿਗਮ ਕਮਿਸ਼ਨਰ, ਏ.ਡੀ.ਸੀਜ਼, ਸਿਵਲ ਸਰਜਨ ਤੇ ਹੋਰ ਅਧਿਕਾਰੀਆਂ ਵੱਲੋਂ ਅਲੀਪੁਰ ਅਰਾਈਆਂ ਦਾ ਦੌਰਾ

**➢ ਅਲੀਪੁਰ ਅਰਾਈਆਂ 'ਚ ਸਥਿਤੀ ਕੰਟਰੋਲ ਹੇਠ, ਉਲਟੀਆਂ ਤੇ ਦਸਤ ਦੇ ਕੇਸ ਘਟੇ: ਡਾ. ਪ੍ਰੀਤੀ ਯਾਦਵ ➢ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ 50 ਸਾਲਾਂ ਤੋਂ ਵੱਧ ਉਮਰ ਦੇ ਵਸਨੀਕਾਂ ਦਾ ਰੱਖਿਆ ਜਾ ਰਿਹਾ ਹੈ ਖਾਸ ਧਿਆਨ**

**ਪਟਿਆਲਾ, 13 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਸਵੇਰੇ ਉਲਟੀਆਂ ਤੇ ਦਸਤ ਰੋਗ ਪ੍ਰਭਾਵਤ ਅਲੀਪੁਰ ਅਰਾਈਆਂ ਵਿਖੇ ਕਮਿਸ਼ਨਰ ਨਗਰ ਨਿਗਮ ਪਰਮਵੀਰ ਸਿੰਘ, ਏ.ਡੀ.ਸੀਜ, ਐਸ.ਡੀ.ਐਮਜ ਅਤੇ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨਾਲ ਬੈਠਕ ਕਰਕੇ ਡਾਇਰੀਆ ਦੀ ਸਥਿਤੀ ਦਾ ਮੁਲਕੰਣ ਕੀਤਾ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ, ਸਿਹਤ ਵਿਭਾਗ, ਨਗਰ ਨਿਗਮ ਅਤੇ ਜਲ ਸਪਲਾਈ ਤੇ ਸੀਵਰੇਜ ਬੋਰਡ ਦੀਆਂ ਟੀਮਾਂ ਵੱਲੋਂ 24 ਘੰਟੇ ਪੂਰੀ ਚੌਕਸੀ ਵਰਤਦੇ ਹੋਏ ਆਪਸੀ ਤਾਲਮੇਲ ਨਾਲ ਸਥਿਤੀ ਨਾਲ ਨਜਿੱਠਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਾਣੀ ਦੇ ਸਰੋਤ, ਲੀਕੇਜ, ਗੰਦੇ ਪਾਣੀ ਦੀ ਮਿਕਸਿੰਗ, ਮਰੀਜਾਂ ਦੀ ਪਛਾਣ ਕਰਕੇ ਪੂਰੇ ਇਲਾਕੇ ਦੀ ਮੈਪਿੰਗ ਕੀਤੀ ਗਈ ਹੈ ਤਾਂ ਕਿ ਜੇਕਰ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਕਿ ਉਸਨੂੰ ਤੁਰੰਤ ਠੀਕ ਕੀਤਾ ਜਾ ਸਕੇ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅਲੀਪੁਰ ਵਿਖੇ ਸਥਿਤੀ ਕੰਟਰੋਲ ਹੇਠ ਹੈ ਪਰੰਤੂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹਤਿਆਦ ਵਜੋਂ ਇਕੱਲੇ ਪਟਿਆਲਾ ਸ਼ਹਿਰ ਹੀ ਨਹੀਂ ਬਲਕਿ ਸਾਰੇ ਜ਼ਿਲ੍ਹੇ ਵਿੱਚ ਵੀ ਸੰਵੇਦਨਸ਼ੀਲ ਹੌਟਸਪੌਟ ਇਲਾਕਿਆਂ ਦਾ ਧਿਆਨ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਗਈ ਹੈ ਕਿ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ 50 ਸਾਲ ਤੋਂ ਵੱਧ ਉਮਰ ਦੇ ਨਾਗਰਿਕਾਂ ਦਾ ਖਾਸ ਧਿਆਨ ਰੱਖਿਆ ਜਾਵੇ ਅਤੇ ਉਲਟੀਆਂ ਤੇ ਦਸਤ ਦੇ ਕਿਸੇ ਵੀ ਉਮਰ ਦੇ ਮਰੀਜ ਦੇ ਮਾਮਲੇ 'ਚ ਕੋਈ ਲਾਪਰਵਾਹੀ ਨਹੀਂ ਹੋਣੀ ਚਾਹੀਦੀ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਅਲੀਪੁਰ ਸਮੇਤ ਨੇੜਲੇ ਇਲਾਕਿਆਂ, ਅਰਸ਼ ਨਗਰ, ਖ਼ਾਲਸਾ ਕਲੋਨੀ ਵਿਖੇ ਏ.ਡੀ.ਸੀਜ ਨਵਰੀਤ ਕੌਰ ਸੇਖੋਂ ਤੇ ਅਮਰਿੰਦਰ ਸਿੰਘ ਟਿਵਾਣਾ, ਪਟਿਆਲਾ ਤੇ ਦੂਧਨ ਸਾਧਾਂ ਦੇ ਐਸ.ਡੀ.ਐਮਜ ਸਾਰੇ ਖੇਤਰ ਨੂੰ ਬਲਾਕਾਂ ਵਿੱਚ ਵੰਡਕੇ ਨਿਗਰਾਨੀ ਕਰ ਰਹੇ ਹਨ। ਇਨ੍ਹਾਂ ਅਧਿਕਾਰੀਆਂ ਦੇ ਨਾਲ ਜਲ ਸਪਲਾਈ ਤੇ ਸੀਵਰੇਜ ਬੋਰਡ ਸਮੇਤ ਨਗਰ ਨਿਗਮ ਦੇ ਤਕਨੀਕੀ ਇੰਜੀਨੀਅਰਿੰਗ ਟੀਮਾਂ ਵੱਲੋਂ ਪਾਣੀ ਸਪਲਾਈ ਤੇ ਸੀਵਰੇਜ ਲਾਇਨਾਂ ਨੂੰ ਤਕਨੀਕੀ ਤੇ ਮੈਡੀਕਲ ਤੌਰ 'ਤੇ ਚੈਕ ਕੀਤਾ ਜਾ ਰਿਹਾ ਹੈ ਤਾਂ ਕਿ ਗੰਦਾ ਪਾਣੀ ਪੀਣ ਵਾਲੇ ਪਾਣੀ ਵਿੱਚ ਨਾ ਮਿਲੇ। ਇਸ ਮੌਕੇ ਉਨ੍ਹਾਂ ਨੇ ਮਰੀਜਾਂ ਨਾਲ ਵੀ ਗੱਲਬਾਤ ਕੀਤੀ ਤੇ ਚੱਲ ਰਹੀ ਡਿਸਪੈਂਸਰੀ ਦਾ ਵੀ ਜਾਇਜ਼ਾ ਲਿਆ।

ਮੌਕੇ 'ਤੇ ਮੌਜੂਦ ਨਗਰ ਨਿਗਮ ਦੇ ਕਮਿਸ਼ਨਰ ਪਰਮਵੀਰ ਸਿੰਘ ਨੇ ਦੱਸਿਆ ਕਿ ਅਲੀਪੁਰ ਅਰਾਈਆਂ ਵਿਖੇ ਪਾਣੀ ਸਪਲਾਈ ਲਈ 10 ਟੈਂਕਰ ਲਗਾਏ ਗਏ ਹਨ। ਲੋਕਾਂ ਨੂੰ ਵੀ ਅਪੀਲ ਹੈ ਕਿ ਜਦੋਂ ਤੱਕ ਨਗਰ ਨਿਗਮ ਵੱਲੋਂ ਨਹੀਂ ਕਿਹਾ ਜਾਂਦਾ, ਉਸ ਸਮੇਂ ਤੱਕ ਆਪਣੇ ਘਰਾਂ ਵਿੱਚ ਪਾਣੀ ਦੀ ਟੂਟੀ ਤੋਂ ਪੀਣ ਲਈ ਪਾਣੀ ਨਾ ਵਰਤਣ ਅਤੇ ਪਾਣੀ ਦੇ ਗ਼ੈਰ ਕਾਨੂੰਨੀ ਕੁਨੈਕਸ਼ਨ ਨਾ ਚਲਾਉਣ। ਉਨ੍ਹਾਂ ਦੱਸਿਆ ਕਿ ਜਿੱਥੇ ਕਿਤੇ ਗੰਦਾ ਪਾਣੀ ਮਿਲਣ ਦਾ ਸ਼ੱਕ ਸੀ, ਉਹ ਸਾਰੇ ਲੀਕੇਜ ਪੁਆਇੰਟ ਬੰਦ ਕਰ ਦਿੱਤੇ ਗਏ ਹਨ ਤੇ ਹੁਣ ਦੁਬਾਰਾ ਸੈਂਪਲਿੰਗ ਚੱਲ ਰਹੀ ਹੈ।

ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਅਲੀਪੁਰ ਵਿਖੇ 24 ਦਿਨ ਤੇ ਸ਼ਾਮ ਦੀ ਡਿਸਮੈਂਸਰੀ ਚੱਲ ਰਹੀ ਹੈ, 3 ਐਸ.ਐਮ.ਓਜ ਤੇ ਐਪੀਡੋਮੋਲੋਜਿਸਟ ਸਮੇਤ ਉਹ ਖ਼ੁਦ ਨਿਗਰਾਨੀ ਕਰ ਰਹੇ ਹਨ।

ਸਿਹਤ ਵਿਭਾਗ ਦੀਆਂ 22 ਟੀਮਾਂ ਘਰ-ਘਰ ਜਾਕੇ ਸਰਵੇ ਕਰਨ ਸਮੇਤ ਲੋਕਾਂ ਨੂੰ ਜਾਗਰੂਕ ਕਰ ਰਹੀਆਂ ਹਨ ਕਿ ਉਹ ਦੂਸ਼ਿਤ ਪਾਣੀ ਪੀਣ ਤੋਂ ਬਚਣ ਲਈ ਕਲੋਰੀਨ ਦੀਆਂ ਗੋਲੀਆਂ ਵਾਲਾ ਅਤੇ ਉਬਲਿਆ ਪਾਣੀ ਪੀਣ ਨੂੰ ਹੀ ਤਰਜੀਹ ਦੇਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਉਲਟੀਆਂ ਜਾਂ ਦਸਤ ਦੇ ਕੋਈ ਲੱਛਣ ਆਉਂਦੇ ਹਨ ਤਾਂ ਉਹ ਤੁਰੰਤ ਨੇੜਲੇ ਸਿਹਤ ਕੇਂਦਰ ਜਾਂ ਹਸਪਤਾਲ ਤੋਂ ਮੈਡੀਕਲ ਸਹਾਇਤਾ ਲੈਣ।

## ਡਿਪਟੀ ਕਮਿਸ਼ਨਰ ਵੱਲੋਂ ਨਹਿਰੀ ਪਾਣੀ ਸਪਲਾਈ ਲਈ ਪੁੱਟੀਆਂ ਸੜਕਾਂ ਦੀ ਮੁਰੰਮਤ ਦੇ ਕੰਮ ਦਾ ਜਾਇਜ਼ਾ

**ਲੀਲ੍ਹਾ ਭਵਨ, ਦੁੱਖ ਨਿਵਾਰਨ ਸਾਹਿਬ, ਖੰਡਾ ਚੌਕ, ਫੁਹਾਰਾ ਚੌਕ ਦੀ ਮੁਰੰਮਤ, ਪਾਣੀ ਦੀ ਨਿਕਾਸੀ ਤੇ ਫੁੱਟਪਾਥ ਠੀਕ ਕਰਨ ਸਮੇਤ ਨਾਜਾਇਜ਼ ਕਬਜ਼ੇ ਤੇ ਬਿਜਲੀ ਦੇ ਖੰਭੇ ਹਟਾਉਣ ਦੀ ਹਦਾਇਤ**



**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸ਼ਹਿਰ ਅੰਦਰ ਨਹਿਰੀ ਪਾਣੀ ਦੀ ਸਪਲਾਈ ਲਈ ਪੁੱਟੀਆਂ ਜਾ ਰਹੀਆਂ ਸੜਕਾਂ ਦੀ ਮੁਰੰਮਤ ਦੇ ਕੰਮ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਲੋਕ ਨਿਰਮਾਣ ਵਿਭਾਗ ਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਜਲ ਸਪਲਾਈ ਤੇ ਸੀਵਰੇਜ ਬੋਰਡ ਵੱਲੋਂ ਐਲ.ਐਂਡ ਟੀ ਦੁਆਰਾ ਪਾਇਪਲਾਈਨ ਪਾਏ ਜਾਣ ਦੇ ਕੰਮ ਦੇ ਮੁਕੰਮਲ ਹੋਣ ਦੀ ਐਨ.ਓ.ਸੀ. ਮਿਲਣ ਦੇ ਤੁਰੰਤ ਬਾਅਦ ਸੜਕਾਂ ਦੀ ਮੁਰੰਮਤ ਦੇ ਟੈਂਡਰ ਲਗਾ ਦਿੱਤੇ ਜਾਣ ਤੇ ਕੰਮ ਨੂੰ ਤੇਜੀ ਨਾਲ ਮੁਕੰਮਲ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ।

ਡਿਪਟੀ ਕਮਿਸ਼ਨਰ ਨੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਚੌਂਕ, ਜੇਲ੍ਹ ਰੋਡ ਤ੍ਰਿਪੜੀ ਮੋੜ ਤੋਂ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਤੇ ਸਰਹਿੰਦ ਰੋਡ ਤੋਂ ਖੰਡਾ ਚੌਂਕ, ਖੰਡਾ ਚੌਂਕ ਤੋਂ ਲਹਿਲ ਚੌਂਕ, ਲੀਲ੍ਹਾ ਭਵਨ ਚੌਂਕ ਤੇ ਇਸ ਤੋਂ ਅੱਗੇ ਫੁਹਾਰਾ ਚੌਂਕ ਸਮੇਤ ਫੁਹਾਰਾ ਚੌਂਕ ਤੋਂ ਕਾਲੀ ਦੇਵੀ ਮੰਦਿਰ ਤੱਕ ਸੜਕਾਂ 'ਚ ਪਾਈਪਲਾਈਨ ਪਾਏ ਜਾਣ ਦੇ ਕੰਮ ਦਾ ਮੁਲੰਕਣ ਕੀਤਾ।

ਉਨ੍ਹਾਂ ਨੇ ਆਦੇਸ਼ ਦਿੱਤੇ ਕਿ ਸੜਕਾਂ ਤੇ ਚੌਂਕਾਂ ਦੀ ਮੁਰੰਮਤ ਸਮੇਂ ਇਸ ਗੱਲ ਦਾ ਖਾਸ ਖਿਆਲ ਰੱਖਿਆ ਜਾਵੇ ਕਿ ਸੜਕਾਂ ਬਣਾਉਣ ਸਮੇਂ ਬਰਸਾਤੀ ਪਾਣੀ ਦੀ ਨਿਕਾਸੀ ਯਕੀਨੀ ਹੋਵੇ, ਨਾਜਾਇਜ਼ ਕਬਜੇ ਹਟਾਏ ਜਾਣ, ਸੜਕ ਕਿਨਾਰੇ ਬਿਜਲੀ ਤੇ ਹੋਰ ਖੰਭੇ ਵੀ ਨਾ ਹੋਣ, ਜਿਸ ਦੀ ਆੜ ਹੇਠ ਕੋਈ ਰੈਂਪ, ਫੁਟਪਾਥ ਆਦਿ ਵਰਗਾ ਨਜਾਇਜ਼ ਕਬਜਾ ਕਰ ਸਕੇ, ਸੜਕਾਂ ਦੀ ਚੌੜਾਈ ਦੀ ਪੈਮਾਇਸ਼ ਪੂਰੀ ਹੋਵੇ, ਫੁੱਟਪਾਥ ਠੀਕ ਤਰ੍ਹਾਂ ਨਾਲ ਹੋਣ ਤੇ ਇਨ੍ਹਾਂ ਥੱਲੇ ਡਰੇਨੇਜ ਪਾਇਪਾਂ ਦਾ ਪ੍ਰਬੰਧ ਹੋਵੇ।

ਡਾ. ਪ੍ਰੀਤੀ ਯਾਦਵ ਨੇ ਜਲ ਸਪਲਾਈ ਤੇ ਸੀਵਰੇਜ ਬੋਰਡ, ਲੋਕ ਨਿਰਮਾਣ ਵਿਭਾਗ ਤੇ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰਾਂ ਤੇ ਕਾਰਜਕਾਰੀ ਇੰਜੀਨੀਅਰਾਂ ਨੂੰ ਆਦੇਸ਼ ਦਿੱਤੇ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਵਸ ਦੇ ਸਮਾਗਮਾਂ ਦੇ ਸਬੰਧ ਵਿੱਚ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਨੇੜੇ ਸਾਰੇ ਕੰਮ ਅਕਤੂਬਰ ਤੱਕ ਮੁਕੰਮਲ ਕਰ ਲਏ ਜਾਣ ਤਾਂ ਕਿ ਸ਼ਰਧਾਲੂਆਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ। ਉਨ੍ਹਾਂ ਕਿਹਾ ਕਿ ਉਹ ਖ਼ੁਦ ਚੱਲਦੇ ਕੰਮ ਦਾ ਮੌਕੇ 'ਤੇ ਜਾਇਜ਼ਾ ਲੈਣਗੇ ਤੇ ਜੇਕਰ ਸੜਕਾਂ ਦੇ ਮੁਰੰਮਤ ਹੋਣ ਤੋਂ ਬਾਅਦ ਵੀ ਕੋਈ ਨਾਜਾਇਜ਼ ਕਬਜੇ ਰਹੇ ਜਾਂ ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਈ ਜਾਂ ਕੋਈ ਹੋਰ ਕੁਤਾਹੀ ਨਜ਼ਰ ਆਈ ਤਾਂ ਕੰਮ ਵਾਲੀ ਏਜੰਸੀ ਤੇ ਵਿਭਾਗੀ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਨਗਰ ਨਿਗਮ ਦੇ ਐਸ.ਈਜ ਹਰਕਿਰਨ ਸਿੰਘ, ਗੁਰਪ੍ਰੀਤ ਸਿੰਘ ਵਾਲੀਆ, ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਵਿਕਾਸ ਧਵਨ, ਲੋਕ ਨਿਰਮਾਣ ਵਿਭਾਗ ਦੇ ਡਵੀਜਨ ਨੰਬਰ 1, 2 ਤੇ ਨੈਸ਼ਨਲ ਹਾਈਵੇ ਦੇ ਅਧਿਕਾਰੀ ਕਾਰਜਕਾਰੀ ਇੰਜੀਨੀਅਰ, ਇੰਜ. ਪਿਯੂਸ਼ ਅਗਰਵਾਲ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

## ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਵੱਲੋਂ ਨਾਗਰਿਕਾਂ ਨੂੰ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਇਲਾਜ ਮੁਹੱਈਆ ਕਰਵਾਉਣ ਲਈ 'ਮੁੱਖ ਮੰਤਰੀ ਸਿਹਤ ਯੋਜਨਾ' ਨੂੰ ਮਨਜ਼ੂਰੀ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਦੇਸ਼ ਦੀ ਆਪਣੀ ਤਰ੍ਹਾਂ ਦੀ ਪਹਿਲੀ ਸਕੀਮ ਮੁੱਖ ਮੰਤਰੀ ਸਿਹਤ ਯੋਜਨਾ ਨੂੰ ਅੱਜ ਮਨਜ਼ੂਰੀ ਦੇ ਦਿੱਤੀ। ਇਸ ਤਹਿਤ ਸੂਬਾਈ ਵਾਸੀ 10 ਲੱਖ ਰੁਪਏ ਦਾ ਡਾਕਟਰੀ ਇਲਾਜ ਨਕਦੀ ਰਹਿਤ ਕਰਵਾ ਸਕਦੇ ਹਨ।

ਇਸ ਸਬੰਧੀ ਫੈਸਲਾ ਇੱਥੇ ਮੁੱਖ ਮੰਤਰੀ ਦੀ ਅਗਵਾਈ ਹੇਠ ਉਨ੍ਹਾਂ ਦੀ ਅਧਿਕਾਰਕ ਰਿਹਾਇਸ਼ ਉੱਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ।

ਇਹ ਖ਼ੁਲਾਸਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਦੇ ਲੋਕਾਂ ਨੂੰ ਮੁਫ਼ਤ ਇਲਾਜ ਮੁਹੱਈਆ ਕਰਨ ਵਾਲੀ ਇਹ ਸਕੀਮ 2 ਅਕਤੂਬਰ ਤੋਂ ਸ਼ੁਰੂ ਹੋਵੇਗੀ। ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸੂਬੇ ਦਾ ਹਰੇਕ ਪਰਿਵਾਰ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਇਲਾਜ ਕਰਵਾਉਣ ਦੇ ਯੋਗ ਹੋਵੇਗਾ। ਇਸ ਨਾਲ ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਬਣ ਗਿਆ ਹੈ, ਜਿੱਥੇ ਹਰੇਕ ਪਰਿਵਾਰ ਨੂੰ ਸਿਹਤ ਸੰਭਾਲ ਲਈ ਵਿਆਪਕ ਯੋਜਨਾ ਅਧੀਨ ਲਿਆਂਦਾ ਗਿਆ ਹੈ।

ਇਸ ਸਕੀਮ ਦਾ ਲਾਭ ਪੰਜਾਬ ਦੀ ਸਮੁੱਚੀ ਤਿੰਨ ਕਰੋੜ ਵਸੋਂ ਨੂੰ ਹੋਵੇਗਾ ਅਤੇ ਹੁਣ ਤੱਕ 550 ਤੋਂ ਵੱਧ ਪ੍ਰਾਈਵੇਟ ਹਸਪਤਾਲਾਂ ਨੂੰ ਇਸ ਯੋਜਨਾ ਲਈ



ਸੂਚੀਬੱਧ ਕੀਤਾ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਹ ਗਿਣਤੀ ਇੱਕ ਹਜ਼ਾਰ ਤੱਕ ਵਧਾਈ ਜਾਵੇਗੀ। ਪਹਿਲਾਂ ਹਰੇਕ ਪਰਿਵਾਰ ਸਿਰਫ਼ ਪੰਜ ਲੱਖ ਰੁਪਏ ਤੱਕ ਦਾ ਇਲਾਜ ਕਰਵਾ ਸਕਦਾ ਸੀ, ਇਸ ਹੱਦ ਨੂੰ ਹੁਣ ਵਧਾ ਕੇ 10 ਲੱਖ ਰੁਪਏ ਤੱਕ ਕਰ ਦਿੱਤਾ ਗਿਆ ਹੈ। ਇਸ ਪਹਿਲਕਦਮੀ ਦੀ ਸ਼ੁਰੂਆਤ ਨਾਲ ਪੰਜਾਬ ਨੇ ਬਾਕੀ ਦੇਸ਼ ਲਈ ਨਵੀਂ ਮਿਸਾਲ ਕਾਇਮ ਕੀਤੀ ਹੈ ਅਤੇ ਪੰਜਾਬ ਅਜਿਹਾ ਪਹਿਲਾ ਸੂਬਾ ਬਣ ਗਿਆ ਹੈ ਜੋ ਆਪਣੇ ਨਾਗਰਿਕਾਂ ਨੂੰ ਸਿਹਤ ਸੰਭਾਲ, ਸਿੱਖਿਆ, ਬਿਜਲੀ ਤੇ ਬੱਸ ਸਫ਼ਰ ਮੁਫ਼ਤ ਮੁਹੱਈਆ ਕਰਵਾ ਰਿਹਾ ਹੈ।

ਗੁਰੂ ਸਾਹਿਬਾਨ ਵੱਲੋਂ ਦਰਸਾਏ 'ਸਰਬੱਤ ਦੇ ਭਲੇ' ਦੇ ਸਿਧਾਂਤ ਉੱਤੇ ਚੱਲਦਿਆਂ ਪੰਜਾਬ ਸਰਕਾਰ ਸਮਾਜ ਦੇ ਹਰੇਕ ਵਰਗ ਦੀ ਭਲਾਈ ਯਕੀਨੀ ਬਣਾਉਣ ਲਈ ਅਹਿਮ ਕਦਮ ਚੁੱਕ ਰਹੀ ਹੈ। ਇਸ ਸਕੀਮ ਅਧੀਨ ਸਰਕਾਰੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਸਮੇਤ ਪੰਜਾਬ ਦਾ ਹਰੇਕ ਨਾਗਰਿਕ ਸਿਹਤ ਸੰਭਾਲ ਸੇਵਾ ਮੁਫ਼ਤ ਹਾਸਲ ਕਰਨ ਲਈ ਯੋਗ ਹੋਵੇਗਾ, ਇਸ ਲਈ ਆਮਦਨ ਦੀ ਕੋਈ ਹੱਦ ਨਹੀਂ ਹੈ। ਪਹਿਲਾਂ ਆਮਦਨ ਹੱਦ ਦਾ ਮਾਪਦੰਡ ਹੋਣ ਕਾਰਨ ਸਿਰਫ਼ ਚੋਣਵੇਂ ਪਰਿਵਾਰਾਂ ਨੂੰ ਹੀ ਇਸ ਸਕੀਮ ਅਧੀਨ ਲਾਭ ਮਿਲਦਾ ਸੀ ਪਰ ਹੁਣ ਸਾਰੇ ਪੰਜਾਬ ਵਾਸੀਆਂ ਨੂੰ ਇਸ ਦਾ ਲਾਭ ਮਿਲੇਗਾ।

ਇਸ ਸਕੀਮ ਤਹਿਤ ਸਿਹਤ ਕਾਰਡ, ਸੇਵਾ ਕੇਂਦਰ ਜਾਂ ਕਾਮਨ ਸਰਵਿਸ ਸੈਂਟਰ (ਸੀ.ਐਸ.ਸੀਜ਼) ਰਾਹੀਂ ਜਾਰੀ ਹੋਣਗੇ। ਇਸ ਤੋਂ ਇਲਾਵਾ ਲੋਕ ਆਪਣੇ ਵੋਟਰ ਕਾਰਡ ਜਾਂ ਆਧਾਰ ਕਾਰਡ ਦੀ ਵਰਤੋਂ ਕਰ ਕੇ ਆਨਲਾਈਨ ਰਜਿਸਟਰੇਸ਼ਨ ਰਾਹੀਂ ਵੀ ਸਿਹਤ ਕਾਰਡ ਹਾਸਲ ਕਰ ਸਕਦੇ ਹਨ। ਇਸ ਸਕੀਮ ਅਧੀਨ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਮੁਹੱਈਆ ਹੋਵੇਗਾ ਅਤੇ ਪੰਜਾਬ ਦੇ ਕਿਸੇ ਵੀ ਵਾਸੀ ਨੂੰ ਹੁਣ ਵਿੱਤੀ ਤੰਗੀ ਖੁਣੋਂ ਇਲਾਜ ਤੋਂ ਵਾਂਝਾ ਨਹੀਂ ਰਹਿਣਾ ਪਵੇਗਾ।

**ਨਿਵੇਸ਼ਕਾਂ ਨੂੰ ਵੱਡੀ ਰਾਹਤ**

ਨਿਵੇਸ਼ਕਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਮੱਦੇਨਜ਼ਰ ਮੰਤਰੀ ਮੰਡਲ ਨੇ 4 ਜੂਨ, 2025 ਤੋਂ ਪਾਪੂਲਰ ਐਕਟ ਜਾਂ ਮੈਗਾ ਪ੍ਰਾਜੈਕਟ ਨੀਤੀ ਅਧੀਨ ਵਿਕਸਤ ਕੀਤੇ ਗਏ ਪ੍ਰਾਜੈਕਟਾਂ ਤੋਂ ਸੀ.ਐਲ.ਯੂ., ਈ.ਡੀ.ਸੀ., ਐਲ.ਐਫ. ਅਤੇ ਹੋਰ ਖਰਚੇ ਵਸੂਲਣ ਲਈ ਨੋਟੀਫਿਕੇਸ਼ਨ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਵਿੱਚ ਇਹ ਚਾਰਜ 04 ਜੂਨ 2025 ਦੀ ਵਿਆਪਕ ਨੋਟੀਫਿਕੇਸ਼ਨ ਰਾਹੀਂ ਸੂਬੇ ਵਿੱਚ ਸਥਾਪਤ ਕੀਤੇ ਜਾਣ ਵਾਲੇ ਸਾਰੇ ਨਵੇਂ ਰੀਅਲ ਅਸਟੇਟ ਪ੍ਰਾਜੈਕਟਾਂ ਅਤੇ ਪਹਿਲੀ ਅਪ੍ਰੈਲ, 2025 ਤੋਂ ਚੱਲ ਰਹੇ ਪ੍ਰਾਜੈਕਟਾਂ ਦੀਆਂ ਨਵੀਆਂ ਐਕਸਟੈਂਸ਼ਨਾਂ 'ਤੇ ਲਾਗੂ ਕੀਤੇ ਗਏ ਸਨ।

ਹੁਣ ਮੰਤਰੀ ਮੰਡਲ ਨੇ ਇਸ ਨੋਟੀਫਿਕੇਸ਼ਨ ਨੂੰ 04 ਜੂਨ 2025 ਤੋਂ ਲਾਗੂ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਇਹ ਨਿਰਧਾਰਤ ਕੀਤਾ ਗਿਆ ਹੈ ਕਿ 04 ਜੂਨ 2025 ਤੱਕ ਜਮ ?ਹਾਂ ਕੀਤੇ ਗਏ ਪ੍ਰਾਜੈਕਟਾਂ ਤੋਂ ਪਿਛਲੀ ਨੀਤੀ ਅਨੁਸਾਰ ਚਾਰਜ ਲਏ ਜਾਣਗੇ ਅਤੇ 04 ਜੂਨ 2025 ਤੋਂ ਬਾਅਦ ਜਮ ?ਹਾਂ ਕਰਵਾਈਆਂ ਗਈਆਂ ਅਰਜ਼ੀਆਂ ਤੋਂ ਨਵੀਆਂ ਦਰਾਂ ਲਈਆਂ ਜਾਣਗੀਆਂ, ਜੋ 04 ਜੂਨ 2025 ਤੋਂ ਲਾਗੂ ਹੋਣਗੀਆਂ।

## ਲੈਂਡ ਪੂਲਿੰਗ ਐਕਟ ਦੇ ਨਾਮ ਤੇ ਕਿਸਾਨਾਂ ਨਾਲ ਹੋ ਰਹੀ ਠੱਗੀ 'ਤੇ ਵਿਜੇ ਸਾਂਪਲਾ ਨਾਲ ਐਡ. ਕਾਂਸਲ ਨੇ ਕੀਤੀ ਮੁਲਾਕਾਤ

**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਸੀਨੀਅਰ ਯੁਵਾ ਨੇਤਾ ਐਡ. ਗੁਰਵਿੰਦਰ ਕਾਂਸਲ ਨੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨਾਲ ਅਹਿਮ ਬੈਠਕ ਦੌਰਾਨ ਲੈਂਡ ਪੂਲਿੰਗ ਐਕਟ ਦੇ ਨਾਮ ਤੇ ਕਿਸਾਨਾਂ ਨਾਲ ਹੋ ਰਹੀ ਸਰੇਆਮ ਠੱਗੀ ਉੱਤੇ ਚਰਚਾ ਕਰਦੇ ਕਿਹਾ ਕੇ ਪੰਜਾਬ ਸਰਕਾਰ ਇਸ ਐਕਟ ਨਾਲ ਕਿਸਾਨਾਂ ਦੀ ਜ਼ਮੀਨ ਕਿਸਾਨਾਂ ਨੂੰ ਗੁੰਮਰਾਹ ਕਰਕੇ ਹੜੱਪਣ ਦਾ ਕੰਮ ਕਰ ਰਹੀ ਹੈ ਜਿਸ ਨਾਲ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਜਮੀਨ ਤੇ ਹਰ ਤਰਾ ਦੀ ਰੋਕ ਲਗਾ ਦਿੱਤੀ ਗਈ ਹੈ। ਸਰਕਾਰ ਤੋਂ ਪਲਾਟ ਮਿਲਣ ਤੋਂ ਪਹਿਲਾਂ ਜੇਕਰ ਕੋਈ ਲੋੜ ਪੈ ਜਾਵੇ ਤਾਂ ਮਾਲਕ ਨਾ ਹੀ ਆਪਣੀ ਜ਼ਮੀਨ ਵੇਚ ਸਕਦਾ ਹੈ ਨਾ ਹੀ ਉਸਤੇ ਕੋਈ ਲੋਣ ਲੇ ਸਕਦਾ ਹੈ ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਸੂਬਾ ਸਰਕਾਰ ਕਿਸਾਨਾਂ ਪ੍ਰਤੀ ਮਾੜੀ ਸੋਚ ਰੱਖ ਕੇ ਧੋਖੇ ਨਾਲ ਕਿਸਾਨਾਂ ਦੀ ਜਗਾਹ ਤੇ ਕਬਜਾ ਕਰ ਰਹੀ ਹੈ।

ਐਡ. ਗੁਰਵਿੰਦਰ ਕਾਂਸਲ ਦਾ ਕਹਿਣਾ ਹੈ ਕਿ ਲੈਂਡ ਪੂਲਿੰਗ ਐਕਟ ਦੌਰਾਨ ਕਿਸਾਨਾਂ ਦੀ ਜਗਾਹ ਉੱਤੇ ਕੋਈ ਇੰਡਸਟਰੀ ਲਗਾਨਾ, ਕੋਈ ਹਸਪਤਾਲ ਬਣਾਉਣਾ ਤਾ ਸਮਝ ਵੀ ਆਉਂਦਾ ਹੈ ਜਿਸ ਨਾਲ ਪੰਜਾਬ ਦੇ ਲੋਕਾਂ ਦਾ ਭਲਾ



ਵੀ ਹੋਵੇਗਾ ਅਤੇ ਉਹਨਾਂ ਨੂੰ ਰੋਜ਼ਗਾਰ ਵੀ ਮਿਲੇਗਾ ਪਰ ਇਹ ਐਕਟ ਕਿਸਾਨਾਂ ਦੀ ਜਗਾਹ ਉੱਤੇ ਕਾਲੋਨੀਆਂ ਕਟਣ ਲਈ ਲਿਆਂਦਾ ਗਿਆ ਹੈ ਤਾਂ ਇਹ ਐਕਟ ਨਹੀਂ ਬਲਕਿ ਕਿਸਾਨ ਭਰਾਵਾਂ ਨਾਲ ਨਾ ਇਨਸਾਫੀ ਹੈ।

ਵਿਜੇ ਸਾਂਪਲਾ ਨੇ ਇਸ ਮੁਲਾਕਾਤ ਦੌਰਾਨ ਦਸਿਆ ਕਿ ਪੰਜਾਬ ਸਰਕਾਰ ਦੀ ਇਹ ਨੀਤੀ ਸੂਬੇ ਦੇ 1200 ਪਿੰਡਾਂ ਚੋ 158 ਪਿੰਡਾਂ ਦੀ 40000 ਏਕੜ ਤੋਂ ਵੱਧ ਦੀ ਜ਼ਮੀਨ ਨੂੰ ਨਿਸ਼ਾਨਾ ਬਣਾ ਰਹੀ ਹੈ ਤੇ ਸਰਕਾਰ ਗਰੀਬ ਕਿਸਾਨ ਨਾਲ ਅਤਿਆਚਾਰ ਕਰ ਰਹੀ ਹੈ ਤੇ ਪੰਜਾਬ ਸਰਕਾਰ ਦੇ ਲੈਂਡ ਪੂਲਿੰਗ ਐਕਟ ਦੀ ਭਾਜਪਾ ਸਖ਼ਤ ਨਿੰਦਾ ਕਰਦੀ ਹੈ। ਵਿਜੇ ਸਾਂਪਲਾ ਨੇ ਇਹ ਵੀ ਕਿਹਾ ਕੇ ਭਾਜਪਾ ਕਿਸਾਨਾਂ ਦੇ ਨਾਲ ਹਮੇਸ਼ਾ ਤੋਂ ਖੜ ਦੀ ਆਈ ਹੈ ਤੇ ਹੁਣ ਵੀ ਨਾਲ ਖੜੇਗੀ ਅਤੇ ਇਸ ਐਕਟ ਦਾ ਡੱਟ ਕੇ ਵਿਰੋਧ ਕਰੇਗੀ।

## ਹਰਜਸ ਸਕੂਲ ਝੜੌਦੀ ਵਿਖੇ 'ਸਿਹਤ ਜਾਗਰੂਕਤਾ' ਵਿਸੇ ਤੇ ਸੈਮੀਨਾਰ ਆਯੋਜਿਤ; ਫਾਸਟ ਫੂਡ ਬਿਮਾਰੀਆਂ ਦਾ ਘਰ : ਡਾ. ਦਿਲਜਾਨ

**ਮਾਛੀਵਾੜਾ ਸਾਹਿਬ, 13 ਜੁਲਾਈ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ (ਐਨ.ਜੀ.ਓ.) ਵੱਲੋਂ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਦੀ ਅਗਵਾਈ 'ਚ ਅੱਜ ਹਰਜਸ ਪਬਲਿਕ ਸਕੂਲ ਝੜੌਦੀ ਵਿਖੇ ਬੱਚਿਆਂ ਦੀ ਸਿਹਤ ਸਬੰਧੀ ਇੱਕ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਡਾਇਟ ਐਂਡ ਨਿਊਟ ?ਰੀਸ਼ਨ ਮਾਹਿਰ ਡਾ. ਦਿਲਜਾਨ ਸਿੰਘ ਨੇ ਮੁੱਖ ਤੌਰ 'ਤੇ ਸ਼ਮੂਲੀਅਤ ਕੀਤੀ। ਸਕੂਲ ਦੇ ਨੰਨ੍ਹੇ-ਮੁੰਨ੍ਹੇ ਬੱਚਿਆਂ ਸਮੇਤ ਵੱਡੀਆਂ ਕਲਾਸਾਂ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ. ਦਿਲਜਾਨ ਸਿੰਘ ਨੇ ਕਿਹਾ ਕਿ ਬਿਮਾਰੀਆਂ ਤੋਂ ਬਚਣ ਦੀ ਕੁੰਜੀ ਸਾਡੇ ਆਪਣੇ ਹੀ ਹੱਥ ਵਿੱਚ ਹੁੰਦੀ ਹੈ, ਜੇਕਰ ਅਸੀਂ ਬਿਮਾਰੀਆਂ ਰਹਿਤ ਜ਼ਿੰਦਗੀ ਜਿਊਣਾ ਚਾਹੁੰਦੇ ਹਾਂ, ਤਾਂ ਸਾਨੂੰ ਬਾਹਰੀ ਖਾਣਿਆਂ ਭਾਵ ਫਾਸਟ ਫੂਡਜ਼ ਤੋਂ ਕਿਨਾਰਾ ਕਰਨਾ ਪਵੇਗਾ ਅਤੇ ਪੌਸ਼ਟਿਕ ਖਾਣਿਆਂ ਨੂੰ ਆਪਣੀ ਖ਼ੁਰਾਕ ਦਾ ਹਿੱਸਾ ਬਣਾਉਣਾ ਪਵੇਗਾ। ਉਨ੍ਹਾਂ ਦੱਸਿਆ ਕਿ ਸਾਨੂੰ 70-80% ਬਿਮਾਰੀਆਂ ਪੇਟ ਖ਼ਰਾਬ ਹੋਣ ਦੀ ਵਜ ?ਹਾ ਕਰਕੇ ਹੀ ਲੱਗਦੀਆਂ ਹਨ, ਕਿਉਂਕਿ ਸਾਡੇ ਬੱਚੇ ਅਤੇ ਨੌਜਵਾਨ ਮੁੰਡੇ-ਕੁੜੀਆਂ ਬਾਹਰਲੇ ਚਟਪਟੇ ਖਾਣਿਆਂ ਦੇ ਚੁੰਗਲ ਵਿੱਚ ਬੁਰੀ ਤਰ੍ਹਾਂ ਫਸ ਚੁੱਕੇ ਹਨ। ਉਨ੍ਹਾਂ ਬੱਚਿਆਂ ਨੂੰ ਅਪੀਲ ਕੀਤੀ ਕਿ ਸਾਨੂੰ ਮਨੁੱਖਾਂ ਨੂੰ ਜਿਊਣ ਲਈ ਖਾਣਾ ਚਾਹੀਦਾ ਹੈ, ਨਾ ਕਿ ਖਾਣ ਲਈ ਜਿਊਣਾ ਚਾਹੀਦਾ ਹੈ, ਇਸ ਲਈ ਸਿਰਫ਼ ਪੌਸ਼ਟਿਕ ਤੇ ਸ਼ੁੱਧ ਖਾਣੇ ਹੀ ਖਾਓ, ਜਿਨ੍ਹਾਂ 'ਚ ਲੋੜੀਂਦੇ ਵਿਟਾਮਿਨ, ਮਿਨਰਲ ਮੌਜੂਦ ਹੋਣ। ਉਨ੍ਹਾਂ ਬੱਚਿਆਂ ਨੂੰ ਡਾਇਟ ਪਲਾਟ ਸਮਝਾਉਂਦਿਆਂ ਕਿਹਾ ਕਿ ਆਪਣਾ ਨਾਸ਼ਤਾ, ਦੁਪਹਿਰ ਦੇ ਖਾਣੇ ਅਤੇ ਰਾਤ ਦੇ ਖਾਣੇ ਦਾ ਸਮਾਂ ਨਿਰਧਾਰਤ ਕਰੋ, ਬਿਨ੍ਹਾਂ ਵਜ ?ਹਾ ਨਾ ਖਾਓ, ਪਾਣੀ ਵੱਧ ਤੋਂ ਵੱਧ ਪੀਣ ਦੀ ਕੋਸ਼ਿਸ਼ ਕਰੋ, ਰੋਜ਼ਾਨਾ ਸੈਰ ਤੇ ਕਸਰਤ ਕਰੋ ਅਤੇ ਲੋੜ ਪੈਣ ਸਮੇਂ ਡਾਕਟਰੀ ਜਾਂਚ ਜ਼ਰੂਰ ਕਰਵਾਓ। ਉਨ੍ਹਾਂ ਬੱਚਿਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਬਿਨ੍ਹਾਂ ਡਾਕਟਰੀ ਸਲਾਹ ਤੋਂ ਆਪਣੀ ਮਰਜੀ ਨਾਲ ਕੋਈ ਵੀ ਦਵਾਈ ਨਾ ਲੈਣ, ਸਗੋਂ ਮਾਹਿਰ ਡਾਕਟਰਾਂ ਦੁਆਰਾ ਦਿੱਤੀ ਸਲਾਹ ਨੂੰ ਹੀ ਅਪਨਾਉਣ।

ਪ੍ਰਧਾਨ ਸ਼ਿਵਲੀ ਨੇ ਵੀ ਬੱਚਿਆਂ ਨੂੰ ਕਿਹਾ ਕਿ ਉਹ ਡਾਕਟਰ ਸਾਹਿਬ ਦੇ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਆਪਣੀ ਤੰਦਰੁਸਤ ਜ਼ਿੰਦਗੀ ਜਿਊਣ ਲਈ ਚੰਗੀਆਂ ਖ਼ੁਰਾਕਾਂ ਦਾ ਇਸਤੇਮਾਲ ਕਰਨ। ਅੰਤ ਵਿੱਚ ਸਕੂਲ ਮੁਖੀ ਪਰਮਜੀਤ ਸਿੰਘ ਨੇ ਡਾ. ਦਿਲਜਾਨ ਸਿੰਘ ਅਤੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਸਾਡੇ ਵਿਹੜੇ ਪਹੁੰਚ ਕੇ ਜੋ ਵਡਮੁੱਲੇ ਵਿਚਾਰ ਡਾਕਟਰ ਸਾਹਿਬ ਨੇ ਦਿੱਤੇ ਹਨ, ਉਹ ਸਾਡੇ ਲਈ ਬਹੁਤ ਕੀਮਤੀ ਹਨ, ਸਾਰੇ ਬੱਚਿਆਂ ਅਤੇ ਸਟਾਫ਼ ਨੂੰ ਇਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਮੌਕੇ ਪ੍ਰਿੰ. ਜਸਵਿੰਦਰ ਕੌਰ, ਮਾ. ਸਤੀਸ਼ ਕੁਮਾਰ, ਸੁਖਮਨ ਸਿੰਘ ਲੁਧਿਆਣਾ, ਵੰਦਨਾ ਪਰਿਹਾਰ, ਰਾਜਵਿੰਦਰ ਕੌਰ ਢਿੱਲੋਂ, ਬਰਿੰਦਰ ਕੌਰ, ਜਸ਼ਨਪ੍ਰੀਤ ਕੌਰ, ਰਾਕੇਸ਼ ਰਾਣੀ, ਸੀਮਾ ਸ਼ਰਮਾ, ਰਾਜਵੰਤ ਕੌਰ, ਸੁਮਨ ਸ਼ਰਮਾ, ਰਾਜਵੰਤ ਕੌਰ, ਸੰਸਾਰਦੀਪ ਕੌਰ, ਰਵਨੀਤ ਕੌਰ, ਸੁਮਨ ਸ਼ਰਮਾ, ਪਰਮਜੀਤ ਕੌਰ, ਮਨਪ੍ਰੀਤ ਕੌਰ, ਸੁਮਨਪ੍ਰੀਤ ਕੌਰ, ਆਂਚਲ, ਪੂਜਾ, ਗੁਰਮੀਤ ਕੌਰ, ਕਿਰਨਦੀਪ ਕੌਰ, ਜਸਪ੍ਰੀਤ ਕੌਰ, ਬਲਜੀਤ ਕੌਰ ਅਤੇ ਜਸ਼ਨਦੀਪ ਕੌਰ ਆਦਿ ਵੀ ਹਾਜ਼ਰ ਸਨ।

## ਪੰਜਾਬ 'ਚ ਮੁੜ ਵਿਧਾਨ ਪ੍ਰੀਸ਼ਦ (ਐਮਐਲਸੀ) ਦੀ ਸਥਾਪਨਾ ਸੰਬੰਧੀ ਮੰਗ ਪੱਤਰ ਡਿਪਟੀ ਕਮਿਸ਼ਨਰ ਮੈਡਮ ਸ਼ਾਕਸ਼ੀ ਸਾਹਨੀ ਨੂੰ ਸੌਂਪਿਆ



**ਅੰਮ੍ਰਿਤਸਰ 13 ਜੁਲਾਈ**
**-ਰਾਕੇਸ਼ ਕੁਮਾਰ ਲੱਕੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ 'ਚ ਮੁੜ ਵਿਧਾਨ ਪ੍ਰੀਸ਼ਦ (ਐਮਐਲਸੀ) ਦੀ ਸਥਾਪਨਾ ਸੰਬੰਧੀ ਲੰਮੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਲੈ ਕੇ ਅੱਜ ਅਮ੍ਰਿਤਸਰ ਵਿਖੇ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਦੇ ਨਾਮ ਇੱਕ ਮੰਗ ਪੱਤਰ ਅਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮੈਡਮ ਸ਼ਾਕਸ਼ੀ ਸਾਹਨੀ ਨੂੰ ਸੌਂਪਿਆ ਗਿਆ।

ਇਹ ਮੰਗ ਪੱਤਰ ਸਾਬਕਾ ਜਰਨਲ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਸ਼ ?ਰੀ ਸੋਨੂੰ ਜਾਫਰ ਜੀ ਦੀ ਅਗਵਾਈ ਹੇਠ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਸਿਆਸਤ 'ਚ ਵਿਧਾਨ ਸਭਾ ਤੋਂ ਇਲਾਵਾ ਵਿਧਾਨ ਪ੍ਰੀਸ਼ਦ ਵੀ ਹੋਣਾ ਬਹੁਤ ਜਰੂਰੀ ਹੈ ਤਾਂ ਜੋ ਵੱਖ-ਵੱਖ ਵਰਗਾਂ, ਘੱਟ ਗਿਣਤੀਆਂ ਅਤੇ ਬਿਨਾਂ ਨੁਮਾਇੰਦਗੀ ਵਾਲੇ ਲੋਕਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚ ਸਕੇ।

ਉਨ੍ਹਾਂ ਦੱਸਿਆ ਕਿ ਕਈ ਹੋਰ ਰਾਜਾਂ ਜਿਵੇਂ ਬਿਹਾਰ, ਉੱਤਰ ਪ੍ਰਦੇਸ਼, ਮਹਾਰਾਸ਼ਟਰ ਤੇ ਆਂਧ੍ਰ ਪ੍ਰਦੇਸ਼ ਵਿੱਚ ਅਜੇ ਵੀ ਵਿਧਾਨ ਪ੍ਰੀਸ਼ਦ ਕਾਰਗਰ ਹੈ ਅਤੇ ਇਨ੍ਹਾਂ ਰਾਜਾਂ ਦੇ ਲੋਕਤੰਤਰਿਕ ਢਾਂਚੇ ਨੂੰ ਇਹ ਹੋਰ ਮਜ਼ਬੂਤੀ ਦਿੰਦੀ ਹੈ। ਇਸੇ ਤਰ੍ਹਾਂ ਪੰਜਾਬ ਵਿਚ ਵੀ ਇਸਨੂੰ ਮੁੜ ਚਾਲੂ ਕਰਕੇ ਬਹੁਤ ਸਾਰੇ ਵਰਗਾਂ ਦੀ ਭਲਾਈ ਕੀਤੀ ਜਾ ਸਕਦੀ ਹੈ।

ਇਸ ਮੌਕੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਮੈਂਬਰ ਡਾ. ਸੁਭਾਸ਼ ਥੋਬਾ ਜੀ, ਪ੍ਰਧਾਨ ਈਸਾ ਦਾਸ ਟੋਨੀ ਜੀ, ਡਾ. ਦੀਪਕ ਸ਼ੈਲੀ ਜੀ, ਉੱਘੇ ਸਮਾਜ ਸੇਵਕ ਤੇ ਪੱਤਰਕਾਰ ਸੁਰਿੰਦਰ ਸਹੋਤਾ ਜੀ, ਡਾ. ਸੁਖਜੀਵਨ ਸਿੰਘ ਜੀ, ਅਬਦੁਲ ਨੂਰ ਜੀ, ਰਜੇਸ਼ ਮਸੀਹ ਲਾਡੀ ਜੀ ਅਤੇ ਸਾਗਰ ਜਾਫਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਆਗੂਆਂ ਨੇ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਸਾਹਿਬਾ ਨੂੰ ਆਪਣੀਆਂ ਚਿੰਤਾਵਾਂ ਅਤੇ ਤਰਕ ਸਾਂਝੇ ਕੀਤੇ ਅਤੇ ਉਨ੍ਹਾਂ ਤੋਂ ਬੇਨਤੀ ਕੀਤੀ ਕਿ ਇਸ ਮੰਗ ਪੱਤਰ ਨੂੰ ਮਾਣਯੋਗ ਮੁੱਖ ਮੰਤਰੀ ਤੱਕ ਤੁਰੰਤ ਪਹੁੰਚਾਇਆ ਜਾਵੇ। ਉਨ੍ਹਾਂ ਨੇ ਆਸ ਜਤਾਈ ਕਿ ਪੰਜਾਬ ਸਰਕਾਰ ਲੋਕਤੰਤਰਿਕ ਪਰੰਪਰਾਵਾਂ ਨੂੰ ਬਰਕਰਾਰ ਰੱਖਦਿਆਂ ਵਿਧਾਨ ਪ੍ਰੀਸ਼ਦ ਦੀ ਬਹਾਲੀ ਲਈ ਜਲਦ ਕਦਮ ਚੁੱਕੇਗੀ। ਆਖ਼ਰ 'ਚ ਸਾਰੇ ਆਗੂਆਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿੱਚ ਆਪਣਾ ਸਹਿਯੋਗ ਦੇ ਕੇ ਇਸ ਅੰਦੋਲਨ ਨੂੰ ਮਜ਼ਬੂਤੀ ਦੇਣ।

## ਹੈਜ਼ਾ ਹਲਕਾਅ ਦੀ ਮੁਢਲੀ ਸਹਾਇਤਾ ਬਾਰੇ ਜਾਣਕਾਰੀ ਦੇਣਾ ਚੰਗਾ ਉਪਰਾਲਾ : ਸੀਮਾ ਉਪੱਲ

**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਮੰਤਰੀ ਪੰਜਾਬ ਡਾਕਟਰ ਬਲਵੀਰ ਸਿੰਘ, ਸਿਵਲ ਸਰਜਨ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਪਟਿਆਲਾ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਵਲ ਲਾਈਨ ਸਕੂਲ ਵਿਖੇ, ਪ੍ਰਿੰਸੀਪਲ ਸ਼੍ਰੀਮਤੀ ਸੀਮਾ ਉਪੱਲ ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ ਹੈਜ਼ਾ, ਦਸਤ, ਉਲਟੀਆਂ, ਪਾਣੀ ਨਮਕ ਗੁਲੂਕੋਜ਼ ਦੀ ਸਰੀਰ ਵਿੱਚ ਕਮੀਂ, ਹਲਕਾਅ, ਕਾਲਾ ਪੀਲੀਆਂ ਦੀ ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ ਬਾਰੇ ਜਾਣਕਾਰੀ ਦੇਣ ਲਈ ਸ੍ਰੀ ਕਾਕਾ ਰਾਮ ਵਰਮਾ, ਸੇਵਾ ਮੁਕਤ, ਟ ?ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਸੁਸਾਇਟੀ ਅਤੇ ਉਪਕਾਰ ਸਿੰਘ, ਪ੍ਰਧਾਨ, ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਨੂੰ ਬੁਲਾਇਆ ਗਿਆ।



ਪ੍ਰਿੰਸੀਪਲ ਸ਼੍ਰੀਮਤੀ ਸੀਮਾ ਉਪੱਲ ਨੇ ਕਿਹਾ ਕਿ ਬੱਚਿਆਂ ਦੀ ਸਿਹਤ ਸੁਰੱਖਿਆ ਸਨਮਾਨ ਖੁਸ਼ਹਾਲੀ ਉਨਤੀ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ, ਜੰਗੀ ਪੱਧਰ ਤੇ ਯਤਨ ਕੀਤੇ ਜਾ ਰਹੇ ਹਨ। ਕਾਕਾ ਰਾਮ ਵਰਮਾ ਅਤੇ ਉਪਕਾਰ ਸਿੰਘ ਨੇ ਦੱਸਿਆ ਕਿ ਗੰਦੇ ਪਾਣੀ, ਗੰਦੇ ਜੂਸ, ਕੁਲਫੀਆਂ, ਬਜ਼ਾਰੂ ਬਰਫ਼, ਕੋਲਡ ਡਰਿੰਕ, ਪਹਿਲਾਂ ਤੋਂ ਕੱਟ ਕੇ ਰੱਖੇ ਫਲ, ਸਬਜ਼ੀਆਂ, ਗੰਦੇ ਪਾਣੀ ਕਾਰਨ ਹੈਜ਼ਾ ਅਤੇ ਸਰੀਰ ਵਿੱਚ ਪਾਣੀ, ਨਮਕ, ਗੁਲੂਕੋਜ਼ ਦੀ ਕਮੀਂ ਹੋਣਾ ਨੁਕਸਾਨਦਾਇਕ ਹਨ। ਉਬਲਿਆ ਪਾਣੀ, ਸਾਫ ਕੀਤੇ ਤਾਜ਼ੇ ਫਲ, ਸਬਜ਼ੀਆਂ, ਗਰਮ ਭੋਜਨ, ਦਾਲਾਂ, ਵੱਧ ਲਾਭਦਾਇਕ ਹਨ। ਪਰ ਬਜ਼ਾਰਾਂ ਰੇਹੜੀਆਂ ਆਦਿ ਤੋਂ ਖਰੀਦ ਕੇ ਖਾਂਦੀਆਂ ਚੀਜ਼ਾਂ ਅਤੇ ਡਬਿਆਂ ਬੋਤਲਾਂ, ਪੈਕਟਾਂ ਵਿੱਚ ਪੀਣ ਵਾਲੀਆਂ ਚੀਜ਼ਾਂ ਨੁਕਸਾਨਦਾਇਕ ਹਨ। ਉਨ੍ਹਾਂ ਪੀੜਤਾਂ ਨੂੰ ਘਰਾਂ ਵਿੱਚ ਠੀਕ ਕਰਨ ਲਈ, ਉਬਲਿਆ ਪਾਣੀ, ਵੱਧ ਮਿੱਠੀ ਸਕੰਜਵੀ, ਓ ਆਰ ਐਸ, ਗੁਲੂਕੋਜ਼, ਗਰਮ ? ਤਾਜੇ ਭੋਜਨ, ਦੇਣਾ ਬਹੁਤ ਲਾਭਕਾਰੀ ਹਨ। ਕੋਲਡ ਡਰਿੰਕ, ਫਰੂਟੀਆ ਜਾਂ ਬਜ਼ਾਰੂ ਜੂਸ ਦੇਣਾ ਨੁਕਸਾਨਦਾਇਕ ਦੱਸੇ। ਉਨ੍ਹਾਂ ਨੇ ਡੈਂਗੂ, ਮਲੇਰੀਆ ਅਤੇ ਹਲਕਾਅ ਦੇ ਕਾਰਨਾਂ ਅਤੇ ਬਚਣ ਦੀ ਜਾਣਕਾਰੀ ਦਿੱਤੀ। ਕਿਸੇ ਵੀ ਜਾਨਵਰ ਦੇ ਕੱਟਣ, ਚੱਟਣ ਜਾਂ ਉਨ੍ਹਾਂ ਦੇ ਮੂੰਹ ਵਿੱਚੋ ਨਿਕਲਿਆ ਲਾਰ, ਕੁਝ ਸਮੇਂ ਬਾਅਦ ਹਲਕਾਅ ਬਣ ਸਕਦਾ ਹੈ ਇਸ ਲਈ ਸਮੇਂ ਤੇ ਠੀਕ ਫਸਟ ਏਡ ਅਤੇ ਹਸਪਤਾਲਾਂ ਵਿਖੇ ਇਲਾਜ ਕਰਵਾਉਣੇ ਬਹੁਤ ਜ਼ਰੂਰੀ ਹਨ । ਵਿਦਿਆਰਥੀਆਂ ਨੂੰ ਹੱਥਾਂ ਪੈਰਾਂ, ਨਾਖ਼ੂਨਾ, ਦੰਦਾਂ, ਕਮਰਿਆਂ, ਗਮਲਿਆਂ, ਬਾਥਰੂਮ, ? ਬਰਤਨਾਂ, ਬਸਤਿਆਂ ਬਿਸਤਰਿਆਂ ਅਤੇ ਆਲ ? ਦੁਆਲ ? ਦੀ ਸਫਾਈ, ਸੁਥਤਾ ਸਵੱਛਤਾ ਬਾਰੇ ਦਸਿਆ। ਹਰ ਰੋਜ਼ ਯੋਗਾ, ਕਸਰਤਾਂ, ਸੈਰ, ਖੇਡਾਂ ਕਰਨ ਦੀ ਪ੍ਰੇਰਨਾ ਦਿੱਤੀ। ਵਾਇਸ ਪ੍ਰਿੰਸੀਪਲ ਸ਼੍ਰੀ ਰਾਮ ਲਾਲ ਗੁਪਤਾ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਵਿਦਿਆਰਥੀਆਂ, ਅਧਿਆਪਕਾਂ ਅਤੇ ਉਨ੍ਹਾਂ ਰਾਹੀਂ ਮਾਪਿਆਂ ਨੂੰ ਇਸ ਤਰ੍ਹਾਂ ਚੰਗੇਰੀ ਸਿਹਤ, ਤੰਦਰੁਸਤੀ, ਅਰੋਗਤਾ ਅਤੇ ਐਮਰਜੈਂਸੀ ਦੌਰਾਨ ਪੀੜਤਾਂ ਦੀ ਸਹਾਇਤਾ ਕਰਨ ਦੀ ਫਸਟ ਏਡ, ਸੀ ਪੀ ਆਰ, ਜ਼ਖਮੀਆਂ ਦੀ ਸੇਵਾ ਸੰਭਾਲ ਦੀ ਜਾਣਕਾਰੀ ਦੇਕੇ, ਬਿਮਾਰੀਆਂ ਨੂੰ ਰੋਕਿਆ ਅਤੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਵਿਦਿਆਰਥੀਆਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਇਹ ਜਾਣਕਾਰੀ ਆਪਣੇ ਘਰ ਪਰਿਵਾਰਾਂ, ਮਹੱਲਿਆ, ਕਾਲੋਨੀਆਂ ਅਤੇ ਮਾਤਾ ਪਿਤਾ ਬਜ਼ੁਰਗਾਂ ਰਾਹੀਂ ਦਫ਼ਤਰਾਂ ਫੈਕਟਰੀਆਂ ਵਿਖੇ ਵੀ ਦਿੱਤੀ ਜਾਵੇਗੀ।

**ਮੀਡੀਏਸ਼ਨ ਫਾਰ ਦਾ ਨੇਸ਼ਨ ਮੁਹਿੰਮ ਦੀ ਹੋਈ ਸ਼ੁਰੂਆਤ**

## ਅਦਾਲਤਾਂ ਵਿੱਚ ਲੰਬਿਤ ਕੇਸਾਂ ਦਾ ਆਪਸੀ ਰਾਜ਼ੀਨਾਮੇ ਰਾਹੀਂ ਕੀਤਾ ਜਾਵੇਗਾ ਨਿਪਟਾਰਾ

**ਬਰਨਾਲਾ, 13 ਜੁਲਾਈ**
**-ਰਾਕੇਸ਼ ਗੋਇਲ-**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਇੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸ਼ ?ਰੀ ਬੀ.ਬੀ.ਐਸ. ਤੇਜੀ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜ਼ੱਜ਼ —ਸਹਿਤ— ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਦੀ ਯੋਗ ਅਗਵਾਈ ਹੇਠ ਅਦਾਲਤਾਂ ਵਿੱਚ ਲੰਬਿਤ ਕੇਸਾਂ ਦੇ ਆਪਸੀ ਰਾਜ਼ੀਨਾਮੇ ਰਾਹੀਂ ਨਿਪਟਾਰੇ ਲਈ 90 ਦਿਨਾਂ ਦੀ ਮੁਹਿੰਮ 'ਮੀਡੀਏਸ਼ਨ ਫਾਰ ਦਾ ਨੇਸ਼ਨ' ਦੀ ਸ਼ੁਰੂਆਤ 1 ਜੁਲਾਈ ਤੋਂ ਸ਼ੁਰੂ ਹੋ ਚੁੱਕੀ ਹੈ। ਇਹ ਮੁਹਿੰਮ 30 ਸੰਤਬਰ ਤੱਕ ਚਲੇਗੀ। ਇਸ ਦੌਰਾਨ ਜਿਹੜੇ ਕੇਸ ਅਦਾਲਤਾਂ ਵਿੱਚ ਲੰਬਿਤ ਹਨ ਅਤੇ ਜਿਹੜੇ ਕੇਸਾਂ ਦੀ ਤਰੀਖ ਪੇਸ਼ੀ ਭਾਵੇਂ ਅੱਗੇ ਹੈ, ਉਹਨਾਂ ਕੇਸਾਂ ਨੂੰ ਪਹਿਲ ਦੇ ਅਧਾਰ 'ਤੇ ਤਰੀਖ ਪੇਸ਼ੀ ਤੋਂ ਪਹਿਲਾਂ ਇਸ ਮੁਹਿੰਮ ਵਿੱਚ ਰਾਜ਼ੀਨਾਮੇ ਵਾਸਤੇ ਭੇਜਿਆ ਜਾ ਰਿਹਾ ਹੈ ਜਿਥੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਵਲੋਂ ਟਰੇਨਡ ਮੀਡੀਏਟਰਜ਼ ਰਾਜ਼ੀਨਾਮਾ ਕਰਵਾਉਂਦੇ ਹਨ। ਇਸ ਡਰਾਇਵ ਦੌਰਾਨ ਵਿਵਾਹਿਕ ਝਗੜੇ, ਐਕਸੀਡੈਂਟ ਕਲੇਮ, ਘਰੇਲੂ ਝਗੜੇ, ਚੈੱਕ ਬਾਊਂਸ ਕੇਸ, ਵਪਾਰਿਕ ਝਗੜੇ, ਸਰਵਿਸ ਸੇਵਾਵਾਂ, ਫੌਜਦਾਰੀ ਕੇਸ, ਖਪਤਕਾਰ ਸਬੰਧੀ ਮਸਲੇ ਅਤੇ ਲੈਂਡ ਐਕੁਜ਼ੀਸ਼ਨ ਕੇਸ ਸਮਝੌਤੇ ਲਈ ਵਿਚਾਰੇ ਜਾਣਗੇ। ਇਸ ਮੀਡੀਏਸ਼ਨ ਫਾਰ ਦਾ ਨੇਸ਼ਨ ਮੁਹਿੰਮ ਦਾ ਮਕਸਦ ਅਦਾਲਤਾਂ ਵਿੱਚ ਲੰਬਿਤ ਕੇਸਾਂ ਨੂੰ ਸਿੱਖਿਅਤ ਮੀਡੀਏਟਰਜ਼ ਰਾਹੀਂ ਰਾਜ਼ੀਨਾਮਾ ਕਰਵਾਉਣਾ ਹੈ। ਇਸ ਲਈ ਆਮ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਉਹ ਆਪਣੇ ਝਗੜੇ ਆਪਸੀ ਰਾਜ਼ੀਨਾਮੇ ਰਾਹੀਂ ਨਿਪਟਾ ਕੇ ਇਸ ਮੁਹਿੰਮ ਦਾ ਵੱਧ ਤੋਂ ਵੱਧ ਫਾਇਦਾ ਲੈਣ।

### ਨਗਰ ਨਿਗਮ ਵੱਲੋਂ ਐਨੀਮਲ ਬਰਥ ਕੰਟਰੋਲ ਪ੍ਰੋਜੈਕਟ ਦੀ ਸ਼ੁਰੂਆਤ

# ਪਟਿਆਲਾ ਸ਼ਹਿਰ ਜਲਦ ਹੋਵੇਗਾ ਆਵਾਰਾ ਕੁੱਤਿਆ ਤੋਂ ਮੁਕਤ : ਮੇਅਰ ਕੁੰਦਨ ਗੋਗੀਆ



**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਵਾਰਾ ਕੁੱਤਿਆਂ ਦੀ ਵੱਧ ਰਹੀ ਤਾਦਾਦ ਕਾਰਨ ਲੋਕਾਂ ਦੀ ਵੱਧਦੀ ਜਾ ਰਹੀ ਪਰੇਸ਼ਾਨੀ ਨੂੰ ਧਿਆਨ ਵਿੱਚ ਰੱਖਦਿਆਂ ਨਗਰ ਨਿਗਮ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਦੀ ਅਗਵਾਈ ਵਿੱਚ ਮੋਦੀ ਕਾਲਜ ਦੇ ਨੇੜੇ ਬਣੇ ਜਾਨਵਰਾਂ ਦੇ ਹਸਪਤਾਲ ਵਿੱਚ 16 ਕੈਨਲ ਵਾਲਾ ਸ਼ੈਲਟਰ ਕਮ ਹਸਪਤਾਲ ਸ਼ੁਰੂ ਕੀਤਾ ਗਿਆ ਹੈ। ਜਿਸ ਦੀ ਕਪੈਸਟੀ ਨਿਗਮ ਵੱਲੋਂ ਆਉਣ ਵਾਲੇ ਸਮੇਂ ਵਿੱਚ ਵਧਾਈ ਜਾਵੇਗੀ ਅਤੇ ਇਸ ਦਾ ਸਾਰਾ ਖਰਚਾ ਨਗਰ ਨਿਗਮ ਦੁਆਰਾ ਹੀ ਕੀਤਾ ਜਾਵੇਗਾ। ਇਹ ਸ਼ੈਲਟਰ ਨਾ ਸਿਰਫ਼ ਆਵਾਰਾ ਕੁੱਤਿਆਂ ਲਈ ਇਕ ਸੁਰੱਖਿਅਤ ਆਸ਼ਰਮ ਦੇ ਤੌਰ 'ਤੇ ਕੰਮ ਕਰੇਗਾ, ਬਲਕਿ ਇਹ ਸ਼ਹਿਰ ਦੇ ਐਨੀਮਲ ਬਰਥ ਕੰਟਰੋਲ ਪ੍ਰੋਗਰਾਮ ਦਾ ਇੱਕ ਅਹਿਮ ਹਿੱਸਾ ਵੀ ਹੋਵੇਗਾ।

ਮੇਅਰ ਕੁੰਦਨ ਗੋਗੀਆ ਨੇ ਪ੍ਰੋਜੈਕਟ ਸੰਬੰਧੀ ਗੱਲਬਾਤ ਕਰਦਿਆ ਕਿਹਾ ਕਿ ਇਹ ਮੁਹਿੰਮ ਸਿਰਫ਼ ਆਵਾਰਾ ਕੁੱਤਿਆਂ ਨੂੰ ਕੰਟਰੋਲ ਕਰਨ ਲਈ ਨਹੀਂ, ਸਗੋਂ ਮਨੁੱਖੀ ਜਾਨਵਰ ਸਹਿਅਤਾ ਨੂੰ ਵਧਾਉਣ ਲਈ ਹੈ। ਅਸੀਂ ਅਗਲੇ 1 ਸਾਲ ਦੌਰਾਨ ਪੂਰੇ ਸ਼ਹਿਰ ਨੂੰ ਆਵਾਰਾ ਕੁੱਤਿਆਂ ਸੰਬੰਧੀ ਆਉਣ ਵਾਲੀ ਮੁਸ਼ਕਲਾ ਨੂੰ ਮੁਕਤ ਕਰਨ ਦਾ ਟੀਚਾ ਰੱਖਿਆ ਹੈ। ਉਨਾਂ ਕਿਹਾ ਕਿ ਇਸ ਸੰਬੰਧੀ ਇੱਕ ਹੋਰ ਪਹਿਲ ਕਰਦਿਆ ਜਲਦ ਇੱਕ ਨੰਬਰ ਵੀ ਜਾਰੀ ਕੀਤਾ ਜਾਵੇਗਾ ਜਿਸ ਨਾਲ ਕੋਈ ਵੀ ਸ਼ਹਿਰ ਵਾਸੀ ਇਸ ਸੰਬੰਧੀ ਜਾਣਕਾਰੀ ਨੋਟ ਕਰਵਾ ਸਕੇਗਾ। ਉਨਾਂ ਕਿਹਾ ਕਿ ਨਿਗਮ ਦੇ ਉਪਰਾਲੇ ਨਾਲ ਇੱਕ ਗੱਡੀ ਵਿਸ਼ੇਸ਼ ਤੌਰ ਤੇ ਚਲਾਈ ਜਾਵੇਗੀ, ਜ਼ੋ ਲੋਕਾਂ ਨੂੰ ਕੁੱਤਿਆ ਸੰਬੰਧੀ ਆਉਣ ਵਾਲੀ ਅਚਨਚੇਤ ਮੁਸ਼ਕਲ ਦਾ ਹੱਲ ਕਰੇਗੀ।

ਪੋ ?ਰਜੈਕਟ ਸੰਬੰਧੀ ਡਾ ਅੰਕਿਤ ਨਾਰੰਗ ਸੀਨੀਅਰ ਸਰਜਨ ਕਮ ਪੋ ?ਰਜੈਕਟ ਮੈਨੇਜਰ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਮੌਜੂਦਾ ਸਮੇਂ ਵਿੱਚ 16 ਕੈਨਲ ਬਣਾਏ ਗਏ ਹਨ। ਜਿਸ ਵਿੱਚ ਤਕਰੀਬਨ 100 ਦੇ ਕਰੀਬ ਕੁੱਤਿਆ ਨੂੰ ਰੱਖਿਆ ਜਾ ਸਕਦਾ ਹੈ। ਉਨਾਂ ਕਿਹਾ ਕਿ ਮੌਜੂਦੇ ਸਮੇਂ ਵਿੱਚ 20 ਤੋਂ 25 ਦੇ ਕਰੀਬ ਕੁੱਤਿਆ ਦੀ ਨਸਬੰਦੀ, ਚਿਚੜਾ ਦਾ ਟੀਕਾ ਅਤੇ ਐਂਟੀ ਰੈਬਿਸ ਵੈਕਸੀਨੇਸ਼ਲ ਲਗਾਉਣਾ ਤੋਂ ਇਲਾਵਾ ਐਮਰਜੈਂਸੀ ਉਪਰੇਸ਼ਨ ਥੀਏਟਰ, ਟੀਕਾਕਰਨ ਯੂਨਿਟ ਆਦਿ ਦਾ ਪ੍ਰਬੰਧ ਕੀਤਾ ਗਿਆ ਹੈ। ਜਿਸ ਨੂੰ ਜਲਦ ਨਗਰ ਨਿਗਮ ਵੱਲੋਂ ਵਧਾਏ ਜਾਣ ਵਾਲੇ ਸਟਾਫ ਨਾਲ ਤਕਰੀਬਨ ਦੁਗਣਾ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਨਿਗਮ ਵੱਲੋਂ ਹੋਰ 25 ਕੈਨਲ ਬਨਾਉਣ ਦੀ ਵੀ ਤਿਆਰੀ ਚੱਲ ਰਹੀ ਹੈ।

ਡਾ ਅੰਕਿਤ ਨੇ ਦੱਸਿਆ ਕਿ ਇੱਕ ਤੋਂ ਡੇਢ ਸਾਲ ਵਿੱਚ ਪਟਿਆਲਾ ਵਾਸੀਆਂ ਦੀ ਮਦਦ ਅਤੇ ਨਿਗਮ ਦੇ ਉੱਦਮ ਸਦਕਾ ਪਟਿਆਲਾ ਨੂੰ ਆਵਾਰਾ ਕੁੱਤਿਆਂ ਕਾਰਨ ਆਉਣ ਵਾਲੀ ਮੁਸ਼ਕਲ ਤੋਂ ਨਿਜਾਤ ਦਵਾਉਣ ਲਈ ਪੂਰੀ ਮਿਹਨਤ ਕੀਤੀ ਜਾਵੇਗੀ। ਉਨਾਂ ਦੱਸਿਆ ਕਿ ਮੌਜੂਦਾ ਸਮੇਂ ਦੌਰਾਨ 2 ਸਰਜਨ, 4 ਡੋਗ ਕੈਚਰ, ਇੱਕ ਫਾਰਮਸਿਸਟ ਅਤੇ 2 ਸਵਿੱਪਰ ਟੀਮ ਵਿੱਚ ਕੰਮ ਕਰ ਰਹੇ ਹਨ। ਜਿਸ ਨੂੰ ਆਉਣ ਵਾਲੇ ਸਮੇਂ ਵਿੱਚ ਦੁਗਣਾ ਕੀਤਾ ਜਾਵੇਗਾ। ਉਨਾਂ ਕਿਹਾ ਕਿ ਫੀਡਿੰਗ ਪੁਆਇੰਟ, ਸ਼ਿਕਾਇਤ ਮਕੈਨਿਜ਼ਮ, ਅਤੇ ਤਕਨੀਕੀ ਹੱਲ ਨੇ ਆਵਾਰਾ ਕੁੱਤਿਆਂ ਸੰਬੰਧੀ ਆਉਣ ਵਾਲੀਆਂ ਮੁਸ਼ਕਲਾਂ ਦੇ ਹੱਲ ਨੂੰ ਇੱਕ ਨਵੀ ਦਿਸ਼ਾ ਮਿਲੇਗੀ, ਜਿਸ ਨਾਲ ਲੋਕਾਂ ਅਤੇ ਜਾਨਵਰ ਦੋਹਾਂ ਦੀ ਸੁਰੱਖਿਆ ਨੂੰ ਮੂਲ ਰੂਪ ਵਿੱਚ ਧਿਆਨ ਦਿੱਤਾ ਜਾ ਸਕੇਗਾ।

ਉਨਾਂ ਕਿਹਾ ਕਿ ਨਗਰ ਨਿਗਮ ਵਲੋਂ ਆਵਾਰਾ ਕੁੱਤੀਆਂ ਲਈ ਇਹ ਨਵਾਂ ਸ਼ੈਲਟਰ ਸ਼ਹਿਰ ਲਈ ਇੱਕ ਉਚੀਨ ਕੋਸ਼ਿਸ਼ ਹੈ, ਜੋ ਕੇਵਲ ਸੰਖਿਆ ਘਟਾਉਣ ਦੀ ਮੁਹਿੰਮ ਨਹੀਂ, ਸਗੋਂ ਨਾਗਰਿਕਾਂ ਦੀ ਸਹੂਲਤ, ਜਾਨਵਰਾਂ ਦੀ ਸੁਰੱਖਿਆ ਅਤੇ ਪ੍ਰਬੰਧਕੀ ਪਾਰਦਰਸ਼ਤਾ ਨੂੰ ਬਰਕਰਾਰ ਰੱਖਦੇ ਹੋਏ ਪ੍ਰਗਟ ਹੋ ਰਿਹਾ ਹੈ। ਇਸ ਯੋਜਨਾਂ ਨਾਲ ਪਟਿਆਲਾ ਆਵਾਰਾ ਕੁੱਤਿਆਂ ਦੇ ਸੰਕਟ ਤੋਂ ਮੁਕਤ ਸ਼ਹਿਰ ਵਜੋਂ ਮੰਨਿਆ ਜਾਵੇਗਾ।

# ਯੁੱਧ ਨਸ਼ਿਆਂ ਵਿਰੁੱਧ' ਦੇ 131ਵੇਂ ਦਿਨ ਪੰਜਾਬ ਪੁਲਿਸ ਵੱਲੋਂ 129 ਨਸ਼ਾ ਤਸਕਰ ਗ੍ਰਿਫ਼ਤਾਰ; 4.2 ਕਿਲੋ ਹੈਰੋਇਨ ਬਰਾਮਦ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ"ਦੇ 131ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 129 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 4.2 ਕਿਲੋ ਹੈਰੋਇਨ, 509 ਗ੍ਰਾਮ ਅਫੀਮ ਅਤੇ 23,370 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 131 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 21,356 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 84 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 414 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 92 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 456 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 86 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ ਬਾਰੇ ਚਰਚਾ



**ਦੇਵੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਕੰਬੋਜ ਮਹਾਂਸਭਾ ਬਲਾਕ ਭੁਨਰਹੇੜੀ ਵੱਲੋਂ ਵਿਸ਼ੇਸ਼ ਮੀਟਿੰਗ ਮਾਤਾ ਗੁਜਰੀ ਸਕੂਲ ਦੇਵੀਗੜ੍ਹ ਵਿੱਚ ਪ੍ਰਧਾਨ ਸਵਿੰਦਰ ਸਿੰਘ ਧੰਜੂ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੌਕੇ ਸਭਾ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਕੰਬੋਜ ਮਹਾਂਸਭਾ ਨੂੰ ਹੋਰ ਮਜ਼ਬੂਤ ਕਰਨ ਲਈ ਸਭਾ ਵਿੱਚ ਹੋਰ ਨਿਯੁਕਤੀਆਂ ਕੀਤੀਆਂ ਜਾਣਗੀਆਂ। ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਇਸ ਵਾਰ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ 29 ਜੁਲਾਈ ਨੂੰ ਵੱਡੇ ਪੱਧਰ 'ਤੇ ਦੇਵੀਗੜ੍ਹ ਵਿੱਚ ਮਨਾਇਆ ਜਾਵੇਗਾ ਜਿਸ ਲਈ ਹੁਣ ਤੋਂ ਹੀ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਹਨ। ਸਭਾ ਵੱਲੋਂ ਕੁਝ ਹੋਰ ਫੈਸਲੇ ਵੀ ਲਏ ਗਏ ਹਨ ਕਿ ਸ਼ਹੀਦੀ ਦਿਹਾੜੇ ਮੌਕੇ ਕੈਂਸਰ ਦੇ ਕੈਂਪ, ਖੂਨ ਕੈਂਪ ਅਤੇ ਮੈਡੀਕਲ ਕੈਂਪ ਆਦਿ ਵੀ ਲਗਾਏ ਜਾਣਗੇ ਤਾਂ ਕਿ ਇਨ੍ਹਾਂ ਕੈਂਪਾਂ ਵਿੱਚ ਲੋਕ ਮੁਫਤ ਵਿੱਚ ਵੱਖ-ਵੱਖ ਰੋਗਾਂ ਦੇ ਟੈਸਟ ਕਰਵਾ ਸਕਣ।

ਇਸ ਮੌਕੇ ਜਨਰਲ ਸਕੱਤਰ ਦਵਿੰਦਰ ਸਿੰਘ ਮਾੜੂ, ਜਸਵਿੰਦਰ ਸਿੰਘ ਰਾਣਾ ਪ੍ਰਧਾਨ ਆੜਤੀ ਐਸੋਸੀਏਸ਼ਨ ਪੰਜਾਬ, ਜੀਤ ਸਿੰਘ ਮੀਰਾਂਪੁਰ, ਗੁਰਮੇਲ ਸਿੰਘ ਫਰੀਦਪੁਰ, ਭੁਪਿੰਦਰ ਸਿੰਘ ਡਾਇਰੈਕਟਰ ਮਾਤਾ ਗੁਜਰੀ ਸਕੂਲ ਤੇ ਪ੍ਰਿਥੀਪਾਲ ਸਿੰਘ ਧਾਂਦੀਆਂ ਆਦਿ ਹਾਜ਼ਰ ਸਨ।

# ਮੀਂਹ ਕਾਰਨ ਓਵਰਫਲੋਅ ਨਾਲੇ ਵਿੱਚ ਔਰਤ ਡਿੱਗੀ

## ਪੀੜਤ ਜ਼ੇਰੇ ਇਲਾਜ; ਮੁਹੱਲਾ ਵਾਸੀ ਕਾਫ਼ੀ ਸਮੇਂ ਤੋਂ ਨਾਲਾ ਢਕਣ ਦੀ ਕਰ ਰਹੇ ਨੇ ਮੰਗ

**ਨਾਭਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਬਠਿੰਡਿਆ ਮੁਹੱਲੇ ਵਿੱਚ ਓਵਰਫਲੋਅ ਨਾਲੇ ਵਿੱਚ ਡਿੱਗਣ ਕਾਰਨ 52 ਸਾਲਾ ਔਰਤ ਜ਼ਖ਼ਮੀ ਹੋ ਗਈ ਜੋ ਕਿ ਪਟਿਆਲਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਸੋਸ਼ਲ ਮੀਡੀਆ 'ਤੇ ਘਟਨਾ ਦੀ ਸੀਸੀਟੀਵੀ ਵੀਡੀਓ ਵਾਇਰਲ ਹੋ ਰਹੀ ਹੈ।




ਜਾਣਕਾਰੀ ਅਨੁਸਾਰ ਨਾਲੇ ਦੇ ਨਾਲ ਲੱਗਦੀ ਸੜਕ ਉਸਾਰੀ ਅਧੀਨ ਹੈ ਅਤੇ ਨਾਲੇ ਦੇ ਕਈ ਢੱਕਣ ਗਾਇਬ ਹਨ। ਲੰਘੀ ਸ਼ਾਮ ਮੀਂਹ ਮਗਰੋਂ ਨਾਲਾ ਓਵਰਫਲੋਅ ਹੋ ਰਿਹਾ ਸੀ ਤੇ ਔਰਤ ਨੂੰ ਨਾਲੇ ਦਾ ਪਤਾ ਨਹੀਂ ਲੱਗਿਆ। ਮੌਕੇ 'ਤੇ ਉਸ ਨਾਲ ਜਾ ਰਹੀ ਨੂੰਹ ਵੱਲੋਂ ਰੌਲਾ ਪਾਉਣ 'ਤੇ ਲੋਕਾਂ ਨੇ ਔਰਤ ਨੂੰ ਨਾਲੇ ਵਿਚੋਂ ਕੱਢਿਆ। ਪੀੜਤ ਮਧੂ ਨੂੰ ਪਹਿਲਾਂ ਨਾਭਾ ਦੇ ਇੱਕ ਨਿੱਜੀ ਹਸਤਪਾਲ ਲਿਜਾਇਆ ਗਿਆ ਪਰ ਦੇਰ ਸ਼ਾਮ ਨਾਭਾ ਵਿੱਚ ਐਕਸਰੇਅ ਜਾਂ ਸੀਟੀ ਸਕੈਨ ਦੀ ਸੁਵਿਧਾ ਉਪਲਬਧ ਨਾ ਹੋਣ ਕਾਰਨ ਪੀੜਤ ਨੂੰ ਪਟਿਆਲਾ ਦੇ ਨਿੱਜੀ ਹਸਪਤਾਲ ਦਾਖ਼ਲ ਕਰਵਾਇਆ ਗਿਆ। ਪੀੜਤ ਦੇ ਦਿਉਰ ਦੇਵ ਰਾਜ ਨੇ ਦੱਸਿਆ ਕਿ ਘਬਰਾਹਟ ਕਾਰਨ ਪੀੜਤ ਦੇ ਅੰਦਰ ਗਾਰੇ ਵਾਲਾ ਪਾਣੀ ਚਲਾ ਗਿਆ ਸੀ। ਉਨ੍ਹਾਂ ਦੱਸਿਆ ਕਿ ਬਚਾਅ ਰਿਹਾ ਕਿ ਕੁਝ ਕਦਮ ਪਹਿਲਾਂ ਹੀ ਪੀੜਤ ਨੇ ਗੋਦੀ ਚੁੱਕਿਆ ਡੇਢ ਸਾਲ ਦਾ ਬੱਚਾ ਆਪਣੀ ਨੂੰਹ ਨੂੰ ਫੜਾ ਦਿੱਤਾ ਸੀ ਨਹੀਂ ਤਾਂ ਹੋਰ ਵੀ ਵੱਡਾ ਨੁਕਸਾਨ ਹੋ ਸਕਦਾ ਸੀ। ਮੁਹੱਲਾ ਵਾਸੀਆਂ ਨੇ ਦੱਸਿਆ ਕਿ ਇਹ ਢੱਕਣ ਬਣਵਾਉਣ ਅਤੇ ਨਾਲੇ ਦੇ ਕਿਨਾਰੇ ਛੋਟੀ ਜਹੀ ਕੰਧ ਬਣਾਉਣ ਦੀ ਮੰਗ ਕਈ ਸਾਲਾਂ ਤੋਂ ਅਣਸੁਣੀ ਕੀਤੀ ਜਾ ਰਹੀ ਹੈ। ਹੁਣ ਵੀ ਜਦੋਂ ਇਸ ਹਾਦਸੇ ਮਗਰੋਂ ਲੋਕਾਂ ਨੇ ਰੌਲਾ ਪਾਇਆ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਢੱਕਣ ਦਾ ਟੈਂਡਰ ਨਹੀਂ ਹੈ। ਸੜਕ ਹੀ ਬਣਾਈ ਜਾਵੇਗੀ।

### ਪੰਜਾਬ ਸਰਕਾਰ 390 ਸਰਕਾਰੀ ਇਮਾਰਤਾਂ 'ਤੇ 30 ਮੈਗਾਵਾਟ ਸਮਰੱਥਾ ਵਾਲੇ ਸੂਰਜੀ ਊਰਜਾ ਪਲਾਂਟ ਕਰੇਗੀ ਸਥਾਪਤ

# 150 ਕਰੋੜ ਰੁਪਏ ਦੀ ਲਾਗਤ ਵਾਲਾ ਪ੍ਰਾਜੈਕਟ ਮਾਰਚ 2026 ਤੱਕ ਚਾਲੂ ਕੀਤਾ ਜਾਵੇਗਾ: ਅਮਨ ਅਰੋੜਾ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਦੱਸਿਆ ਕਿ ਸੂਬੇ ਦੀ ਕੁਦਰਤੀ ਊਰਜਾ ਸਬੰਧੀ ਸਮਰੱਥਾ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਮਾਰਚ 2026 ਤੱਕ ਸੂਬੇ ਭਰ ਵਿੱਚ 390 ਸਰਕਾਰੀ ਇਮਾਰਤਾਂ ਦੀਆਂ ਛੱਤਾਂ 'ਤੇ 30 ਮੈਗਾਵਾਟ ਦੀ ਸੰਯੁਕਤ ਸਮਰੱਥਾ ਵਾਲੇ ਸੂਰਜੀ ਊਰਜਾ ਪਲਾਂਟ ਸਥਾਪਤ ਕੀਤੇ ਜਾਣਗੇ।

ਸ੍ਰੀ ਅਮਨ ਅਰੋੜਾ ਪੰਜਾਬ ਊਰਜਾ ਵਿਕਾਸ ਅਥਾਰਟੀ (ਪੇਡਾ) ਵੱਲੋਂ ਚਲਾਏ ਜਾ ਰਹੇ ਚੱਲ ਰਹੇ ਪ੍ਰਾਜੈਕਟਾਂ ਦਾ ਜਾਇਜ਼ਾ ਲੈ ਰਹੇ ਸਨ। ਇਸ ਮੌਕੇ ਉਨ੍ਹਾਂ ਨਾਲ ਪੇਡਾ ਦੇ ਚੇਅਰਪਰਸਨ ਡਾ. ਸੁਖਚੈਨ ਗੋਗੀ ਅਤੇ ਪ੍ਰਮੁੱਖ ਸਕੱਤਰ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਸ੍ਰੀ ਅਜੋਏ ਕੁਮਾਰ ਸਿਨਹਾ ਵੀ ਮੌਜੂਦ ਸਨ।



ਇਸ ਪ੍ਰਾਜੈਕਟ ਬਾਰੇ ਜਾਣਕਾਰੀ ਦਿੰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ 150 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰਾਜੈਕਟ ਨਾਲ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਬਿਜਲੀ ਖਰਚ ਵਿੱਚ ਸਾਲਾਨਾ 15 ਕਰੋੜ ਰੁਪਏ ਦੀ ਬੱਚਤ ਹੋਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਟੈਂਡਰ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ, ਜਿਸ ਨਾਲ ਇਸ ਵੱਕਾਰੀ ਪ੍ਰਾਜੈਕਟ ਨੂੰ ਲਾਗੂ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।

ਦੱਸ ਦੇਈਏ ਕਿ ਇਸ ਪ੍ਰਾਜੈਕਟ ਅਧੀਨ ਸਿਹਤ ਤੇ ਪਰਿਵਾਰ ਭਲਾਈ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਟਰਾਂਸਪੋਰਟ, ਖੇਤੀਬਾੜੀ ਤੇ ਕਿਸਾਨ ਭਲਾਈ, ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ, ਗ੍ਰਹਿ ਮਾਮਲੇ ਤੇ ਨਿਆਂ, ਮੈਡੀਕਲ ਸਿੱਖਿਆ ਅਤੇ ਖੋਜ, ਸਥਾਨਕ ਸਰਕਾਰਾਂ ਅਤੇ ਜਲ ਸਰੋਤ ਵਿਭਾਗ ਸਮੇਤ 25 ਪ੍ਰਮੁੱਖ ਵਿਭਾਗਾਂ ਦੀਆਂ ਇਮਾਰਤਾਂ 'ਤੇ ਸੂਰਜੀ ਊਰਜਾ ਪਲਾਂਟ ਲਗਾਏ ਜਾਣਗੇ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਨੇ ਪਿਛਲੇ ਤਿੰਨ ਸਾਲਾਂ ਵਿੱਚ ਨਵਿਆਉਣਯੋਗ ਊਰਜਾ ਵਿੱਚ ਪ੍ਰਭਾਵਸ਼ਾਲੀ ਪ੍ਰਗਤੀ ਦਰਜ ਕੀਤੀ ਹੈ ਜਿਸ ਤਹਿਤ 1098 ਸਰਕਾਰੀ ਇਮਾਰਤਾਂ ਦੀਆਂ ਛੱਤਾਂ 'ਤੇ 7.7 ਮੈਗਾਵਾਟ ਸਮੂਹਿਕ ਸਮਰੱਥਾ ਵਾਲੇ ਸੂਰਜੀ ਊਰਜਾ ਪਲਾਂਟ ਲਗਾਏ ਗਏ ਹਨ, ਜੋ ਸਥਾਈ ਊਰਜਾ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸਥਿਰਤਾ, ਵਾਤਾਵਰਣ ਸੰਭਾਲ ਅਤੇ ਵਿੱਤੀ ਸੂਝ ਪ੍ਰਤੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਨਵਿਆਉਣਯੋਗ ਊਰਜਾ ਦੀ ਵਰਤੋਂ ਕਰਕੇ ਸੂਬੇ ਦਾ ਉਦੇਸ਼ ਕਾਰਬਨ ਨੂੰ ਘਟਾਉਣਾ, ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਘਟਾਉਣਾ ਅਤੇ ਆਪਣੇ ਨਾਗਰਿਕਾਂ ਲਈ ਬਿਹਤਰ ਭਵਿੱਖ ਨੂੰ ਯਕੀਨੀ ਬਣਾਉਣਾ ਹੈ।

ਇਹ ਪਹਿਲਕਦਮੀ ਪੰਜਾਬ ਨੂੰ ਕੁਦਰਤੀ ਅਤੇ ਵਧੇਰੇ ਊਰਜਾ-ਕੁਸ਼ਲ ਸੂਬਾ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਮੀਟਿੰਗ ਦੌਰਾਨ ਸ੍ਰੀ ਅਮਨ ਅਰੋੜਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਕੁਦਰਤੀ ਊਰਜਾ ਉਤਪਾਦਨ ਨੂੰ ਹੋਰ ਵਧਾਉਣ ਦੇ ਢੰਗ-ਤਰੀਕਿਆਂ ਦੀ ਪੜਚੋਲ ਕਰਨ ਦੇ ਨਿਰਦੇਸ਼ ਵੀ ਦਿੱਤੇ।

ਮੀਟਿੰਗ ਵਿੱਚ ਪੇਡਾ ਦੀ ਸੀ.ਈ.ਓ. ਮਿਸ. ਨੀਲਿਮਾ, ਡਾਇਰੈਕਟਰ ਸ੍ਰੀ ਐਮ.ਪੀ. ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਪੰਜਾਬ ਵਿੱਚ ਵਧ-ਫੁੱਲ ਰਿਹੈ ਮੱਛੀ ਪਾਲਣ ਖੇਤਰ, ਸਾਲਾਨਾ 2 ਲੱਖ ਮੀਟਰਕ ਟਨ ਤੱਕ ਪਹੁੰਚਿਆ ਮੱਛੀ ਉਤਪਾਦਨ: ਗੁਰਮੀਤ ਸਿੰਘ ਖੁੱਡੀਆਂ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਮੱਛੀ ਪਾਲਕ ਦਿਵਸ ਮੌਕੇ ਅੱਜ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬੇ ਵਿੱਚ ਮੱਛੀ ਪਾਲਣ ਖੇਤਰ ਲਗਾਤਾਰ ਵੱਧ-ਫੁੱਲ ਰਿਹਾ ਹੈ ਅਤੇ ਸੂਬੇ ਵਿੱਚ ਪਾਣੀ ਦੇ ਕੁਦਰਤੀ ਸਰੋਤਾਂ, ਨਿੱਜੀ ਤਲਾਬਾਂ ਅਤੇ ਛੱਪੜਾਂ 'ਚੋਂ ਸਾਲਾਨਾ 2 ਲੱਖ ਮੀਟ੍ਰਿਕ ਟਨ ਮੱਛੀ ਪੈਦਾ ਕੀਤੀ ਜਾ ਰਹੀ ਹੈ।



ਮੱਛੀ ਪਾਲਣ ਖੇਤਰ ਦੀ ਪ੍ਰਗਤੀ 'ਤੇ ਚਾਨਣਾ ਪਾਉਂਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਪੰਜਾਬ ਵਿੱਚ ਇਸ ਸਮੇਂ 43,683 ਏਕੜ ਤੋਂ ਵੱਧ ਰਕਬਾ ਮੱਛੀ ਪਾਲਣ ਅਧੀਨ ਅਤੇ ਕਰੀਬ 985 ਏਕੜ ਰਕਬਾ ਝੀਂਗਾ ਪਾਲਣ ਅਧੀਨ ਹੈ, ਜੋ ਰਾਜ ਵਿੱਚ ਜਲ-ਜੀਵਾਂ ਦੇ ਪਾਲਣ-ਪੋਸ਼ਣ ਦੇ ਵਧ ਰਹੇ ਰੁਝਾਨ ਨੂੰ ਦਰਸਾਉਂਦਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਮੱਛੀ ਪਾਲਣ ਖੇਤਰ ਦੇ ਵਿਕਾਸ ਲਈ 16 ਸਰਕਾਰੀ ਮੱਛੀ ਪੂੰਗ ਫਾਰਮ, 11 ਮੱਛੀ ਫੀਡ ਮਿੱਲਾਂ ਅਤੇ 7 ਲੈਬਾਟਰੀਆਂ ਸਰਗਰਮੀ ਨਾਲ ਸੂਬੇ ਦੇ ਕਿਸਾਨਾਂ ਦੀ ਮਦਦ ਲਈ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ 637 ਮੱਛੀ ਪਾਲਕਾਂ ਨੂੰ ਮੱਛੀ ਪਾਲਣ ਦੇ ਵੱਖ-ਵੱਖ ਪ੍ਰੋਜੈਕਟਾਂ ਤਹਿਤ 30.64 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ ਜਿਸ ਵਿੱਚ ਮੱਛੀ ਅਤੇ ਝੀਂਗਾ ਪਾਲਣ ਲਈ ਤਲਾਅ ਦੀ ਉਸਾਰੀ, ਮੱਛੀ ਫੀਡ ਮਿੱਲਾਂ, ਰੀਸਰਕੁਲੇਟਰੀ ਐਕੁਆਕਲਚਰ ਸਿਸਟਮ (ਆਰਏਐਸ), ਬਾਇਓਫਲੌਕ-ਕਲਚਰ ਸਿਸਟਮ, ਆਈਸ ਬਾਕਸ ਦੀ ਸਹੂਲਤ ਵਾਲੇ ਇੰਸੂਲੇਟਿਡ ਵਾਹਨ, ਮੋਟਰਸਾਈਕਲ ਅਤੇ ਆਟੋ-ਰਿਕਸ਼ਾ ਸ਼ਾਮਲ ਹਨ, ਜਿਨ੍ਹਾਂ 'ਤੇ 40 ਤੋਂ 60 ਫੀਸਦ ਤੱਕ ਦੀ ਸਬਸਿਡੀ ਦਿੱਤੀ ਜਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਦੇ ਨਾਲ ਹੀ ਸਾਫ਼-ਸੁਥਰੇ ਵਾਤਾਵਰਣ ਵਿੱਚ ਮੱਛੀ ਅਤੇ ਮੱਛੀ ਉਤਪਾਦਾਂ ਦੀ ਵਿਕਰੀ ਲਈ 8 ਪ੍ਰਾਈਵੇਟ ਫਿਸ਼ ਕਿਓਸਕ ਵੀ ਸਥਾਪਤ ਕੀਤੇ ਗਏ ਹਨ।

ਸੂਬੇ ਦੇ ਮੱਛੀ ਪਾਲਕਾਂ ਨੂੰ ਕੌਮੀ ਮੱਛੀ ਪਾਲਕ ਦਿਹਾੜੇ ਮੌਕੇ ਨਿੱਘੀਆਂ ਸ਼ੁਭਕਾਮਨਾਵਾਂ ਦਿੰਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਮੱਛੀ ਪਾਲਣ ਖੇਤਰ ਚੰਗੀ ਤਰ੍ਹਾਂ ਵਧ-ਫੁੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਨ੍ਹਾਂ ਯਤਨਾਂ ਨੇ ਮੱਛੀ ਪਾਲਣ ਅਤੇ ਸਹਾਇਕ ਉਦਯੋਗਾਂ ਵਿੱਚ ਵਿਕਾਸ ਲਈ ਵਿਸ਼ਾਲ ਸੰਭਾਵਨਾਵਾਂ ਪੈਦਾ ਕਰਨ ਦੇ ਨਾਲ-ਨਾਲ ਮੱਛੀ ਅਤੇ ਝੀਂਗਾ ਪ੍ਰੋਸੈਸਿੰਗ ਲਈ ਵਿਕਾਸ ਦੇ ਨਵੇਂ ਰਾਹ ਖੋਲ੍ਹੇ ਹਨ। ਇਸ ਪ੍ਰਗਤੀ ਸਦਕਾ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਮਿਲੇਗਾ ਜਿਸ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ।

ਮੱਛੀ ਪਾਲਣ ਮੰਤਰੀ ਨੇ ਸੂਬੇ ਦੇ ਨੌਜਵਾਨਾਂ ਨੂੰ ਮੱਛੀ ਪਾਲਣ ਦੇ ਕਿੱਤੇ ਨੂੰ ਸਵੈ-ਰੁਜ਼ਗਾਰ ਦੇ ਇੱਕ ਫਾਇਦੇਮੰਦ ਮੌਕੇ ਵਜੋਂ ਦੇਖਣ ਦੀ ਅਪੀਲ ਕਰਦਿਆਂ ਇਸ ਉੱਦਮ ਨੂੰ ਅਪਣਾ ਕੇ ਰਾਜ ਦੇ ਆਰਥਿਕ ਵਿਕਾਸ ਵਿੱਚ ਭਾਈਵਾਲ ਬਣਨ ਲਈ ਕਿਹਾ।

# ਨਾਜਾਇਜ਼ ਸ਼ਰਾਬ ਸਣੇ ਤਿੰਨ ਕਾਬੂ

**ਸਮਾਣਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਨੇ ਦੋ ਵੱਖ-ਵੱਖ ਮਾਮਲਿਆਂ ਵਿੱਚ ਹਰਿਆਣਾ ਤੋਂ ਤਸਕਰੀ ਕਰਕੇ ਲਿਆਂਦੀ ਜਾ ਰਹੀ ਦੇਸੀ ਸ਼ਰਾਬ ਦੀਆਂ 50 ਬੋਤਲਾਂ ਸਮੇਤ ਤਿੰਨ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਖ਼ ?ਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਜਗਦੀਸ਼ ਸਿੰਘ ਅਤੇ ਗੁਰਚਰਨ ਸਿੰਘ ਦੋਵੇਂ ਵਾਸੀ ਪਿੰਡ ਮੁਰਾਦਪੁਰਾ ਅਤੇ ਸੁਖਮਨਪ੍ਰੀਤ ਸਿੰਘ ਵਾਸੀ ਪੁਰਾਣਾ ਨੂਰਪੁਰਾ ਸਮਾਣਾ ਵਜੋਂ ਹੋਈ ਹੈ।

ਸੀ.ਆਈ.ਏ. ਸਮਾਣਾ ਦੇ ਇੰਚਾਰਜ ਇੰਸਪੈਕਟਰ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਸਬ-ਇੰਸਪੈਕਟਰ ਅਵਤਾਰ ਸਿੰਘ ਨੇ ਪੁਲੀਸ ਪਾਰਟੀ ਸਮੇਤ ਤਹਿਸੀਲ ਚੌਕ ਵਿੱਚ ਗਸ਼ਤ ਦੌਰਾਨ ਪਿੰਡ ਮੁਰਾਦਪੁਰਾ ਵਾਸੀ ਦੋ ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ। ਤਲਾਸ਼ੀ ਲੈਣ 'ਤੇ ਉਨ੍ਹਾਂ ਕੋਲੋਂ ਹਰਿਆਣਾ ਮਾਰਕਾ ਦੇਸੀ ਸ਼ਰਾਬ ਦੀਆਂ 36 ਬੋਤਲਾਂ ਬਰਾਮਦ ਹੋਈਆਂ, ਜਿਸ ਤੋਂ ਬਾਅਦ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮੁਲਜ਼ਮਾਂ ਖ਼ ?ਲਾਫ਼ ਪਹਿਲਾਂ ਵੀ ਮਾਮਲੇ ਦਰਜ ਹਨ। ਇੱਕ ਹੋਰ ਮਾਮਲੇ ਵਿੱਚ ਸਿਟੀ ਪੁਲੀਸ ਦੇ ਹੈੱਡ ਕਾਂਸਟੇਬਲ ਸੋਮਨਾਥ ਨੇ ਪੁਲੀਸ ਪਾਰਟੀ ਸਮੇਤ ਬੱਸ ਸਟੈਂਡ ਰੋਡ ਸਮਾਣਾ 'ਤੇ ਗਸ਼ਤ ਦੌਰਾਨ ਸ਼ੱਕ ਦੇ ਆਧਾਰ 'ਤੇ ਇੱਕ ਵਿਅਕਤੀ ਨੂੰ ਰੋਕਿਆ।

ਤਲਾਸ਼ੀ ਲੈਣ 'ਤੇ ਉਸ ਕੋਲੋਂ ਹਰਿਆਣਾ ਮਾਰਕਾ ਠੇਕਾ ਦੇਸੀ ਸ਼ਰਾਬ ਦੀਆਂ 14 ਬੋਤਲਾਂ ਬਰਾਮਦ ਹੋਈਆਂ, ਜਿਸ ਤੋਂ ਬਾਅਦ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀਆਂ ਅਨੁਸਾਰ ਅਦਾਲਤ ਦੇ ਹੁਕਮਾਂ 'ਤੇ ਤਿੰਨਾਂ ਮੁਲਜ਼ਮਾਂ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਹੈ।

# ਐੱਨਐੱਸਐੱਸ ਵਾਲੰਟੀਅਰਾਂ ਨੇ ਬੂਟੇ ਲਗਾਏ




**ਪਾਤੜਾਂ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਨੀਵਰਸਲ ਕਾਲਜ ਦੇ ਐੱਨਐੱਸਐੱਸ ਯੂਨਿਟ ਵੱਲੋਂ 'ਇੱਕ ਰੁੱਖ ਮਾਂ' ਦੇ ਨਾਮ ਮੁਹਿੰਮ ਤਹਿਤ ਕਰਤਾਰਪੁਰ ਵਿੱਚ ਪੌਦੇ ਲਗਾਏ ਗਏ। ਇਸ ਮੁਹਿੰਮ ਦੀ ਸ਼ੁਰੂਆਤ ਪਾਵਰਕੌਮ ਪਾਤੜਾਂ ਦੇ ਐਕਸੀਅਨ ਇੰਦਰਜੀਤ ਸਿੰਘ ਤੇ ਐੱਸਡੀਓ ਭਗਵਾਨ ਸ਼ਰਮਾ ਨੇ ਬੂਟੇ ਲਗਾ ਕੇ ਕੀਤੀ। ਕਾਲਜ ਦੇ ਚੇਅਰਮੈਨ ਬਲਜੀਤ ਸਿੰਘ, ਕਾਲਜ ਦੇ ਵਾਈਸ ਚੇਅਰਮੈਨ ਰਵੀਇੰਦਰ ਸਿੰਘ ਧਾਲੀਵਾਲ ਅਤੇ ਸੈਕਟਰੀ ਪਰਮਿੰਦਰ ਸਿੰਘ ਘੱਗਾ ਨੇ ਮੌਕੇ 'ਤੇ ਪਹੁੰਚੇ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਦੇ ਨਾਲ ਹੀ ਬੱਚਿਆਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਕਾਲਜ ਦੇ ਡਾਇਰੈਕਟਰ ਡਾ. ਅਮਰੀਸ਼ ਧਵਨ ਅਤੇ ਕਾਲਜ ਦੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਨੇ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।


# ਨਸ਼ਾ ਮੁਕਤੀ ਮੋਰਚਾ ਦੀ ਮੀਟਿੰਗ

**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਪਟਿਆਲਾ ਦੇ ਨਸ਼ਾ ਮੁਕਤੀ ਮੋਰਚੇ ਦੇ ਪ੍ਰਧਾਨ ਦਵਿੰਦਰਪਾਲ ਸਿੰਘ ਮਿੱਕੀ ਵੱਲੋਂ ਸਰਕਟ ਹਾਊਸ ਪਟਿਆਲਾ ਵਿੱਚ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੇ ਦਿਸ਼ਾ ਨਿਰਦੇਸ਼ ਹੇਠ ਆਪਣੇ ਹਲਕੇ ਦੀ ਮੀਟਿੰਗ ਕੀਤੀ। ਜਿੱਥੇ ਉਨ੍ਹਾਂ ਨਸ਼ਾ ਮੁਕਤੀ ਮੋਰਚੇ ਦੇ ਨਵਨਿਯੁਕਤ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪਟਿਆਲਾ ਸ਼ਹਿਰ ਦੇ ਐਮਐਲਏ ਅਜੀਤਪਾਲ ਸਿੰਘ ਕੋਹਲੀ ਦੀ ਅਗਵਾਈ ਵਿੱਚ ਸ਼ਹਿਰ ਵਿੱਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਨਸ਼ਾ ਮੁਕਤੀ ਮੋਰਚੇ ਦੀ ਟੀਮ ਵੱਲੋਂ ਬਹੁਤ ਗੰਭੀਰਤਾ ਨਾਲ ਕੰਮ ਕੀਤਾ ਜਾ ਰਿਹਾ ਹੈ ਅਤੇ ਨਸ਼ਾ ਮੁਕਤੀ ਮੋਰਚਾ ਦਾ ਅਗਲਾ ਪੜਾਅ ਵੀ ਜਲਦ ਸ਼ੁਰੂ ਹੋਣ ਜਾ ਰਿਹਾ ਹੈ ਜਿਸ ਵਿਚ ਸਾਡੇ ਸ਼ਹਿਰ ਦੀ ਟੀਮ ਦਾ ਹੋਰ ਵਿਸਥਾਰ ਕੀਤਾ ਜਾਏਗਾ। ਉਨ੍ਹਾਂ ਨੇ ਸਾਰੇ ਸਾਥੀਆਂ ਦੀ ਸ਼ਲਾਘਾ ਲੋਕਾਂ ਨੂੰ ਨਸ਼ਾ ਛੱਡਣ ਲਈ ਅਤੇ ਤਸਕਰਾਂ ਦੀ ਜਾਣਕਾਰੀ ਲਈ ਘਰ ਘਰ ਜਾ ਕੇ ਹੋਕਾ ਦਿੱਤਾ ਜਾ ਰਿਹਾ ਹੈ।

# ਬਰਸਾਤੀ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਝੋਨੇ ਦੀ ਫ਼ਸਲ ਡੁੱਬੀ

### ਕਿਸਾਨਾਂ ਵੱਲੋਂ ਨਵਾਂ ਪਿੰਡ ਕਲਵਾਣੂ ਵਿੱਚ ਡਰੇਨ 'ਤੇ ਕਬਜ਼ੇ ਦੇ ਦੋਸ਼; ਡਰੇਨ ਖੋਲ੍ਹਣ ਦੀ ਮੰਗ



**ਪਾਤੜਾਂ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤਰ ਵਿੱਚ ਕੱਲ੍ਹ ਤੋਂ ਪੈ ਰਹੇ ਮੀਂਹ ਕਾਰਨ ਬਾਦਸ਼ਾਹਪੁਰ ਦੇ ਆਲੇ-ਦੁਆਲੇ ਦੇ ਇਲਾਕੇ ਵਿੱਚ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਨਵਾਂ ਪਿੰਡ ਕਲਵਾਣੂ ਅਤੇ ਹੋਰ ਪਿੰਡਾਂ ਵਿੱਚ ਝੋਨੇ ਦੀ ਫ਼ਸਲ ਡੁੱਬ ਗਈ ਤੇ ਕਿਸਾਨਾਂ ਦੀਆਂ ਫ਼ਸਲਾਂ ਦਾ ਭਾਰੀ ਨੁਕਸਾਨ ਹੋ ਗਿਆ। ਪ੍ਰਭਾਵਿਤ ਕਿਸਾਨਾਂ ਨੇ ਦੱਸਿਆ ਕਿ ਨਵਾਂ ਪਿੰਡ ਕਲਵਾਣੂ ਕੋਲੋਂ ਬਰਸਾਤ ਦੇ ਪਾਣੀ ਦੀ ਲੰਘਦੀ ਸਰਕਾਰੀ ਖਾਂਟ (ਡਰੇਨ) 'ਤੇ ਕੁਝ ਲੋਕਾਂ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ ਜਿਸ ਕਾਰਨ ਬਰਸਾਤ ਦੇ ਪਾਣੀ ਦੀ ਨਿਕਾਸੀ ਨਹੀਂ ਹੁੰਦੀ ਤੇ ਫ਼ਸਲਾਂ ਡੁੱਬ ਜਾਂਦੀਆਂ ਹਨ। ਜਦਕਿ ਪਿੰਡ ਧੂੜੀਆਂ ਵੱਲੋਂ ਡਰੇਨ ਤੋਂ ਨਾਜਾਇਜ਼ ਕਬਜ਼ੇ ਹਟਾ ਕੇ ਖੁਦਾਈ ਕੀਤੀ ਜਾ ਚੁੱਕੀ ਹੈ ਪਰ ਨਵਾਂ ਪਿੰਡ ਕਲਵਾਣੂ ਦੇ ਇਲਾਕੇ ਵਿੱਚ ਸਰਕਾਰੀ ਖਾਂਟ (ਡਰੇਨ) ਉਤੇ ਲੋਕਾਂ ਦੇ ਨਾਜਾਇਜ਼ ਕਬਜ਼ੇ ਬਰਕਰਾਰ ਹਨ। ਜਿਸ ਕਾਰਨ ਬਰਸਾਤੀ ਪਾਣੀ ਦੀ ਨਿਕਾਸੀ ਨਹੀਂ ਹੁੰਦੀ ਤੇ ਫ਼ਸਲਾਂ ਡੁੱਬ ਜਾਂਦੀਆਂ ਹਨ। ਕਿਸਾਨਾਂ ਨੇ ਦੱਸਿਆ ਕਿ ਜਿਥੇ ਝੋਨੇ ਦੀ ਫ਼ਸਲ ਦਾ ਨੁਕਸਾਨ ਹੋਇਆ ਹੈ ਉਥੇ ਮੱਕੀ ਦੀ ਫ਼ਸਲ ਵਿੱਚ ਪਾਣੀ ਖੜ੍ਹ ਗਿਆ ਹੈ। ਨਵਾਂ ਪਿੰਡ ਕਲਵਾਣੂ ਦੇ ਕਿਸਾਨਾਂ ਦਰਸ਼ਨ ਸਿੰਘ, ਪੱਪੀ ਬਾਜਵਾ, ਦਰਸ਼ਨ ਸਿੰਘ ਤੂਰ, ਬਲਵਿੰਦਰ ਸਿੰਘ, ਕਾਲਾ ਸਿੰਘ, ਦਲਬੀਰ ਸਿੰਘ, ਚਰਨ ਸਿੰਘ ਅਤੇ ਡੇਰਾ ਕਾਹਲੋਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਵਾਂ ਪਿੰਡ ਕਲਵਾਣੂ ਕੋਲੋਂ ਡਰੇਨ ਨੂੰ ਚਾਲੂ ਕੀਤਾ ਜਾਵੇ ਅਤੇ ਸੜਕ ਹੇਠ ਪੁਲੀਆਂ ਪਾਈਆਂ ਜਾਣ ਤਾਂ ਜੋ ਪਾਣੀ ਦਾ ਕੁਦਰਤੀ ਵਹਾਅ ਚੱਲ ਸਕੇ ਤੇ ਹਰ ਸਾਲ ਮੀਂਹ ਦੇ ਪਾਣੀ ਨਾਲ ਡੁੱਬਦੀਆਂ ਫਸਲਾਂ ਬਚ ਸਕਣ।

**ਡਰੇਨ ਖਾਲੀ ਕਰਵਾਉਣ ਲਈ ਕਾਰਵਾਈ ਜਾਰੀ: ਐੱਸਡੀਐੱਮ**

ਐੱਸਡੀਐੱਮ ਅਸ਼ੋਕ ਕੁਮਾਰ ਨੇ ਕਿਹਾ ਕਿ ਕਿਸਾਨਾਂ ਦੇ ਹੋ ਰਹੇ ਫ਼ਸਲੀ ਨੁਕਸਾਨ ਨੂੰ ਵੇਖਦਿਆਂ ਨਵਾਂ ਪਿੰਡ ਕਲਵਾਣੂ ਤੋਂ ਡਰੇਨ ਖਾਲੀ ਕਰਵਾਉਣ ਦੀ ਕਾਰਵਾਈ ਚੱਲ ਰਹੀ ਹੈ ਤੇ ਜਲਦ ਡਰੇਨ ਨੂੰ ਮੁੜ ਚਾਲੂ ਕਰ ਦਿੱਤਾ ਜਾਵੇਗਾ।

# ਭੇਤ-ਭਰੀ ਹਾਲਤ 'ਚ ਲਾਪਤਾ ਲੜਕੀ ਦੀ ਲਾਸ਼ ਨਹਿਰ 'ਚੋਂ ਮਿਲੀ

**ਸਮਾਣਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ 10 ਦਿਨ ਪਹਿਲਾਂ ਭੇਤ-ਭਰੀ ਹਾਲਤ 'ਚ ਲਾਪਤਾ ਹੋਈ ਨਾਬਾਲਗ ਲੜਕੀ ਦੀ ਲਾਸ਼ ਭਾਖੜਾ ਨਹਿਰ ਦੇ ਗੋਲੇਵਾਲਾ ਹੈੱਡ (ਬਠਿੰਡਾ) ਤੋਂ ਬਰਾਮਦ ਹੋਈ ਹੈ। ਮਵੀ ਕਲਾਂ ਪੁਲੀਸ ਚੌਕੀ ਦੇ ਇੰਚਾਰਜ ਏਐੱਸਆਈ ਅੰਗਰੇਜ਼ ਸਿੰਘ ਸੰਧੂ ਨੇ ਦੱਸਿਆ ਕਿ ਮ੍ਰਿਤਕਾ ਗਗਨਦੀਪ ਕੌਰ (16) ਦੇ ਪਿਤਾ ਬਿੱਟੂ ਸਿੰਘ ਵਾਸੀ ਪਿੰਡ ਅਸੋਜ ਜ਼ਿਲ੍ਹਾ ਸੰਗਰੂਰ ਹਾਲ ਆਬਾਦ ਪਿੰਡ ਕਕਰਾਲਾ ਭਾਈਕਾ ਨੇ ਪੁਲੀਸ ਨੂੰ ਦੱਸਿਆ ਕਿ ਉਸ ਦੀ ਧੀ ਗਗਨਦੀਪ ਕੌਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦੀ ਸੀ। ਪਹਿਲੀ ਜੁਲਾਈ ਨੂੰ ਆਪਣੀ ਵੱਡੀ ਭੈਣ ਨਾਲ ਬਹਿਸਣ ਤੋਂ ਬਾਅਦ ਉਹ ਬਿਨਾਂ ਦੱਸੇ ਘਰੋਂ ਚਲੀ ਗਈ। ਭਾਲ ਦੌਰਾਨ ਪਿੰਡ ਨਾਗਰੀ ਨੇੜੇ ਰਾਹਗੀਰਾਂ ਨੇ ਉਸ ਦੀ ਕੱਪੜਿਆਂ ਤੋਂ ਪਛਾਣ ਕਰਕੇ ਦੱਸਿਆ ਕਿ ਉਸ ਨੇ ਪਿੰਡ ਨਾਗਰੀ ਤੋਂ ਲੰਘਦੀ ਭਾਖੜਾ ਨਹਿਰ ਦੇ ਪੁਲ ਨੇੜੇ ਨਹਿਰ ਵਿੱਚ ਛਾਲ ਮਾਰੀ ਸੀ। \

ਲਗਾਤਾਰ ਭਾਲ ਕਰਨ ਤੋਂ ਬਾਅਦ 9 ਜੁਲਾਈ ਨੂੰ ਬਠਿੰਡਾ ਜ਼ਿਲ੍ਹੇ ਦੇ ਗੋਲੇਵਾਲਾ ਹੈੱਡ ਦੇ ਪੁਲ ਹੇਠਾਂ ਬਿਨਾਂ ਕੱਪੜਿਆਂ ਦੇ ਫਸੀ ਲੜਕੀ ਦੀ ਲਾਸ਼ ਮਿਲੀ। ਉਸ ਦੀ ਪਛਾਣ ਹੱਥ 'ਤੇ ਬਣੇ ਉਸਦੀ ਮਾਂ ਦੇ ਨਾਮ ਦੇ ਟੈਟੂ ਤੋਂ ਹੋਈ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਅਧਿਕਾਰੀ ਅਨੁਸਾਰ ਮ੍ਰਿਤਕਾ ਦੇ ਪਿਤਾ ਵੱਲੋਂ ਦਰਜ ਕਰਵਾਏ ਬਿਆਨ ਦੇ ਆਧਾਰ 'ਤੇ ਪੁਲੀਸ ਨੇ ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਪੋਸਟਮਾਰਟਮ ਉਪਰੰਤ ਅੰਤਿਮ ਸੰਸਕਾਰ ਲਈ ਲਾਸ਼ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਹੈ।

# 1500 ਲੇਡੀ ਪੰਚਾਂ-ਸਰਪੰਚਾਂ ਨੂੰ ਨਾਂਦੇੜ ਸਾਹਿਬ ਦੇ ਦਰਸ਼ਨਾਂ ਲਈ ਲਿਜਾਵੇਗੀ ਪੰਜਾਬ ਸਰਕਾਰ




**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਔਰਤਾਂ ਦੇ ਵੱਧ ਅਧਿਕਾਰਾਂ ਪ੍ਰਤੀ ਮਹੱਤਵਪੂਰਨ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਪਿੰਡਾਂ ਦੇ ਵਿਕਾਸ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਵਾਲੀਆਂ 1500 ਮਹਿਲਾ ਸਰਪੰਚਾਂ ਤੇ ਪੰਚਾਂ ਨੂੰ ਪਵਿੱਤਰ ਅਸਥਾਨ ਨਾਂਦੇੜ ਸਾਹਿਬ ਦੇ ਦਰਸ਼ਨ ਕਰਨ ਲਈ ਭੇਜਣ ਦਾ ਫੈਸਲਾ ਕੀਤਾ ਹੈ।


ਇਸ ਬਾਰੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਹ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮਹਿਲਾ ਸਰਪੰਚਾਂ-ਪੰਚਾਂ ਦਾ ਆਉਣ-ਜਾਣ ਅਤੇ ਰਹਿਣ-ਸਹਿਣ ਦਾ ਸਾਰਾ ਖਰਚਾ ਪੰਜਾਬ ਸਰਕਾਰ ਸਹਿਣ ਕਰੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਮਹਿਲਾ ਪੰਚਾਇਤੀ ਨੁਮਾਇੰਦਿਆਂ ਦੇ ਇਸ ਪਵਿੱਤਰ ਅਸਥਾਨ 'ਤੇ ਜਾਣ ਲਈ ਵਿਸ਼ੇਸ਼ ਰੇਲ ਗੱਡੀਆਂ ਦਾ ਬੰਦੋਬਸਤ ਕੀਤਾ ਜਾਵੇਗਾ ਅਤੇ ਮਹਾਰਾਸ਼ਟਰ ਵਿੱਚ ਇਨ੍ਹਾਂ ਨੂੰ ਸਿਖਲਾਈ ਵੀ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਪੰਜਾਬੀ ਦੇ ਦਿਲ ਵਿੱਚ ਨਾਂਦੇੜ ਸਾਹਿਬ ਪ੍ਰਤੀ ਬਹੁਤ ਸ਼ਰਧਾ ਤੇ ਮਹੱਤਵ ਹੈ ਅਤੇ ਬਹੁਤ ਸਾਰੇ ਲੋਕਾਂ ਦੇ ਮਨ ਵਿੱਚ ਜ਼ਿੰਦਗੀ 'ਚ ਘੱਟੋ-ਘੱਟ ਇਕ ਵਾਰ ਦਰਸ਼ਨ ਕਰਨ ਦੀ ਤਾਂਘ ਹੁੰਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਹ ਪੰਚ-ਸਰਪੰਚ ਮਹਿਲਾ ਸਸ਼ਕਤੀਕਰਨ ਦੀ ਭਾਵਨਾ ਦੀ ਮਿਸਾਲ ਹਨ ਅਤੇ ਸਰਕਾਰ ਇਨ੍ਹਾਂ ਨੂੰ ਇਸ ਤੀਰਥ ਯਾਤਰਾ ਦੇ ਦਰਸ਼ਨਾਂ ਲਈ ਲਿਜਾ ਕੇ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਨਾ ਚਾਹੁੰਦੀ ਹੈ। ਭਗਵੰਤ ਸਿੰਘ ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਮਹਿਲਾ ਸਰਪੰਚ ਤੇ ਪੰਚ ਪੰਜਾਬ ਤੇ ਪੰਜਾਬੀਆਂ ਲਈ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰ ਇਸ ਪਹਿਲਕਦਮੀ ਨੂੰ ਪੁਖਤਾ ਢੰਗ ਨਾਲ ਅਮਲ ਵਿੱਚ ਲਿਆਉਣ ਲਈ ਲੋੜੀਂਦੀ ਰੂਪ-ਰੇਖਾ ਨੂੰ ਅੰਤਿਮ ਰੂਪ ਦੇ ਰਹੀ ਹੈ।

## ਪੰਜਾਬ ਦੇ ਪੰਛੀ

*ਬੱਚਿਓ! ਇਸ ਦੁਨੀਆ 'ਤੇ ਅਨੇਕਾਂ ਜੀਵ-ਜੰਤੂਆਂ ਦਾ ਨਿਵਾਸ ਹੈ, ਜਿਨ੍ਹਾਂ 'ਚੋਂ ਕੁਝ ਲੋਪ ਹੋ ਚੁੱਕੇ ਹਨ। ਆਓ, ਅਸੀਂ ਤੁਹਾਨੂੰ ਪੰਛੀਆਂ ਬਾਰੇ ਦੱਸੀਏ...*



# ਕਾਲੀ ਤਾਹਰੀ

**black bellied tern/ sterna acuticauda**

**ਲੰਬਾਈ** 33 ਸੈਂਟੀਮੀਟਰ

ਇਸ ਪੰਛੀ ਦਾ ਸਿਰ ਕਾਲਾ ਹੁੰਦਾ ਹੈ। ਉਪਰੋਂ ਸਾਰਾ ਬੱਦਲਈ ਰੰਗ ਦਾ ਹੁੰਦਾ ਹੈ, ਜਿਸ ਵਿਚ ਭੂਰੀ ਭਾਅ ਹੁੰਦੀ ਹੈ। ਇਹ ਬੱਦਲਈ ਰੰਗ ਪੂੰਛੇ ਵੱਲ ਨੂੰ ਹੋਰ ਫਿੱਕਾ ਹੁੰਦਾ ਜਾਂਦਾ ਹੈ। ਪੂੰਛਾ ਡੂੰਘੀ ਦੁਸਾਂਗੜ ਵਾਲਾ ਹੁੰਦਾ ਹੈ। ਠੋਡੀ ਅਤੇ ਗਲਾ ਚਿੱਟਾ ਅਤੇ ਧੌਣ ਤੋਂ ਭੂਰਾ ਰੰਗ ਸ਼ੁਰੂ ਹੋ ਕੇ ਢਿੱਡ ਤਕ ਕਾਲਾ ਸ਼ਾਹ ਹੋ ਜਾਂਦਾ ਹੈ। ਸੰਤਾਨ ਉਤਪਤੀ ਦੇ ਦਿਨਾਂ ਤੋਂ ਬਾਅਦ ਇਸ ਦੀ ਕਾਲੀ ਟੋਪੀ ਅਤੇ ਹੇਠਲਾ ਕਾਲਾ ਰੰਗ ਮਿੱਟ ਜਾਂਦਾ ਹੈ। ਸਿਰ ਤੇ ਮਾੜੀਆਂ ਜਿਹੀਆਂ ਫਿੱਕੀਆਂ ਧਾਰੀਆਂ ਰਹਿ ਜਾਂਦੀਆਂ ਹਨ। ਅੱਖਾਂ ਭੂਰੇ ਰੰਗ ਦੀਆਂ ਹੁੰਦੀਆਂ ਹਨ। ਚੁੰਝ ਸੰਤਰੀ ਪੀਲੀ ਅਤੇ ਪੌਂਹਚੇ ਸੰਤਰੀ ਲਾਲ ਰੰਗ ਦੇ ਹੁੰਦੇ ਹਨ। ਜੋੜਾ ਇਕੋ ਜਿਹਾ ਹੁੰਦਾ ਹੈ। ਇਸ ਦੀਆਂ ਆਦਤਾਂ ਦਰਿਆਈ ਤਾਹਰੀ ਦੀ ਤਰ੍ਹਾਂ ਹੁੰਦੀਆਂ ਹਨ। ਇਹ ਇਕੱਠੀਆਂ ਜਾਂ ਦੋ ਚਾਰ ਦੀਆਂ ਟੋਲੀਆਂ 'ਚ ਦਰਿਆਵਾਂ ਜਾਂ ਝੀਲਾਂ 'ਤੇ ਮੱਛੀਆਂ ਦੇ ਸ਼ਿਕਾਰ ਲਈ ਉੱਡਦੀਆਂ ਆਮ ਦੇਖੀਆਂ ਜਾ ਸਕਦੀਆਂ ਹਨ।

• **ਰਾਜਪਾਲ ਸਿੰਘ ਸਿੱਧੂ**

## ਬਾਲ-ਸਿਰਜਣਾ


'ਨਿੱਕੀ ਦੁਨੀਆ' ਟੀਮ ਵੱਲੋਂ ਬੱਚਿਆਂ 'ਚ ਸਿਰਜਣਾਤਮਕ ਰੁਚੀ ਪੈਦਾ ਕਰਨ ਲਈ ਇਕ ਨਵਾਂ ਕਾਲਮ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਵਿਚ ਬੱਚੇ ਆਪਣੀਆਂ ਮੌਲਿਕ ਰਚਨਾਵਾਂ, ਲੇਖ, ਚੁਟਕਲੇ, ਕਹਾਣੀਆਂ ਅਤੇ ਕਵਿਤਾਵਾਂ ਭੇਜ ਸਕਦੇ ਹੋ। ਉਮੀਦ ਹੈ ਕਿ ਤੁਸੀਂ ਸਾਰੇ ਬੱਚੇ ਇਸ ਕਾਲਮ 'ਚ ਆਪਣੇ ਭਰਪੂਰ ਯੋਗਦਾਨ ਦਿਓਗੇ। ਤੁਸੀਂ ਆਪਣੀਆਂ ਲਿਖਤਾਂ ਸਾਨੂੰ ਆਪਣੀ ਪੂਰੇ ਪਤੇ ਅਤੇ ਫੋਟੋ ਸਮੇਤ ਹੇਠ ਲਿਖੇ ਪਤੇ 'ਤੇ ਭੇਜ ਸਕਦੇ ਹੋ।

**ਸਾਡਾ ਪਤਾ ਹੈ-**
ਸੀ-120 ਫ਼ੋਕਲ ਪੁਆਇੰਟ ਐਕਸਟੈਂਸ਼ਨ, ਜਲੰਧਰ

**ਤੇ ਤੁਸੀਂ ਸਾਨੂੰ ਈਮੇਲ ਵੀ ਕਰ ਸਕਦੇ ਹੋ।**
ਸਾਡਾ ਈਮੇਲ ਹੈ :
editormail@punjabi.jagran.com

*ਐਡੀਸਨ ਨੂੰ ਸਕੂਲ ਵੱਲੋਂ ਇਹ ਕਹਿ ਕੇ ਕੱਢ ਦਿੱਤਾ ਸੀ ਕਿ ਇਹ ਨਾ ਤਾਂ ਸਮੇਂ ਸਿਰ ਸਕੂਲ ਫ਼ੀਸ ਦੇ ਸਕਿਆ ਤੇ ਪੜ੍ਹਾਈ 'ਚ ਵੀ ਕਮਜ਼ੋਰ ਤੇ ਬੁੱਧੀਹੀਣ ਹੈ। ਬਾਅਦ 'ਚ ਇਸ ਨੇ ਛੋਟੀ ਉਮਰ 'ਚ ਬਿਜਲੀ ਦੇ ਬਲਬ ਦੀ ਖੋਜ ਕੀਤੀ ਸੀ...*

# ਮਹਾਨ ਵਿਗਿਆਨੀ ਤੇ ਵਿਚਾਰਕ ਥਾਮਸ.ਏ. ਐਡੀਸਨ



ਪਿਆਰੇ ਬੱਚਿਓ! ਕੀ ਤੁਸੀਂ ਜਾਣਦੇ ਹੋ ਕਿ ਜਿਸ ਨੂੰ ਇਕ ਵਿਦਿਆਲਾ ਗਿਆਨ ਦੀ ਰੋਸ਼ਨੀ ਨਹੀਂ ਦੇ ਸਕਿਆ, ਉਸ ਨੇ ਪੂਰੇ ਵਿਸ਼ਵ ਨੂੰ ਰੋਸ਼ਨ ਕਰ ਦਿੱਤਾ। ਜੀ ਹਾਂ, ਇੱਥੇ ਗੱਲ ਹੋ ਰਹੀ ਹੈ ਮਹਾਨ ਖੋਜੀ ਥਾਮਸ ਅਲਵਾ ਐਡੀਸਨ ਦੀ। ਜਿਸ ਨੇ ਬਿਜਲੀ ਦੇ ਬਲਬ ਦੀ ਖੋਜ ਕੀਤੀ ਸੀ। ਇਸ ਮਹਾਨ ਸ਼ਖ਼ਸੀਅਤ ਦਾ ਜਨਮ 11 ਫਰਵਰੀ 1847 ਈ. 'ਚ ਓਹੀਓ ਰਾਜ ਦੇ ਮਿਲੈਨ ਨਗਰ, ਸੰਯੁਕਤ ਰਾਜ ਅਮਰੀਕਾ 'ਚ ਹੋਇਆ। ਇਸ ਨੂੰ ਸਕੂਲ ਵੱਲੋਂ ਇਹ ਕਹਿ ਕੇ ਕੱਢ ਦਿੱਤਾ ਸੀ ਕਿ ਇਹ ਨਾ ਤਾਂ ਸਮੇਂ ਸਿਰ ਸਕੂਲ ਫ਼ੀਸ ਦੇ ਸਕਿਆ ਤੇ ਪੜ੍ਹਾਈ 'ਚ ਵੀ ਕਮਜ਼ੋਰ ਹੈ, ਬੁੱਧੀਹੀਣ ਹੈ। ਜਿਸ ਨੇ ਬਾਅਦ 'ਚ 6 ਸਾਲ ਤੱਕ ਮੁੱਢਲੀ ਸਿੱਖਿਆ ਘਰ 'ਚ ਹੀ ਰਹਿ ਕੇ ਆਪਣੇ ਮਾਤਾ ਜੀ ਕੋਲੋਂ ਪ੍ਰਾਪਤ ਕੀਤੀ ਅਤੇ ਆਪਣੀ ਸੂਝ-ਬੂਝ ਅਤੇ ਹੁਸ਼ਿਆਰੀ ਸਦਕਾ ਆਪਣੇ ਦਸਵੇਂ ਜਨਮ ਦਿਨ ਤਕ 'ਡਿਕਸ਼ਨਰੀ ਆਫ਼ ਸਾਇੰਸਜ਼' ਦੇ ਨਾਲ-ਨਾਲ ਹੋਰ ਗ੍ਰੰਥਾਂ (ਸੀਅਰ, ਬਰਦਨ ਅਤੇ ਗਿਬਨ) ਆਦਿ ਦਾ ਅਧਿਐਨ ਵੀ ਕਰ ਲਿਆ ਸੀ।

12 ਸਾਲ ਦੀ ਉਮਰ 'ਚ ਫਲ਼ਾਂ ਅਤੇ ਸਮਾਚਾਰ ਪੱਤਰਾਂ ਨੂੰ ਵੇਚਣ ਦਾ ਕੰਮ ਵੀ ਕੀਤਾ ਅਤੇ ਪ੍ਰਤੀ ਦਿਨ ਇਕ ਡਾਲਰ ਕਮਾ ਕੇ ਆਪਣੇ ਪਰਿਵਾਰ ਦੀ ਆਰਥਿਕ ਸਹਾਇਤਾ ਵੀ ਕੀਤੀ। ਰੇਲ 'ਚ ਪੱਤਰ ਛਾਪਣ ਦੇ ਨਾਲ-ਨਾਲ ਵਿਗਿਆਨਕ ਪ੍ਰਯੋਗ ਕਰਦੇ ਰਹੇ। ਆਖ਼ਰਕਾਰ 1093 ਖੋਜਾਂ ਨੂੰ ਆਪਣੇ ਨਾਂ ਪੇਟੈਂਟ ਕਰਵਾਇਆ। ਇਸ ਮਹਾਨ ਵਿਗਿਆਨੀ ਦੀ ਦੇਣ ਸਦਕਾ, ਕਾਰੋਬਾਰ, ਫੈਕਟਰੀਆਂ ਅਤੇ ਘਰ-ਘਰ ਬਿਜਲਈ ਸ਼ਕਤੀਕਰਨ ਉਪਰੰਤ ਬਿਜਲੀ ਪਹੁੰਚੀ ਅਤੇ ਉਦਯੋਗਿਕ ਵਰਗ ਵਿਚ ਇਕ ਨਵੀਂ ਕ੍ਰਾਂਤੀ ਆਈ। ਇਸ ਦਾ ਪਹਿਲਾ ਬਿਜਲੀ ਘਰ ਮਾਨਹਟਨ, ਨਿਊਯਾਰਕ ਵਿਚ ਸਥਿਤ ਹੈ। ਇਹ ਇਕ ਵਿਚਾਰਵਾਨ ਦੀ ਤਰ੍ਹਾਂ ਵੀ ਉੱਭਰ ਕੇ ਆਏ...

'ਕਿ ਮੈਂ ਸਫ਼ਲ ਨਹੀਂ ਹੋਇਆ ਹਾਂ ਬਲਕਿ ਮੈਂ 9999 ਅਜਿਹੇ ਤਰੀਕੇ ਖੋਜੇ ਹਨ, ਜੋ ਕੰਮ ਨਹੀਂ ਕਰਦੇ।'

ਸਾਡੀ ਸਭ ਤੋਂ ਵੱਡੀ ਕਮਜ਼ੋਰੀ ਹੈ, ਹੌਂਸਲਾ ਛੱਡ ਦੇਣਾ।'

ਯਕੀਨਨ ਕਾਮਯਾਬੀ ਹਾਸਲ ਕਰਨ ਲਈ ਸਾਨੂੰ ਹਮੇਸ਼ਾ ਇਕ ਕੋਸ਼ਿਸ਼ ਕਰਨੀ ਚਾਹੀਦੀ ਹੈ।'

ਬੱਚਿਓ! ਜੇ ਉਪਰੋਕਤ ਵਿਚਾਰਾਂ ਨੂੰ ਅਸੀਂ ਆਪਣੀ ਜ਼ਿੰਦਗੀ ਵਿਚ ਅਪਨਾ ਲਈਏ ਤਾਂ ਕਾਮਯਾਬੀ ਯਕੀਨਨ ਸਾਨੂੰ ਜ਼ਰੂਰ ਮਿਲੇਗੀ, ਅਸਫ਼ਲਤਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਲਈ ਸਾਨੂੰ ਹਮੇਸ਼ਾ ਹੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਔਖੇ ਰਾਹਾਂ 'ਤੇ ਚਲ ਕੇ ਹੀ ਮੰਜ਼ਿਲ ਮਿਲਦੀ ਹੈ।

• **ਕੰਵਲਪ੍ਰੀਤ ਕੌਰ ਥਿੰਦ**

# ਕਰੋ ਮੌਨਸੂਨ ਦਾ ਸਵਾਗਤ




ਮੌਨਸੂਨ ਦੇ ਆਉਣ ਨੂੰ ਰਾਹਤ ਦਾ ਮੌਸਮ ਕਿਹਾ ਜਾਂਦਾ ਹੈ। ਇਸ ਦੌਰਾਨ ਗਰਮੀ ਤਾਂ ਕੁਝ ਘੱਟ ਹੁੰਦੀ ਹੀ ਹੈ ਤੇ ਨਾਲ ਹੀ ਰੇਨੀ-ਡੇਅ 'ਚ ਸਕੂਲਾਂ ਤੋਂ ਵੀ ਛੁੱਟੀਆਂ ਹੋ ਜਾਂਦੀਆਂ ਹਨ। ਕੀ ਤੁਹਾਨੂੰ ਪਤਾ ਹੈ ਕਿ ਬਾਰਿਸ਼ ਨੂੰ ਕਿਵੇਂ ਮਾਪਿਆ ਜਾਂਦਾ ਹੈ। ਦਰਅਸਲ, ਬਾਰਿਸ਼ ਨੂੰ ਮਾਪਣ ਲਈ ਇਕ ਖ਼ਾਸ ਯੰਤਰ ਦਾ ਇਸਤੇਮਾਲ ਹੁੰਦਾ ਹੈ, ਜਿਸ ਨੂੰ ਰੇਨ ਗੇਜ ਕਿਹਾ ਜਾਂਦਾ ਹੈ। ਜ਼ਿਆਦਾਤਰ ਰੇਨ ਗੇਜ 'ਚ ਬਾਰਿਸ਼ ਮਿਲੀਮੀਟਰ 'ਚ ਹੀ ਨਾਪੀ ਜਾਂਦੀ ਹੈ। ਸਾਲ 1662 'ਚ ਕ੍ਰਿਸਟੋਫਰ ਵਰੇਨ ਨੇ ਬ੍ਰਿਟੇਨ 'ਚ ਪਹਿਲਾ ਰੇਨ ਗੇਜ ਬਣਾਇਆ ਸੀ। ਰੇਨ ਗੇਜ ਯੰਤਰ 'ਚ ਇਕ ਕੱਚ ਦੀ ਨਲੀ ਹੁੰਦੀ ਹੈ, ਜਿਸ 'ਚ ਬਾਰਿਸ਼ ਦਾ ਪਾਣੀ ਇਕੱਠਾ ਹੁੰਦਾ ਹੈ। ਇਸ ਨਲੀ 'ਚ ਪਾਣੀ ਦੀ ਉਚਾਈ ਨੂੰ ਨਾਪ ਕੇ ਬਾਰਿਸ਼ ਦੀ ਮਾਤਰਾ ਦਾ ਪਤਾ ਲਗਾਇਆ ਜਾਂਦਾ ਹੈ।

### ਗ਼ਲਤ ਵੀ ਹੋ ਸਕਦੀ ਰੀਡਿੰਗ

ਰੇਨ ਗੇਜ ਹਮੇਸ਼ਾ ਬਾਰਿਸ਼ ਦੀ ਸਹੀ ਜਾਣਕਾਰੀ ਦੇਵੇ, ਇਹ ਜ਼ਰੂਰੀ ਨਹੀਂ ਹੈ ਕਿਉਂਕਿ ਕਈ ਵਾਰ ਜ਼ਿਆਦਾ ਤੇਜ਼ ਤੂਫ਼ਾਨ ਨਾਲ ਬਾਰਿਸ਼ ਹੋਣ 'ਤੇ ਪਾਣੀ ਸਹੀ ਤਰ੍ਹਾਂ ਨਲੀ 'ਚ ਜਮ੍ਹਾਂ ਨਹੀਂ ਹੋ ਪਾਉਂਦਾ। ਕਈ ਵਾਰ ਇਹ ਯੰਤਰ ਟੁੱਟ ਵੀ ਜਾਂਦਾ ਹੈ। ਇਸ ਦੇ ਨਾਲ ਹੀ ਰੇਨ ਗੇਜ ਕਿਸੇ ਇਕ ਨਿਸ਼ਚਿਤ ਜਗ੍ਹਾ ਦੀ ਬਾਰਿਸ਼ ਨੂੰ ਮਾਪਣ 'ਚ ਹੀ ਇਸਤੇਮਾਲ ਕੀਤਾ ਜਾ ਸਕਦਾ ਹੈ। ਜ਼ਿਆਦਾ ਵੱਡੇ ਇਲਾਕੇ ਦੀ ਬਾਰਿਸ਼ ਰੇਨ ਗੇਜ 'ਚ ਨਹੀਂ ਮਾਪੀ ਜਾ ਸਕਦੀ। ਰੇਨ ਗੇਜ ਨੂੰ ਦਰੱਖ਼ਤ ਅਤੇ ਇਮਾਰਤਾਂ ਤੋਂ ਦੂਰ ਰੱਖਿਆ ਜਾਂਦਾ ਹੈ ਤਾਂ ਕਿ ਬਾਰਿਸ਼ ਨੂੰ ਸਹੀ-ਸਹੀ ਨਾਪਿਆ ਜਾ ਸਕੇ।

### ਚਮਕਦੀ ਬਿਜਲੀ

ਮੌਨਸੂਨ 'ਚ ਬਾਰਿਸ਼ ਨਾਲ ਅਕਸਰ ਬਿਜਲੀ ਵੀ ਚਮਕਦੀ ਹੈ। ਕਈ ਵਾਰ ਤਾਂ ਇਸ ਦੀ ਆਵਾਜ਼ ਨਾਲ ਤੁਸੀਂ ਡਰਦੇ ਵੀ ਹੋਵੋਗੇ। ਬਿਜਲੀ ਚਮਕਣ ਪਿੱਛੇ ਵੀ ਵਿਗਿਆਨਕ ਕਾਰਨ ਹੁੰਦਾ ਹੈ। ਜਦੋਂ ਆਕਾਸ਼ 'ਚ ਬੱਦਲ ਛਾਅ ਜਾਂਦੇ ਹਨ ਅਤੇ ਤੇਜ਼ ਹਵਾ ਚਲਦੀ ਹੈ ਤਾਂ ਬਿਜਲੀ ਚਮਕਦੀ ਹੈ। ਬੱਦਲਾਂ 'ਚ ਨਮੀ ਹੁੰਦੀ ਹੈ। ਇਹ ਨਮੀ ਬੱਦਲਾਂ 'ਚ ਪਾਣੀ ਦੇ ਬਹੁਤ ਬਾਰੀਕ ਕਣਾਂ ਦੇ ਰੂਪ 'ਚ ਹੁੰਦੀ ਹੈ। ਹਵਾ ਅਤੇ ਪਾਣੀ ਦੇ ਕਣ ਆਪਸ 'ਚ ਟਕਰਾਉਂਦੇ ਹਨ। ਇਸ ਨਾਲ ਬਿਜਲੀ ਪੈਦਾ ਹੁੰਦੀ ਹੈ ਅਤੇ ਜਲ ਕਣ ਚਾਰਜ ਹੋ ਜਾਂਦੇ ਹਨ। ਅਜਿਹੇ 'ਚ ਕੁਝ ਬੱਦਲ ਪਾਜ਼ੀਟਿਵ ਤੇ ਕੁਝ ਨੈਗੇਟਿਵ ਚਾਰਜ ਹੁੰਦੇ ਹਨ। ਜਦੋਂ ਦੋਵਾਂ ਤਰ੍ਹਾਂ ਦੇ ਬੱਦਲ ਇਕ-ਦੂਜੇ ਕੋਲ ਆਉਂਦੇ ਹਨ ਤਾਂ ਟਕਰਾਉਣ ਨਾਲ ਕਾਫ਼ੀ ਪਾਵਰਫੁਲ ਬਿਜਲੀ ਪੈਦਾ ਹੁੰਦੀ ਹੈ। ਅਜਿਹਾ ਹੋਣ ਨਾਲ ਰੋਸ਼ਨੀ ਦੀ ਤੇਜ਼ ਚਮਕ ਪੈਦਾ ਹੁੰਦੀ ਹੈ।

### ਕਿਉਂ ਗਰਜ਼ਦੇ ਹਨ ਬੱਦਲ?

ਬਿਜਲੀ ਚਮਕਣ ਤੋਂ ਬਾਅਦ ਬੱਦਲ ਗਰਜ਼ਦੇ ਹਨ। ਅਸਲ 'ਚ ਹਵਾ 'ਚ ਦੌੜ ਰਹੀ ਬਿਜਲੀ ਬਹੁਤ ਜ਼ਿਆਦਾ ਗਰਮੀ ਪੈਦਾ ਕਰਦੀ ਹੈ। ਹਵਾ 'ਚ ਗਰਮੀ ਆਉਣ ਨਾਲ ਇਹ ਤੇਜ਼ੀ ਨਾਲ ਫੈਲਦੀ ਹੈ ਅਤੇ ਇਸ ਦੇ ਲੱਖਾਂ ਕਰੋੜਾਂ ਕਣ ਆਪਸ 'ਚ ਟਕਰਾਉਂਦੇ ਹਨ। ਇਨ੍ਹਾਂ ਦੇ ਆਪਸ 'ਚ ਟਕਰਾਉਣ ਨਾਲ ਹੀ ਗਰਜ਼ ਦੀ ਆਵਾਜ਼ ਪੈਦਾ ਹੁੰਦੀ ਹੈ ਕਿਉਂਕਿ ਲਾਈਟ ਦੀ ਸਪੀਡ ਸਾਊਂਡ ਤੋਂ ਤੇਜ਼ ਹੁੰਦੀ ਹੈ ਇਸ ਲਈ ਸਾਨੂੰ ਸਾਊਂਡ ਤੋਂ ਪਹਿਲਾਂ ਲਾਈਟ ਦਿਖਾਈ ਦਿੰਦੀ ਹੈ। •

**ਬਾਰਿਸ਼ ਦਾ ਲਓ ਮਜ਼ਾ**

#### ਦੋਸਤਾਂ ਨਾਲ ਖੇਡੋ ਰੇਨ ਗੇਮਜ਼

ਬਾਰਿਸ਼ ਨੂੰ ਹੋਰ ਜ਼ਿਆਦਾ ਮਨੋਰੰਜਕ ਬਣਾਉਣ ਲਈ ਤੁਸੀਂ ਫੁੱਟਬਾਲ, ਹਾਪ ਸਕਾਚ ਜਾਂ ਫਿਰ ਕੋਈ ਅਜਿਹੀ ਖੇਡ ਖੇਡ ਸਕਦੇ ਹੋ, ਜੋ ਤੁਹਾਨੂੰ ਦੋਸਤ ਨੂੰ ਵੀ ਪਸੰਦ ਹੋਵੇ।



#### ਸਿੱਖੋ ਕੁਕਿੰਗ

ਤੇਜ਼ ਬਾਰਿਸ਼ 'ਚ ਮਾਤਾ-ਪਿਤਾ ਅਕਸਰ ਬਾਹਰ ਜਾਣ ਤੋਂ ਮਨ੍ਹਾਂ ਕਰ ਦਿੰਦੇ ਹਨ। ਇਸ ਦੌਰਾਨ ਤੁਸੀਂ ਆਪਣੀ ਮੰਮੀ ਨਾਲ ਰਸੋਈ 'ਚ ਮਿੱਠੀਆਂ ਚੀਜ਼ਾਂ ਜੋ ਬਰਸਾਤ ਦੇ ਦਿਨਾਂ 'ਚ ਸਪੈਸ਼ਲ ਬਣਾਈਆਂ ਜਾਂਦੀਆਂ ਹਨ, ਬਣਾਉਣੀਆਂ ਸਿਖ ਸਕਦੇ ਹੋ।

#### ਪੇਪਰ ਬੋਟ

ਬਾਰਿਸ਼ 'ਚ ਸਿਰਫ਼ ਗਿੱਲੇ ਹੋ ਕੇ ਉੱਛਲ ਕੇ ਹੀ ਮਸਤੀ ਨਹੀਂ ਹੁੰਦੀ। ਤੁਸੀਂ ਪੇਪਰ ਵੋਟ ਬਣਾ ਕੇ ਜਮ੍ਹਾਂ ਹੋਏ ਪਾਣੀ 'ਤੇ ਉਸ ਨੂੰ ਤੈਰਾ ਸਕਦੇ ਹੋ। ਪੇਪਰ ਵੋਟ ਬਣਾਉਣ ਦੌਰਾਨ ਤੁਹਾਡੀ ਰਚਨਾਤਮਕਤਾ ਵੱਧੇਗੀ।

#### ਛੱਤਰੀ 'ਤੇ ਬਣਾਓ ਰੰਗ-ਬਿਰੰਗੇ ਆਰਟ

ਬਾਰਿਸ਼ 'ਚ ਸਾਰਿਆਂ ਦੇ ਘਰ ਛੱਤਰੀ ਜ਼ਰੂਰ ਹੁੰਦੀ ਹੈ। ਤੁਸੀਂ ਆਪਣੀਆਂ ਕਲਾਵਾਂ ਦਾ ਪ੍ਰਦਰਸ਼ਨ ਇਸ 'ਤੇ ਵੀ ਕਰ ਸਕਦੇ ਹੋ। ਸਾਨੂੰ ਪਤਾ ਹੈ ਤੁਹਾਨੂੰ ਬਹੁਤ ਵਧੀਆ ਡਰਾਇੰਗ ਕਰਨੀ ਆਉਂਦੀ ਹੈ, ਇਸ ਲਈ ਆਪਣੀਆਂ ਰੰਗਦਾਰ ਪੈਂਸਲਾਂ ਚੁੱਕੋ ਤੇ ਦਿਖਾਓ ਆਪਣੀ ਕਲਾ।

# ਰੱਬਾ! ਰੱਬਾ!! ਮੀਂਹ ਵਰ੍ਹਾ

**ਹਰਦੇਵ ਚੌਹਾਨ**
70098-57708

*ਅੱਜ ਸਾਨੂੰ ਲੰਮੀਆਂ-ਲੰਮੀਆਂ ਝੜੀਆਂ ਲੱਗਣ, ਸਮੁੰਦਰੀ ਤੂਫ਼ਾਨ ਤੇ ਝੱਖੜ ਆਦਿ ਆਉਣ ਦੀ ਜਾਣਕਾਰੀ ਪਹਿਲਾਂ ਹੀ ਮਿਲ ਜਾਂਦੀ ਹੈ। ਅਸੀਂ ਘਰਾਂ ਵਿਚ ਰਾਸ਼ਨ, ਪਾਣੀ ਖ਼ਰੀਦ ਕੇ ਰੱਖ ਲੈਂਦੇ ਹਾਂ ਤੇ ਸੁਰੱਖਿਆ ਦੇ ਸਾਰੇ ਪ੍ਰਬੰਧ ਤੁਰੰਤ ਕਰ ਲੈਂਦੇ ਹਾਂ...*

ਬਰਸਾਤਾਂ ਸ਼ੁਰੂ ਹੋ ਗਈਆਂ ਨੇ, ਇਨ੍ਹਾਂ ਨੂੰ ਵੇਖਦਿਆਂ ਹੀ ਬਚਪਨ ਦੀਆਂ ਬਰਸਾਤਾਂ ਯਾਦ ਆ ਜਾਂਦੀਆਂ ਨੇ। ਨਿੱਕੇ, ਨਿੱਕੇ ਹੁੰਦੇ ਸਾਂ, ਤੀਜੀ-ਚੌਥੀ ਵਿਚ ਪੜ੍ਹਦੇ। ਬਰਸਾਤਾਂ ਦੇ ਦਿਨੀਂ, ਸਕੂਲੋਂ ਛੁੱਟੀਆਂ ਹੋ ਜਾਂਦੀਆਂ ਸਨ। ਮੌਜਾਂ ਹੀ ਮੌਜਾਂ ਹੁੰਦੀਆਂ ਸਨ। ਮੀਂਹ ਪੈਂਦਿਆਂ ਸਾਰ ਹੀ ਅਸੀਂ ਘਰੋਂ ਬਾਹਰ ਨਿਕਲ ਜਾਣਾ। ਉਦੋਂ ਘਰ ਦੇ ਵੀ ਕੋਈ ਇਤਰਾਜ ਨਹੀਂ ਸੀ ਕਰਦੇ। ਮੀਂਹ ਵਿਚ ਨਹਾਉਣ ਨਾਲ ਪਿੱਤ ਜੁ ਮਰ ਜਾਂਦੀ ਸੀ। ਨੱਚਦੇ, ਟੱਪਦੇ ਅਸੀਂ ਸਾਥੀਆਂ ਨਾਲ ਉੱਚੀ-ਉੱਚੀ ਗਾਉਂਦੇ ਫਿਰਨਾ, 'ਰੱਬਾ! ਰੱਬਾ! ਮੀਂਹ ਵਰ੍ਹਾ, ਸਾਡੀ ਕੋਠੀ ਦਾਣੇ ਪਾ।

ਭਲੇ ਵੇਲੇ ਹੁੰਦੇ ਸਨ, ਉਦੋਂ ਫਿਕਰ-ਫਾਕੇ ਸਾਨੂੰ ਨਹੀਂ, ਘਰ ਦਿਆਂ ਵਡੇਰਿਆਂ ਨੂੰ ਹੁੰਦੇ ਸਨ। ਉਨ੍ਹਾਂ ਨੂੰ ਬਰਸਾਤਾਂ ਤੋਂ ਬੜਾ ਡਰ ਲੱਗਿਆ ਰਹਿੰਦਾ ਸੀ। ਬਰਸਾਤਾਂ ਸ਼ੁਰੂ ਹੋਣ ਤੋਂ ਬਹੁਤ ਪਹਿਲਾਂ ਘਰਾਂ ਦੀਆਂ ਸੁਆਣੀਆਂ ਕੱਚੇ ਕੋਠੇ ਤੇ ਕੰਧਾਂ ਲਿੱਪ ਲੈਂਦੀਆਂ ਸਨ। ਅੱਜ-ਕੱਲ੍ਹ ਵਾਂਗ ਉਦੋਂ ਮੋਬਾਈਲ ਫੋਨ, ਟੀ.ਵੀ, ਲੈਪਟਾਪ ਤੇ ਇੰਟਰਨੈੱਟ ਨਹੀਂ ਸੀ ਹੁੰਦੇ। ਰਾਤਾਂ ਨੂੰ ਸਰ੍ਹੋਂ ਦੇ ਤੇਲ ਵਾਲੇ ਦੀਵੇ ਬਾਲ਼ ਕੇ ਪੜ੍ਹਾਈ ਕਰਦੇ ਸੀ। ਵਿਰਲੇ ਟਾਂਵੇ ਰੇਡੀਓ ਤੇ ਟਰਾਂਜ਼ਿਸਟਰ ਜ਼ਰੂਰ ਹੁੰਦੇ ਸਨ। ਸੱਤ ਘਰ ਟੱਪ ਕੇ ਦੀਨ-ਦੁਨੀਆ ਦੀ ਕੋਈ ਖ਼ਬਰ ਸੁਣਨ ਨੂੰ ਮਿਲਦੀ ਸੀ। ਬਰਸਾਤਾਂ ਦੇ ਦਿਨਾਂ 'ਚ ਪਿੰਡ, ਦੂਜੇ ਪਿੰਡਾਂ ਨਾਲੋਂ ਕੱਟੇ ਜਾਂਦੇ ਸਨ।

ਉਦੋਂ ਸੈਟੇਲਾਈਟਾਂ ਵੀ ਨਹੀਂ ਸੀ ਹੁੰਦੀਆਂ, ਜਿਨ੍ਹਾਂ ਰਾਹੀਂ ਮੌਸਮ ਦਾ ਹਾਲ-ਚਾਲ ਪਲ਼ਾਂ, ਛਿਣਾਂ ਵਿਚ ਜਾਣਿਆ ਜਾ ਸਕਦਾ। ਅੱਜ ਸਾਨੂੰ ਲੰਮੀਆਂ-ਲੰਮੀਆਂ ਝੜੀਆਂ ਲੱਗਣ, ਸਮੁੰਦਰੀ ਤੂਫ਼ਾਨ ਤੇ ਝੱਖੜ ਆਦਿ ਆਉਣ ਦੀ ਜਾਣਕਾਰੀ ਪਹਿਲਾਂ ਹੀ ਮਿਲ ਜਾਂਦੀ ਹੈ। ਅਸੀਂ ਘਰਾਂ ਵਿਚ ਰਾਸ਼ਨ, ਪਾਣੀ ਖ਼ਰੀਦ ਕੇ ਰੱਖ ਲੈਂਦੇ ਹਾਂ। ਸੁਰੱਖਿਆ ਦੇ ਸਾਰੇ ਪ੍ਰਬੰਧ ਤੁਰੰਤ ਕਰ ਲੈਂਦੇ ਹਾਂ। ਆਪਣੇ ਜ਼ਰੂਰੀ ਕੰਮਕਾਜ ਵੀ ਸਮੇਂ ਸਿਰ ਨਿਪਟਾ ਲੈਂਦੇ ਹਾਂ।

ਹਾਂ ਸੱਚ! ਝੜੀਆਂ ਤੋਂ ਬਚਪਨ ਦੀ ਇਕ ਗੱਲ ਯਾਦ ਆ ਗਈ। ਸੁਣਿਆ ਕਰਦੇ ਸਾਂ ਕਿ ਵੀਰਵਾਰ ਨੂੰ ਸ਼ੁਰੂ ਹੋਈ ਬਰਸਾਤ ਕਈ-ਕਈ ਦਿਨ ਨਹੀਂ ਰੁਕਦੀ। ਉਦੋਂ ਵੀ ਮੋਹਲੇਧਾਰ ਮੀਂਹ ਪੈ ਰਿਹਾ ਸੀ। ਸ਼ਾਇਦ ਉਹ ਵੀਰਵਾਰੀ ਝੜੀ ਸੀ। ਮੀਂਹ ਸੀ ਕਿ ਰੁਕਣ ਦਾ ਨਾਂ ਨਹੀਂ ਸੀ ਲੈ ਰਿਹਾ। ਕੋਠੀਆਂ, ਕੋਠੜਿਆਂ ਦੀ ਲਿੱਪਾ, ਪੋਚੀ ਤਾਂ ਚਿਰੋਕਣੀ ਹੋ ਚੁੱਕੀ ਸੀ ਪਰ ਫਿਰ ਵੀ ਝੜੀ ਨੂੰ ਵੇਖਦੀ ਹੋਈ ਦਾਦੀ ਮਾਂ ਬੜੀ ਹੈਰਾਨ ਪਰੇਸ਼ਾਨ ਲੱਗ ਰਹੀ ਸੀ। ਅੰਦਰ-ਬਾਹਰ ਉਹ ਬੜੀ ਘਬਰਾਈ ਹੋਈ ਫਿਰ ਰਹੀ ਸੀ।

ਸਾਡੇ ਵੇਖਦਿਆਂ-ਵੇਖਦਿਆਂ ਉਹ ਕੱਪੜੇ ਦੀ ਟੱਲੀ ਜਿਹੀ ਲੈ ਕੇ ਚੌਂਕੇ 'ਚ ਜਾ ਬੈਠੀ। ਟੱਲੀ ਵਿਚ ਚੁੱਟਕੀ ਕੁ ਲੂਣ, ਮਿਰਚਾਂ, ਕਣਕ ਦੇ ਦਾਣੇ, ਚਾਵਲ ਤੇ ਛੋਲੇ ਆਦਿ ਨਿੱਕ-ਸੁੱਕ ਪਾ ਕੇ ਪੋਟਲੀ ਤਿਆਰ ਕਰਨ ਲੱਗ ਪਈ। ਜਦੋਂ ਉਸਦੀ ਚਾਹਤ ਅਨੁਸਾਰ ਪੋਟਲੀ ਤਿਆਰ ਹੋ ਗਈ ਤਾਂ ਸਾਨੂੰ ਆਪਣੇ ਕੋਲ ਬੁਲਾ ਕੇ ਬੜੇ ਪਿਆਰ ਤੇ ਮੋਹ ਨਾਲ ਆਖਣ ਲੱਗੀ, 'ਪੁੱਤ ਛਿੰਦਿਆ! ਜਾਹ, ਇਸ ਪਾਂਧੀ ਨੂੰ ਹਵੇਲੀ ਦੀ ਕੰਧ 'ਤੇ ਚਿਣੀਆਂ ਪਾਥੀਆਂ ਵਿਚ ਰੱਖ ਆ।

'ਪਰ ਇਹ ਸ਼ੈਅ ਕੀ ਐ ਦਾਦੀ ਮਾਂ?' ਦਾਦੀ ਹੱਥੋਂ ਕੱਪੜੇ ਦਾ ਪੁਤਲਾ ਜਿਹਾ ਫੜਦਿਆਂ ਅਸਾਂ ਪੁੱਛਿਆ।


'ਪੁੱਤ! ਇਹ ਮੀਂਹ, ਝੜੀਆਂ ਵਿਚ ਫਸਿਆ ਹੋਇਆ ਮੁਸਾਫ਼ਰ ਏ। ਇਸਦੇ ਘਰ ਵਾਲੇ ਵੀ ਬੜੀ ਬੇਸਬਰੀ ਨਾਲ ਉਡੀਕਦੇ ਪਏ ਨੇ। ਘਰੀਂ ਬੈਠੇ ਇਸ ਦੇ ਬਾਲ-ਨਿਆਣੇ, ਖਾਣ ਲਈ ਮਿੱਠੀਆਂ ਡੱਡੂ-ਮੱਛੀਆਂ ਨੂੰ ਤਰਸ ਰਹੇ ਨੇ।

'ਦਾਦੀ ਮਾਂ! ਤੇਰੇ ਕੋਲ ਫੜਿਆ ਹੋਇਆ ਇਹ ਪਾਂਧੀ ਤਾਂ ਮੀਂਹ, ਕਣੀ ਤੋਂ ਬਚਿਆ ਹੋਇਆ ਏ। ਜੇ ਆਪਾਂ ਇਸਨੂੰ ਬਾਹਰ ਰੱਖ ਆਏ ਤਾਂ ਪਾਥੀਆਂ ਦੇ ਨਾਲ ਇਹ ਵੀ ਭਿੱਜਦਾ ਰਹੂ ਵਿਚਾਰਾ'। ਅਸਾਂ ਆਪਣੀ ਸਿਆਣਪ ਝਾੜਦਿਆਂ ਕਿਹਾ।

'ਨਾ ਪੁੱਤ! ਝੜੀ ਵੇਖ। ਕਿੰਨੇ ਦਿਨਾਂ ਤੋਂ ਠੱਲਣ ਦਾ ਨਾਂ ਨਹੀਂ ਲੈ ਰਹੀ। ਤੂੰ ਛੇਤੀ-ਛੇਤੀ ਜਾਹ ਤੇ ਇਸ ਪਾਂਧੀ ਨੂੰ ਬਾਹਰ ਕੰਧ 'ਤੇ ਰੱਖ ਆ। ਸਾਡਾ ਰੱਬ, ਜਦੋਂ ਇਸ ਵਿਚਰੇ ਨੂੰ ਮੀਂਹ ਵਿਚ ਭਿੱਜਦਾ ਵੇਖੂਗਾ ਤਾਂ ਆਪੇ ਹੀ ਤਰਸ ਖਾ ਕੇ ਮੀਂਹ ਨੂੰ ਮੋੜਾ ਲਾਊਗਾ'। ਭਰੇ ਹੋਏ ਮਨ ਨਾਲ ਦਾਦੀ ਨੇ ਕਿਹਾ ਸੀ।

ਦਾਦੀ ਮਾਂ ਦਾ ਕਿਹਾ ਮਨ ਅਸੀਂ ਪੋਟਲੀ ਨੁਮਾ ਪਾਂਧੀ ਨੂੰ ਵਰ੍ਹਦੇ ਮੀਂਹ ਵਿਚ ਬਾਹਰ ਰੱਖ ਆਏ ਸਾਂ। ਕੁਝ ਦੇਰ ਬਾਅਦ ਮੀਂਹ, ਸੱਚ-ਮੁੱਚ ਰੁਕ ਗਿਆ ਸੀ। ਪਤਾ ਨਹੀਂ ਦਾਦੀ ਮਾਂ ਦੇ ਓਹੜ-ਪੋਹੜ ਕਰਕੇ ਜਾਂ ਰੱਬ ਦੀ ਮਿਹਰ ਕਰਕੇ। •





# ਐਪਸ ਦਿੰਦੇ ਮੌਸਮ ਦੀ ਭਵਿੱਖਬਾਣੀ

*ਮੌਨਸੂਨ ਦੇ ਆਉਣ ਤੋਂ ਬਾਅਦ ਵੀ ਬਾਰਿਸ਼ ਕਦੋਂ ਹੋਵੇਗੀ ਜਾਂ ਨਹੀਂ, ਇਸ ਦਾ ਪਤਾ ਤੁਸੀਂ ਵੈਦਰ ਫੋਰਕਾਸਟ ਤੋਂ ਲਗਾ ਸਕਦੇ ਹੋ। ਆਓ ਜਾਣੀਏ ਇਸ ਲਈ ਪ੍ਰਸਿੱਧ ਐਪ ਬਾਰੇ...*

### ਯਾਹੂ ਵੈਦਰ

*ਇਹ ਐਪ ਐਂਡਰਾਇਡ ਅਤੇ ਆਈਓਐੱਸ ਦੋਵਾਂ ਹੀ ਪਲੇਟਫਾਰਮ 'ਤੇ ਉਪਲਬਧ ਹੈ। ਇਹ ਐਪ ਹਰ ਘੰਟੇ, ਪੰਜ ਦਿਨ ਅਤੇ 10 ਦਿਨ ਦਾ ਵੈਦਰ ਫੋਰਕਾਸਟ ਦਿੰਦਾ ਹੈ, ਜਿਸ 'ਚ ਤੁਸੀਂ ਪਤਾ ਲਗਾ ਸਕਦੇ ਹੋ ਕਿ ਤੁਹਾਡੇ ਸ਼ਹਿਰ ਜਾਂ ਉਸ ਦੇ ਆਲੇ-ਦੁਆਲੇ ਖੇਤਰਾਂ 'ਚ ਬਾਰਿਸ਼ ਕਦੋਂ ਹੋਵੇਗੀ। ਇਸ ਤੋਂ ਇਲਾਵਾ ਇਹ ਐਪ ਤਸਵੀਰਾਂ ਜ਼ਰੀਏ ਵੀ ਤੁਹਾਨੂੰ ਲੋਕੇਸ਼ਨ ਦੀ ਮੌਜੂਦਾ ਸਥਿਤੀ ਦੱਸਦਾ ਹੈ।*

### ਸਕਾਈਮੇਟ ਵੈਦਰ

*ਇਹ ਪਹਿਲਾ ਮੇਡ ਇਨ ਇੰਡੀਆ ਵੈਦਰ ਐਪ ਹੈ। ਇਹ ਐਪ ਇੰਡੀਆ 'ਚ 7500 ਤੋਂ ਜ਼ਿਆਦਾ ਲੋਕੇਸ਼ਨ ਦਾ ਵੈਦਰ ਫੋਰਕਾਸਟ ਕਰਦਾ ਹੈ। ਖ਼ਾਸ ਗੱਲ ਇਹ ਹੈ ਕਿ ਤੁਸੀਂ ਇਸ ਐਪ 'ਤੇ ਹਿੰਦੀ ਸਮੇਤ ਕਈ ਭਾਰਤੀ ਭਾਸ਼ਾਵਾਂ 'ਚ ਜਾਣਕਾਰੀ ਸਰਚ ਕਰ ਸਕਦੇ ਹੋ। ਤੁਹਾਡੇ ਏਰੀਏ 'ਚ ਬਾਰਿਸ਼ ਕਦੋਂ ਹੋਵੇਗੀ ਇਸ ਬਾਰੇ ਵੀ ਜਾਣਨਾ ਚਾਹੁੰਦੇ ਹੋ ਤਾਂ ਇਹ ਐਪ ਤੁਹਾਨੂੰ ਆਨ-ਦਿ-ਗੋ ਅਲਰਟ ਵੀ ਭੇਜੇਗਾ।*

### ਦਿ ਵੈਦਰ ਚੈਨਲ

*ਇਹ ਐਪ 200 ਮੌਸਮ ਵਿਗਿਆਨੀਆਂ ਤੋਂ ਡਾਟਾ ਇਕੱਠਾ ਕਰਦਾ ਹੈ। ਐਪ ਆਪਣੇ ਯੂਜ਼ਰਜ ਤਕ ਸਹੀ ਡਾਟਾ ਪਹੁੰਚਾਉਣ ਲਈ ਟਰੂ-ਪੁਆਇੰਟ ਟੈਕਨਾਲੋਜੀ ਦਾ ਇਸਤੇਮਾਲ ਕਰਦਾ ਹੈ। ਜੇ ਤੁਸੀਂ ਬਾਰਿਸ਼ ਦੇ ਮੌਸਮ 'ਚ ਟ੍ਰੈਵਲ ਪਲੈਨ ਕਰ ਰਹੇ ਹੋ ਤਾਂ ਇਸ 'ਚ ਦਿੱਤੇ ਗਏ ਮੈਪ ਦੀ ਮਦਦ ਨਾਲ ਤੁਸੀਂ ਆਪਣਾ ਟ੍ਰੈਵਲ ਰੂਟ ਸੇਵ ਕਰ ਕੇ ਉੱਥੋਂ ਦੀ ਵੈਦਰ ਕੰਡੀਸ਼ਨ ਜਾਣ ਸਕਦੇ ਹੋ।*

# ਗੂਗਲ ਮੈਪ

*ਗੂਗਲ ਮੈਪ ਨੇ ਸਾਡੀ ਜ਼ਿੰਦਗੀ ਨੂੰ ਆਸਾਨ ਬਣਾਉਣ 'ਚ ਕਾਫ਼ੀ ਯੋਗਦਾਨ ਦਿੱਤਾ ਹੈ। ਖ਼ਾਸ ਗੱਲ ਇਹ ਹੈ ਕਿ ਇਹ ਆਪਣੇ ਐਪ 'ਚ ਲਗਾਤਾਰ ਅਪਡੇਟ ਕਰਦਾ ਰਹਿੰਦਾ ਹੈ। ਹੁਣ ਵੀ ਇਸ 'ਚ ਕਈ ਨਵੇਂ ਫੀਚਰ ਜੋੜੇ ਗਏ ਹਨ। ਆਓ ਜਾਣੀਏ ਇਨ੍ਹਾਂ ਬਾਰੇ...*



ਗੂਗਲ ਮੈਪ 'ਚ ਇਕ ਅਜਿਹਾ ਫ਼ੀਚਰ ਜੋੜਿਆ ਗਿਆ ਹੈ, ਜਿਸ ਦੀ ਮਦਦ ਨਾਲ ਤੁਸੀਂ ਆਪਣੇ ਦੋਸਤ ਨਾਲ ਸੰਪਰਕ 'ਚ ਰਹਿ ਸਕਦੇ ਹੋ। ਇਸ ਫ਼ੀਚਰ ਦੀ ਮਦਦ ਨਾਲ ਤੁਸੀਂ ਆਪਣੇ ਰੂਟ ਲਈ ਗੂਗਲ ਮੈਪ ਜ਼ਰੀਏ ਡਾਇਰੈਕਸ਼ਨ ਫਾਲੋ ਕਰਨ 'ਤੇ ਤੁਹਾਡੇ ਕੋਲ ਇਕ ਟੈਕਸਟ ਮੈਸੇਜ ਭੇਜਿਆ ਜਾਵੇਗਾ। ਇਹ ਇਕ ਨਵੇਂ ਐਕਟਿਵ ਕਮਾਂਡ ਲਈ ਨਵੀਂ ਸੀਰੀਜ਼ ਹੈ। ਇਸ ਲਈ ਗੂਗਲ ਮੈਪ 'ਚ ਸਭ ਤੋਂ ਬਿਹਤਰੀਨ ਕਮਾਂਡ ਦਿੱਤੀ ਗਈ ਹੈ। ਜੇ ਤੁਸੀਂ ਆਪਣੇ ਦੋਸਤ ਦੇ ਘਰ ਪਹੁੰਚਣ ਲਈ ਰਸਤਾ ਅਤੇ ਸਮਾਂ ਪਤਾ ਕਰਨਾ ਹੈ ਤਾਂ ਇਸ 'ਚ ਨਵੇਂ ਫ਼ੀਚਰ 'ਤੇ ਤੁਸੀਂ ਕਮਾਂਡ ਦੇ ਕੇ ਦੋਸਤ ਦੇ ਘਰ ਦਾ ਪਤਾ ਜਾਣ ਸਕਦੇ ਹੋ। ਗੂਗਲ ਮੈਪ ਤੁਹਾਨੂੰ ਮੈਸੇਜ ਕਰ ਕੇ ਅਪਡੇਟ ਕਰ ਦੇਵੇਗਾ।

### ਆਗਮੈਂਟੇਡ ਰਿਐਲਿਟੀ ਦਾ ਮਜ਼ਾ

ਇਸ ਦੇ ਦੂਜੇ ਫ਼ੀਚਰ 'ਚ ਸਟ੍ਰੀਟ ਵਿਊ ਮੋਡ 'ਤੇ ਆਗਮੈਂਟੇਡ ਰਿਐਲਿਟੀ ਨੂੰ ਜੋੜਿਆ ਜਾਂਦਾ ਹੈ, ਜਿਸ ਦੀ ਮਦਦ ਨਾਲ ਤੁਸੀਂ ਰਿਅਲ ਟਾਈਮ ਡਾਇਰੈਕਸ਼ਨ ਫਾਲੋ ਕਰ ਸਕਦੇ ਹੋ। ਇਸ ਦੇ ਨਾਲ ਤੁਸੀਂ ਆਪਣੇ ਗੁਆਂਢੀ ਸਥਾਨਾਂ ਨੂੰ ਵੀ ਆਸਾਨੀ ਨਾਲ ਖੋਜ ਸਕਦੇ ਹੋ। ਗੂਗਲ ਮੈਪ 'ਚ ਇਸ ਨਵੇਂ ਏਆਰ ਫ਼ੀਚਰ ਜ਼ਰੀਏ ਗੂਗਲ ਦੇ ਮੌਜੂਦਾ ਸਟ੍ਰੀਟ ਵਿਊ (ਭਾਵ ਜਗ੍ਹਾ ਜਾਂ ਸਥਾਨ) ਬਾਰੇ ਪਤਾ ਲਗਾ ਸਕਦੇ ਹੋ ਤੇ ਰਸਤਾ ਸਾਫ਼ ਦੇਖ ਸਕਦੇ ਹੋ।

ਇਸ ਤੋਂ ਇਲਾਵਾ ਏਆਰ ਮੋਡ 'ਚ ਨਜ਼ਦੀਕੀ ਸਥਾਨ ਦੇ ਨਾਲ ਤੁਹਾਨੂੰ ਰਸਤੇ 'ਚ ਲੈ ਜਾਣ ਲਈ ਐਨੀਮਲ ਗਾਈਡ ਦਿੱਤੀ ਜਾਵੇਗੀ, ਜੋ ਰਸਤੇ 'ਚ ਤੁਹਾਡੇ ਲਈ ਸਹਾਇਕ ਦਾ ਕੰਮ ਕਰੇਗੀ। •

### ਲੋਕੇਸ਼ਨ ਨੂੰ ਕਰਦੇ ਮਾਰਕ

ਇਨ੍ਹਾਂ ਅਪਡੇਟ ਤੋਂ ਇਲਾਵਾ ਗੂਗਲ ਮੈਪ 'ਚ ਇਕ ਨਵਾਂ ਫ਼ੀਚਰ ਜੋੜਨ ਵਾਲੀ ਹੈ, ਜਿਸ 'ਚ ਤੁਸੀਂ ਆਪਣੇ ਦੋਸਤਾਂ ਜਾਂ ਮਾਤਾ-ਪਿਤਾ ਨਾਲ ਕਿਤੇ ਘੁੰਮਣ ਜਾਂ ਫਿਰ ਕਿਸੇ ਰੈਸਟੋਰੈਂਟ 'ਚ ਜਾਣਾ ਚਾਹੁੰਦੇ ਹੋ ਅਤੇ ਤੁਹਾਡਾ ਦੋਸਤ ਵੱਖਰੀ ਜਗ੍ਹਾ ਤੋਂ ਆ ਰਿਹਾ ਹੈ, ਤਾਂ ਤੁਸੀਂ ਆਪਣੀ ਲੋਕੇਸ਼ਨ ਨੂੰ ਮਾਰਕ ਕਰ ਕੇ ਆਪਣੇ ਦੋਸਤ ਨਾਲ ਸਾਂਝਾ ਕਰ ਸਕਦੇ ਹੋ। ਇਸ 'ਚ ਖ਼ਾਸੀਅਤ ਇਹ ਹੈ ਕਿ ਤੁਸੀਂ ਜਿਸ ਰੈਸਟੋਰੈਂਟ 'ਚ ਹੋਵੋਗੇ, ਤੁਹਾਡਾ ਦੋਸਤ ਉਸ ਰੈਸਟੋਰੈਂਟ ਦੀ ਤਸਵੀਰ ਵੀ ਦੇਖ ਪਾਵੇਗਾ।

## ਪੰਜਾਬ ਬਾਰੇ ਰੋਚਕ ਜਾਣਕਾਰੀ

- ਵੱਧ ਖੇਤਰਫਲ ਵਾਲਾ ਜ਼ਿਲ੍ਹਾ **ਅੰਮ੍ਰਿਤਸਰ**
- ਘੱਟ ਖੇਤਰਫਲ ਵਾਲਾ ਜ਼ਿਲ੍ਹਾ **ਮੋਹਾਲੀ**
- ਵੱਧ ਆਬਾਦੀ ਵਾਲਾ ਜ਼ਿਲ੍ਹਾ **ਲੁਧਿਆਣਾ**
- ਵੱਧ ਸ਼ਹਿਰੀਕਰਣ ਵਾਲਾ ਜ਼ਿਲ੍ਹਾ **ਲੁਧਿਆਣਾ**
- ਘੱਟ ਸ਼ਹਿਰੀਕਰਣ ਵਾਲਾ ਜ਼ਿਲ੍ਹਾ **ਤਰਨਤਾਰਨ**
- ਪੰਜਾਬ ਸੂਬਾ ਬਣਿਆ 1.11.1966 ਨੂੰ
- ਘੱਟ ਆਬਾਦੀ ਵਾਲਾ ਜ਼ਿਲ੍ਹਾ **ਬਰਨਾਲਾ**
- ਰਾਜਧਾਨੀ **ਚੰਡੀਗੜ੍ਹ**
- ਡਵੀਜ਼ਨਾਂ/ਜ਼ਿਲ੍ਹੇ **5 ਅਤੇ 22**
- ਤਹਿਸੀਲਾਂ 81
- ਸਬ-ਤਹਿਸੀਲਾਂ 86
- ਨਗਰ ਨਿਗਮ 10
- ਡਿਵੈਲਪਮੈਂਟ ਬਲਾਕ 147
- ਪਿੰਡ - 12581
- ਵਿਧਾਨ ਸਭਾ ਦੇ ਹਲਕੇ 117
- ਲੋਕ ਸਭਾ ਦੇ ਹਲਕੇ 13
- ਰਾਜ ਸਭਾ ਦੇ ਹਲਕੇ 7

• **ਸ਼ੰਕਰ ਦਾਸ ਮੋਗਾ**, 96469-27646

## ਬਾਲ-ਕਹਾਣੀ



# ਗੋਲੂ-ਮੋਲੂ

**ਮਾਸਟਰ ਸੰਜੀਵ ਧਰਮਾਣੀ**
94785-61356

ਇਕ ਵਾਰ ਦੀ ਗੱਲ ਹੈ, ਗੋਲੂ ਅਤੇ ਮੋਲੂ ਨਾਂ ਦੇ ਦੋ ਬਾਂਦਰ ਇਕ ਜੰਗਲ ਵਿਚ ਰਹਿੰਦੇ ਸਨ। ਇਕ ਦਿਨ ਘੁੰਮਦੇ-ਘੁੰਮਦੇ ਉਹ ਪਿੰਡ ਦੇ ਨਜ਼ਦੀਕ ਪਹੁੰਚੇ। ਉਨ੍ਹਾਂ ਨੇ ਉੱਥੇ ਸੋਹਣੇ ਅਤੇ ਮਿੱਠੇ ਦਿਖਣ ਵਾਲੇ ਫਲ਼ਾਂ ਨਾਲ ਲੱਦੇ ਹੋਏ ਰੁੱਖ ਨੂੰ ਦੇਖਿਆ। ਇਸ ਰੁੱਖ ਨੂੰ ਦੇਖੋ। ਗੋਲੂ ਨੇ ਮੋਲੂ ਵੱਲ ਦੇਖ ਕੇ ਜ਼ੋਰ ਨਾਲ ਬੋਲਿਆ। ਇਹ ਫਲ਼ ਕਿੰਨੇ ਸੋਹਣੇ ਦਿਖਾਈ ਦੇ ਰਹੇ ਹਨ, ਇਹ ਜ਼ਰੂਰ ਹੀ ਬਹੁਤ ਮਿੱਠੇ ਹੋਣਗੇ? ਚਲੋ, ਅਸੀਂ ਦੋਵੇਂ ਦਰੱਖ਼ਤ ਉੱਤੇ ਚੜ੍ਹ ਕੇ ਫਲ਼ ਖਾਂਦੇ ਹਾਂ।

ਮੋਲੂ ਬਾਂਦਰ ਕਾਫ਼ੀ ਬੁੱਧੀਮਾਨ ਸੀ। ਉਸ ਨੇ ਕੁਝ ਸੋਚ-ਵਿਚਾਰ ਕਰ ਕੇ ਕਿਹਾ, ਨਹੀਂ-ਨਹੀਂ, ਸੋਚੋ! ਇਹ ਰੁੱਖ ਪਿੰਡ ਦੇ ਇੰਨੇ ਨਜ਼ਦੀਕ ਲੱਗਿਆ ਹੋਇਆ ਹੈ ਤੇ ਇਸ ਦੇ ਫਲ਼ ਵੀ ਇੰਨੇ ਸੁੰਦਰ ਅਤੇ ਪੱਕੇ ਹੋਏ ਹਨ ਪਰ ਫਿਰ ਵੀ ਇਨ੍ਹਾਂ ਸੋਹਣੇ ਫਲ਼ਾਂ ਨੂੰ ਪਿੰਡ ਵਾਲੇ ਲੋਕਾਂ ਨੇ ਕਿਉਂ ਨਹੀਂ ਖਾਧਾ?



***ਬੱਚਿਓ! ਕੋਈ ਵੀ ਕੰਮ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ ਵਿਚਾਰ ਕਰ ਲੈਣਾ ਚਾਹੀਦਾ ਹੈ ਅਤੇ ਵੱਡਿਆਂ ਦਾ ਕਹਿਣਾ ਜ਼ਰੂਰ ਮੰਨਣਾ ਚਾਹੀਦਾ ਹੈ...***

ਹੁਣ ਤੱਕ ਤਾਂ ਲੋਕਾਂ ਨੇ ਇਨ੍ਹਾਂ ਨੂੰ ਤੋੜ ਕੇ ਜ਼ਰੂਰ ਹੀ ਖਾ ਲੈਣਾ ਸੀ? ਪਰ ਇਸ ਤਰ੍ਹਾਂ ਲਗਦਾ ਹੈ ਕਿ ਇਨ੍ਹਾਂ ਫਲ਼ਾਂ ਨੂੰ ਕਿਸੀ ਨੇ ਹੱਥ ਤੱਕ ਵੀ ਨਹੀਂ ਲਗਾਇਆ। ਇਨ੍ਹਾਂ ਫਲ਼ਾਂ ਨੂੰ ਨਾ ਖਾਣਾ? ਮੈਨੂੰ ਵਿਸ਼ਵਾਸ ਹੈ ਇਹ ਫਲ਼ ਖਾਣ ਦੇ ਯੋਗ ਨਹੀਂ ਹਨ। ਮੋਲੂ ਬੋਲਿਆ।

ਕਿਹੋ ਜਿਹੀਆਂ ਵਿਅਰਥ ਦੀਆਂ ਗੱਲਾਂ ਕਰ ਰਹੇ ਹੋ? ਮੈਨੂੰ ਤਾਂ ਇਨ੍ਹਾਂ ਫਲ਼ਾਂ ਵਿਚ ਕੁਝ ਵੀ ਬੁਰਾ ਦਿਖਾਈ ਨਹੀਂ ਦੇ ਰਿਹਾ? ਮੈਂ ਤਾਂ ਫਲ਼ ਖਾਣ ਲਈ ਦਰੱਖ਼ਤ 'ਤੇ ਚੜ੍ਹ ਜਾਵਾਂਗਾ, ਗੋਲੂ ਬੋਲਿਆ। ਬੁੱਧੀਮਾਨ ਬਾਂਦਰ ਮੋਲੂ ਨੇ ਕਿਹਾ, ਜਿਵੇਂ ਤੁਹਾਡੀ ਇੱਛਾ, ਮੈਂ ਖਾਣ ਲਈ ਕੁਝ ਹੋਰ ਲੱਭਦਾ ਹਾਂ। ਗੋਲੂ ਦਰੱਖ਼ਤ 'ਤੇ ਚੜ੍ਹ ਕੇ ਫਲ਼ ਖਾਣ ਲੱਗਿਆ। ਉਸ ਨੇ ਜੀਅ ਭਰ ਕੇ ਫਲ਼ ਖਾਧੇ ਪਰ ਇਹ ਫ਼ਲ ਉਸ ਦਾ ਆਖ਼ਰੀ ਭੋਜਨ ਬਣ ਗਏ ਕਿਉਂਕਿ ਫਲ਼ ਸੁਆਦੀ ਤਾਂ ਸਨ ਪਰ ਜ਼ਹਿਰੀਲੇ ਸਨ। ਮੋਲੂ ਜਦੋਂ ਇਧਰੋਂ-ਉਧਰੋਂ ਹੋਰ ਕੁਝ ਖਾ ਕੇ ਆਇਆ ਤਾਂ ਉਸ ਨੇ ਦੇਖਿਆ ਕਿ ਗੋਲੂ ਮਰ ਚੁੱਕਾ ਹੈ। ਉਸ ਨੂੰ ਇਹ ਦੇਖ ਕੇ ਬਹੁਤ ਦੁੱਖ ਹੋਇਆ ਪਰ ਉਹ ਤਾਂ ਪਹਿਲਾਂ ਹੀ ਆਪਣੇ ਦੋਸਤ ਨੂੰ ਸਾਵਧਾਨ ਕਰ ਚੁੱਕਾ ਸੀ। •

## ਬਾਲ ਕੈਨਵਸ



**ਤਾਨੀਆ**
ਜਮਾਤ : ਦਸਵੀ, ਦੋਰਾਹਾ ਪਬਲਿਕ ਸਕੂਲ, ਦੋਰਾਹਾ।





**ਰੇਜ਼ਲ**
ਜਮਾਤ : ਪੰਜਵੀਂ
ਵਰਧਮਾਨ ਇੰਟਰਨੈਸ਼ਨਲ ਪਬਲਿਕ ਸਕੂਲ, ਲੁਧਿਆਣਾ।



**ਸੁਨੀਤਾ**
ਜਮਾਤ : ਛੇਵੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।



**ਸਨਦੀਪ**
ਜਮਾਤ : ਸੱਤਵੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੀਰਤਪੁਰ।



**ਵੀਰਪਾਲ ਕੌਰ**
ਜਮਾਤ : ਛੇਵੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।

# ਸੁਪਰੀਮ ਕੋਰਟ 14 ਜੁਲਾਈ ਨੂੰ ਕੌਮੀ ਝੰਡੇ ਦੀ ਸਿਆਸੀ ਜਾਂ ਧਾਰਮਿਕ ਉਦੇਸ਼ਾਂ ਲਈ ਵਰਤੋਂ ਰੋਕਣ ਬਾਰੇ ਪਟੀਸ਼ਨ 'ਤੇ ਸੁਣਵਾਈ ਕਰੇਗੀ

**ਨਵੀਂ ਦਿੱਲੀ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਇਕ ਪਟੀਸ਼ਨ ਵਿਚ ਸੁਪਰੀਮ ਕੋਰਟ ਨੂੰ ਕੇਂਦਰ ਅਤੇ ਚੋਣ ਕਮਿਸ਼ਨ ਨੂੰ "ਪੰਥਪਾਤੀ ਜਾਂ ਧਾਰਮਿਕ ਉਦੇਸ਼ਾਂ"ਲਈ ਕਿਸੇ ਵੀ ਸਿਆਸੀ ਪਾਰਟੀ ਜਾਂ ਧਾਰਮਿਕ ਸਮੂਹ ਨੂੰ ਕੌਮੀ ਝੰਡੇ ਦੀ ਵਰਤੋਂ ਕਰਨ ਤੋਂ ਰੋਕਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ। ਸੁਪਰੀਮ ਕੋਰਟ ਵੱਲੋਂ 14 ਜੁਲਾਈ ਨੂੰ ਇਸ ਪਟੀਸ਼ਨ 'ਤੇ ਸੁਣਵਾਈ ਕੀਤੀ ਜਾਣੀ ਹੈ।

ਇਸ ਪਟੀਸ਼ਨ ਵਿੱਚ ਸਬੰਧਤ ਅਥਾਰਟੀਆਂ ਨੂੰ ਕੌਮੀ ਸਨਮਾਨ ਦੇ ਅਪਮਾਨ ਨੂੰ ਰੋਕਣ ਐਕਟ, 1971 ਅਤੇ ਭਾਰਤ ਦੇ ਝੰਡਾ ਕੋਡ 2002, ਦੇ ਪ੍ਰਬੰਧਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦੇਣ ਦੀ ਵੀ ਮੰਗ ਕੀਤੀ ਗਈ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੌਮੀ ਝੰਡੇ ਨਾਲ ਪੂਰੇ ਸਤਿਕਾਰ ਨਾਲ ਪੇਸ਼ ਆਇਆ ਜਾਵੇ।

ਇਹ ਪਟੀਸ਼ਨ ਚੀਫ਼ ਜਸਟਿਸ ਬੀਆਰ ਗਵਈ ਅਤੇ ਜਸਟਿਸ ਕੇ ਵਿਨੋਦ ਚੰਦਰਨ ਅਤੇ ਐਨਵੀ ਅੰਜਾਰੀਆ ਦੇ ਬੈਂਚ ਅੱਗੇ ਸੁਣਵਾਈ ਲਈ ਆਵੇਗੀ। ਪਟੀਸ਼ਨ ਵਿੱਚ ਕੀਤੀਆਂ ਗਈਆਂ ਬੇਨਤੀਆਂ ਵਿੱਚੋਂ ਇੱਕ ਵਿੱਚ ਕਿਹਾ ਗਿਆ ਹੈ,"ਪ੍ਰਤੀਵਾਦੀਆਂ, ਖਾਸ ਕਰਕੇ ਭਾਰਤ ਸਰਕਾਰ ਅਤੇ ਭਾਰਤ ਦੇ ਚੋਣ ਕਮਿਸ਼ਨ ਨੂੰ ਇੱਕ ਢੁਕਵਾਂ ਰਿੱਟ, ਆਦੇਸ਼ ਜਾਂ ਨਿਰਦੇਸ਼ ਜਾਰੀ ਕੀਤਾ ਜਾਵੇ ਤਾਂ ਜੋ ਕਿਸੇ ਵੀ ਸਿਆਸੀ ਪਾਰਟੀ ਜਾਂ ਧਾਰਮਿਕ ਸਮੂਹ ਨੂੰ ਪੰਥਪਾਤੀ ਜਾਂ ਧਾਰਮਿਕ ਉਦੇਸ਼ਾਂ ਲਈ ਰਾਸ਼ਟਰੀ ਝੰਡੇ ਦੀ ਵਰਤੋਂ ਕਰਨ ਤੋਂ ਰੋਕਣ ਲਈ ਤੁਰੰਤ ਅਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣ, ਜਿਸ ਵਿੱਚ ਧਾਰਮਿਕ ਚਿੰਨ੍ਹ ਦੇ ਲੋਗੋ, ਧਾਰਮਿਕ ਚਿੰਨ੍ਹ ਜਾਂ ਲਿਖਤਾਂ ਨੂੰ ਰਾਸ਼ਟਰੀ ਝੰਡੇ 'ਤੇ ਲਗਾਉਣ ਸ਼ਾਮਲ ਹੈ, ਪਰ ਇਸ ਤੱਕ ਸੀਮਤ ਨਹੀਂ ਹੈ।"

# "ਤੁਸੀਂ ਤੇਲ ਦੀ ਸਵਿੱਚ ਕਿਉਂ ਬੰਦ ਕੀਤੀ ?" ਜਹਾਜ਼ ਹਾਦਸੇ ਦੀ ਜਾਂਚ ਰਿਪੋਰਟ ਆਈ ਸਾਹਮਣੇ

**ਨਵੀਂ ਦਿੱਲੀ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅਹਿਮਦਾਬਾਦ ਵਿੱਚ ਏਅਰ ਇੰਡੀਆ ਦਾ ਹਾਦਸਾਗ੍ਰਸਤ ਹੋਏ ਮਾਮਲੇ ਦੀ ਜਾਂਚ ਵਿੱਚ ਵੱਡਾ ਖੁਲਾਸਾ ਹੋਇਆ ਹੈ। ਹਾਦਸੇ ਵਿਚ ਆਈ ਰਿਪੋਰਟ ਅਨੁਸਾਰ ਏਅਰ ਇੰਡੀਆ ਦੇ ਜਹਾਜ਼ 171 ਦੇ ਦੋਵੇਂ ਇੰਜਣਾਂ ਨੂੰ ਤੇਲ ਸਪਲਾਈ ਕਰਨ ਵਾਲੇ ਦੋਵੇਂ ਸਵਿੱਚ ਬੰਦ ਕਰ ਦਿੱਤੇ ਗਏ ਸਨ, ਜਿਸ ਤੋਂ ਬਾਅਦ ਪਾਇਲਟ ਉਲਝਣ ਵਿੱਚ ਪੈ ਗਏ ਅਤੇ ਹਾਦਸਾ ਵਾਪਰਿਆ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇੱਕ ਪਾਇਲਟ ਨੇ ਪੁੱਛਿਆ ਕਿ ਉਸ ਨੇ ਤੇਲ ਸਵਿੱਚ ਕਿਉਂ ਬੰਦ ਕੀਤਾ, ਤਾਂ ਦੂਜੇ ਨੇ ਜਵਾਬ ਦਿੱਤਾ ਕਿ ਉਸਨੇ ਅਜਿਹਾ ਨਹੀਂ ਕੀਤਾ।

12 ਜੂਨ ਨੂੰ ਹੋਏ ਇਸ ਹਾਦਸੇ ਵਿੱਚ ਕੁੱਲ 260 ਲੋਕ ਮਾਰੇ ਗਏ ਸਨ ਅਤੇ ਜਹਾਜ਼ ਵਿਚ ਸਵਾਰ ਸਿਰਫ਼ ਇੱਕ ਵਿਅਕਤੀ ਹੀ ਬਚ ਸਕਿਆ ਸੀ। ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ ਵੱਲੋਂ ਸ਼ਨਿਚਰਵਾਰ ਨੂੰ ਜਾਰੀ ਕੀਤੀ ਗਈ ਸ਼ੁਰੂਆਤੀ ਰਿਪੋਰਟ ਵਿੱਚ ਬੋਇੰਗ 787-8 ਜਹਾਜ਼ਾਂ ਦੇ ਸੰਚਾਲਕਾਂ ਖ਼ਿਲਾਫ਼ ਕੋਈ ਕਾਰਵਾਈ ਦੀ ਸਿਫਾਰਸ਼ ਨਹੀਂ ਕੀਤੀ ਗਈ ਹੈ।

ਜਿਸ ਸਮੇਂ ਜਹਾਜ਼ ਨੇ ਉਡਾਣ ਭਰੀ ਤਾਂ ਸਹਿ-ਪਾਇਲਟ ਜਹਾਜ਼ ਉਡਾ ਰਿਹਾ ਸੀ, ਜਦੋਂ ਕਿ ਕੈਪਟਨ ਨਿਗਰਾਨੀ ਕਰ ਰਿਹਾ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ, "ਜਹਾਜ਼ ਨੇ ਲਗਭਗ 08:08:42 UTC 'ਤੇ 180 ਨੌਟਸ IAS ਦੀ ਵੱਧ ਤੋਂ ਵੱਧ ਰਿਕਾਰਡ ਕੀਤੀ ਏਅਰਸਪੀਡ ਪ੍ਰਾਪਤ ਕੀਤੀ ਅਤੇ ਇਸ ਤੋਂ ਤੁਰੰਤ ਬਾਅਦ ਇੰਜਣ-1 ਅਤੇ ਇੰਜਣ-2 ਦੇ ਫਿਊਲ ਕੱਟਆਫ ਸਵਿੱਚ 01 ਸਕਿੰਟ ਦੇ ਸਮੇਂ ਦੇ ਅੰਤਰ ਨਾਲ ਇੱਕ ਤੋਂ ਬਾਅਦ ਇੱਕ RUN ਤੋਂ CUTOFF ਸਥਿਤੀ ਵਿੱਚ ਤਬਦੀਲ ਹੋ ਗਏ (ਭਾਵ ਬੰਦ ਹੋ ਗਏ)।"

ਰਿਪੋਰਟ ਅਨੁਸਾਰ ਜਿਵੇਂ ਹੀ ਇੰਜਣਾਂ ਨੂੰ ਬਾਲਣ ਦੀ ਸਪਲਾਈ ਬੰਦ ਕਰ ਦਿੱਤੀ ਗਈ ਤਾਂ ਇੰਜਣ ©1 ਅਤੇ ©2 ਆਪਣੇ ਟੇਕਆਫ ਤੋਂ ਥੱਲੇ ਆਉਣੇ ਸ਼ੁਰੂ ਹੋ ਗਏ। ਇਸ ਵਿੱਚ ਕਿਹਾ ਗਿਆ ਹੈ, "ਕਾਕਪਿਟ ਵੌਇਸ ਰਿਕਾਰਡਿੰਗ ਵਿੱਚ ਇੱਕ ਪਾਇਲਟ ਨੂੰ ਦੂਜੇ ਨੂੰ ਇਹ ਪੁੱਛਦੇ ਸੁਣਿਆ ਗਿਆ ਕਿ ਉਸ ਨੇ ਕੱਟਆਫ ਕਿਉਂ ਕੀਤਾ। ਦੂਜੇ ਪਾਇਲਟ ਨੇ ਜਵਾਬ ਦਿੱਤਾ ਕਿ ਉਸਨੇ ਅਜਿਹਾ ਨਹੀਂ ਕੀਤਾ।"

ਜਹਾਜ਼ ਨੇ 08:08:39 UTC (AC:CH:CI IST) 'ਤੇ ਟੇਕਆਫ ਕੀਤਾ ਅਤੇ ਲਗਭਗ 08:09:05 UTC (AC:CI:@E IST) 'ਤੇ ਇੱਕ ਪਾਇਲਟ ਨੇ MAYDAY MAYDAY MAYDAY ਪ੍ਰਸਾਰਿਤ ਕੀਤਾ। ਰਿਪੋਰਟ ਵਿੱਚ ਕਿਹਾ ਗਿਆ ਹੈ, "ਏਟੀਸੀਓ (ਏਅਰ ਟਰੈਫਿਕ ਕੰਟਰੋਲ) ਨੇ ਕਾਲ ਸਾਈਨ ਬਾਰੇ ਪੁੱਛਗਿੱਛ ਕੀਤੀ। ਏਟੀਸੀਓ ਨੂੰ ਕੋਈ ਜਵਾਬ ਨਹੀਂ ਮਿਲਿਆ ਪਰ ਉਸਨੇ ਜਹਾਜ਼ ਨੂੰ ਹਵਾਈ ਅੱਡੇ ਦੀ ਹੱਦ ਤੋਂ ਬਾਹਰ ਕਰੈਸ਼ ਹੁੰਦੇ ਦੇਖਿਆ ਅਤੇ ਐਮਰਜੈਂਸੀ ਪ੍ਰਤੀਕਿਰਿਆ ਨੂੰ ਸਰਗਰਮ ਕੀਤਾ।"

ਰਿਪੋਰਟ ਵਿੱਚ ਏਏਆਈਬੀ ਨੇ ਇਹ ਵੀ ਕਿਹਾ ਕਿ ਜਹਾਜ਼ ਨੂੰ ਰੀਫਿਊਲ ਕਰਨ ਲਈ ਵਰਤੇ ਗਏ ਬੌਅਸਰਾਂ ਅਤੇ ਟੈਂਕਾਂ ਤੋਂ ਲਏ ਗਏ ਬਾਲਣ ਦੇ ਨਮੂਨੇ ਡੀਜੀਸੀਏ (ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ) ਲੈਬ ਵਿੱਚ ਟੈਸਟ ਕੀਤੇ ਗਏ ਸਨ ਅਤੇ ਤਸੱਲੀਬਖਸ਼ ਪਾਏ ਗਏ ਸਨ।

ਏਏਆਈਬੀ ਨੇ ਕਿਹਾ ਕਿ ਮਲਬੇ ਵਾਲੀ ਥਾਂ 'ਤੇ ਗਤੀਵਿਧੀਆਂ, ਜਿਸ ਵਿੱਚ ਡਰੋਨ ਫੋਟੋਗ੍ਰਾਫੀ/ਵੀਡੀਓਗ੍ਰਾਫੀ ਸ਼ਾਮਲ ਹੈ, ਪੂਰੀਆਂ ਹੋ ਚੁੱਕੀਆਂ ਹਨ ਅਤੇ ਮਲਬਾ ਹਵਾਈ ਅੱਡੇ ਦੇ ਨੇੜੇ ਇੱਕ ਸੁਰੱਖਿਅਤ ਖੇਤਰ ਵਿੱਚ ਲਿਜਾਇਆ ਗਿਆ ਹੈ। ਇਸ ਵਿੱਚ ਕਿਹਾ ਗਿਆ ਹੈ, "ਦੋਵੇਂ ਇੰਜਣ ਮਲਬਾ ਵਾਲੀ ਥਾਂ ਤੋਂ ਬਰਾਮਦ ਕੀਤੇ ਗਏ ਸਨ ਅਤੇ ਹਵਾਈ ਅੱਡੇ ਦੇ ਇੱਕ ਹੈਂਗਰ ਵਿੱਚ ਕੁਆਰੰਟੀਨ ਕੀਤੇ ਗਏ ਸਨ। ਅੱਗੇ ਦੀ ਜਾਂਚ ਲਈ ਮੁੱਖ ਹਿੱਸਿਆਂ ਦੀ ਪਛਾਣ ਕੀਤੀ ਗਈ ਹੈ।"

ਰਿਪੋਰਟ ਵਿੱਚ ਕਿਹਾ ਗਿਆ ਹੈ, "ਜਾਂਚ ਦੇ ਇਸ ਪੜਾਅ 'ਤੇ, ਬੀ787-8 ਅਤੇ/ਜਾਂ ਜੀਈ ਜੀਐਨਐਕਸ-1ਬੀ ਇੰਜਣ ਸੰਚਾਲਕਾਂ ਅਤੇ ਨਿਰਮਾਤਾਵਾਂ ਲਈ ਕੋਈ ਸਿਫਾਰਸ਼ੀ ਕਾਰਵਾਈਆਂ ਨਹੀਂ ਹਨ।"ਕਰੈਸ਼ ਹੋਇਆ ਜਹਾਜ਼ ਜੀਐਨਐਕਸ-1ਬੀ ਇੰਜਣਾਂ ਨਾਲ ਸੰਚਾਲਿਤ ਸੀ। ਗਵਾਹਾਂ ਅਤੇ ਬਚੇ ਹੋਏ ਯਾਤਰੀ ਦੇ ਬਿਆਨ ਜਾਂਚਕਰਤਾਵਾਂ ਦੁਆਰਾ ਪ੍ਰਾਪਤ ਕੀਤੇ ਗਏ ਸਨ।

ਜ਼ਿਕਰਯੋਗ ਹੈ ਕਿ ਜਹਾਜ਼ ਵਿੱਚ 230 ਯਾਤਰੀ ਸਵਾਰ ਸਨ - 15 ਬਿਜ਼ਨਸ ਕਲਾਸ ਵਿੱਚ ਸਨ ਅਤੇ 215, ਜਿਨ੍ਹਾਂ ਵਿੱਚ ਦੋ ਨਵਜੰਮੇ ਬੱਚੇ ਵੀ ਸ਼ਾਮਲ ਸਨ, ਇਕੌਨਮੀ ਕਲਾਸ ਵਿਚ ਸਨ। ਪਾਇਲਟ ਇਨ ਕਮਾਂਡ (ਪੀਆਈਸੀ) ਕੋਲ 15,638 ਘੰਟਿਆਂ ਤੋਂ ਵੱਧ ਦਾ ਉਡਾਣ ਦਾ ਤਜਰਬਾ ਸੀ ਜਦੋਂ ਕਿ ਪਹਿਲੇ ਅਧਿਕਾਰੀ ਕੋਲ 3,403 ਘੰਟਿਆਂ ਤੋਂ ਵੱਧ ਦਾ ਉਡਾਣ ਦਾ ਤਜਰਬਾ ਸੀ।

ਏਅਰ ਇੰਡੀਆ ਨੇ ਸ਼ਨਿਚਰਵਾਰ ਨੂੰ ਕਿਹਾ ਕਿ ਉਹ ਰੈਗੂਲੇਟਰਾਂ ਅਤੇ ਹੋਰ ਹਿੱਸੇਦਾਰਾਂ ਨਾਲ ਨੇੜਿਓਂ ਕੰਮ ਕਰ ਰਹੀ ਹੈ ਅਤੇ ਜਹਾਜ਼ ਹਾਦਸੇ ਦੀ ਚੱਲ ਰਹੀ ਜਾਂਚ ਵਿੱਚ ਅਧਿਕਾਰੀਆਂ ਨਾਲ ਸਹਿਯੋਗ ਦੇਣਾ ਜਾਰੀ ਰੱਖੇਗੀ।

# 'ਅਸੀਂ ਵੀਜ਼ੇ ਰੱਦ ਕਰ ਦੇਵਾਂਗੇ ਜੇ': ਅਮਰੀਕੀ ਸਫ਼ਾਰਤਖ਼ਾਨੇ ਵੱਲੋਂ ਭਾਰਤੀ ਯਾਤਰੀਆਂ ਨੂੰ ਤਾਜ਼ਾ ਚੇਤਾਵਨੀ ਜਾਰੀ

**ਨਵੀਂ ਦਿੱਲੀ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿੱਚ ਸਥਿਤ ਅਮਰੀਕੀ ਸਫ਼ਾਰਤਖ਼ਾਨੇ ਨੇ ਅਮਰੀਕੀ ਵੀਜ਼ਾ ਧਾਰਕ ਭਾਰਤੀਆਂ ਨੂੰ ਤੈਅ ਇਮੀਗ੍ਰੇਸ਼ਨ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਚੇਤਾਵਨੀ ਦਿੱਤੀ ਹੈ। ਇਸ ਚੇਤਾਵਨੀ ਵਿਚ ਸਾਫ਼ ਕਿਹਾ ਗਿਆ ਹੈ ਕਿ ਅਜਿਹਾ ਕਰਨ ਵਿੱਚ ਨਾਕਾਮ ਰਹਿਣ 'ਤੇ ਵੀਜ਼ਾ ਰੱਦ ਕਰ ਕੇ ਸਬੰਧਤ ਵਿਅਕਤੀ ਨੂੰ ਅਮਰੀਕਾ ਵਿਚੋਂ ਡਿਪੋਰਟ ਕੀਤਾ ਜਾ ਸਕਦਾ ਹੈ।

ਸੋਸ਼ਲ ਮੀਡੀਆ ਪਲੇਟਫਾਰਮ ✓ 'ਤੇ ਇੱਕ ਪੋਸਟ ਵਿੱਚ ਦੂਤਾਵਾਸ ਨੇ ਕਿਹਾ, "ਵੀਜ਼ਾ ਜਾਰੀ ਹੋਣ ਤੋਂ ਬਾਅਦ ਵੀਜ਼ਾ ਸਕ੍ਰੀਨਿੰਗ ਬੰਦ ਨਹੀਂ ਹੁੰਦੀ। ਅਸੀਂ ਇਹ ਯਕੀਨੀ ਬਣਾਉਣ ਲਈ ਵੀਜ਼ਾ ਧਾਰਕਾਂ ਦੀ ਲਗਾਤਾਰ ਜਾਂਚ ਕਰਦੇ ਹਾਂ ਕਿ ਉਹ ਸਾਰੇ ਅਮਰੀਕੀ ਕਾਨੂੰਨਾਂ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਕਰਦੇ ਹਨ ਜਾਂ ਨਹੀਂ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਅਸੀਂ ਉਨ੍ਹਾਂ ਦੇ ਵੀਜ਼ੇ ਰੱਦ ਕਰ ਦੇਵਾਂਗੇ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ (ਡਿਪੋਰਟ) ਦੇ ਦੇਵਾਂਗੇ।

ਗ਼ੌਰਤਲਬ ਹੈ ਕਿ ਪਹਿਲਾਂ ਅਮਰੀਕਾ ਨੇ ਇੱਕ ਸਲਾਹ ਜਾਰੀ ਕੀਤੀ ਸੀ ਜਿਸ ਵਿੱਚ ਵੀਜ਼ਾ ਬਿਨੈਕਾਰਾਂ ਲਈ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੇ ਵੇਰਵੇ ਮੁਹੱਈਆ ਕਰਾਉਣੇ ਜ਼ਰੂਰੀ ਕੀਤੇ ਗਏ ਸਨ। ਇਸ ਦਾ ਮਕਸਦ ਇਨ੍ਹਾਂ ਵੀਜ਼ਾ ਖ਼ਾਤਿਆਂ ਦੀ ਅਮਰੀਕੀ ਕਾਨੂੰਨਾਂ ਦੇ ਉਲਟ ਕਿਸੇ ਵੀ ਸਮੱਗਰੀ ਜਾਂ ਵਿਚਾਰਾਂ ਲਈ ਇਨ੍ਹਾਂ ਦੀ ਪੜਤਾਲ ਕਰਨਾ ਹੈ।

# ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਕੱਟੇ ਚਲਾਣ

**ਮਾਛੀਵਾੜਾ ਸਾਹਿਬ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਥਾਣਾ ਮੁਖੀ ਹਰਵਿੰਦਰ ਸਿੰਘ ਦੀ ਅਗਵਾਈ ਵਿੱਚ ਪੁਲਿਸ ਪਾਰਟੀ ਵੱਲੋਂ ਖਾਲਸਾ ਚੌਂਕ ਵਿਖੇ ਨਾਕਾ ਲਗਾ ਕੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ ਗਏ। ਪ੍ਰਸ਼ਾਸਨ ਵੱਲੋਂ ਬਾਰ-ਬਾਰ ਹਦਾਇਤਾਂ ਕਰਦੇ ਬਾਵਜੂਦ ਵੀ ਬਹੁਤ ਸਾਰੇ ਵਾਹਨ ਚਾਲਕ ਆਪਣੇ ਕਾਗਜ਼ਾਤ ਪੂਰੇ ਨਹੀਂ ਰੱਖਦੇ ਮੋਟਰਸਾਈਕਲਾਂ ਤੇ ਤਿੰਨ ਤਿੰਨ ਸਵਾਰੀਆਂ ਬੈਠ ਹੌਰਨ ਵਜਾਉਂਦੇ ਬਾਜ਼ਾਰਾਂ ਵਿੱਚ ਹੁੜਦੰਗ ਮਚਾਉਣ ਵਾਲਿਆਂ ਤੇ ਪੁਲਿਸ ਨੇ ਸਖਤ ਕਾਰਵਾਈ ਕਰਦਿਆਂ ਉਹਨਾਂ ਦੇ ਮੋਟਰਸਾਈਕਲ ਥਾਣੇ ਬੰਦ ਕਰ ਦਿੱਤੇ। ਥਾਣਾ ਮੁਖੀ ਹਰਵਿੰਦਰ ਸਿੰਘ ਨੇ ਦੱਸਿਆ ਕਿ ਮਾਨਯੋਗ ਐਸ.ਐਸ.ਪੀ. ਡਾਕਟਰ ਜੋਤੀ ਯਾਦਵ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੁਲਿਸ ਜਿਲਾ ਖੰਨਾ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਕਾਇਮ ਰੱਖੀ ਜਾਵੇਗੀ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵਾਰ-ਵਾਰ ਅਪੀਲ ਕੀਤੀ ਗਈ ਹੈ ਕਿ ਉਹ ਆਪਣੇ ਵਹੀਕਲਾਂ ਦੇ ਕਾਗਜ਼ਾਤ ਆਪਣੇ ਕੋਲ ਰੱਖਣ, ਟਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਹੋਏ ਸਿਰ ਤੇ ਹੈਲਮਟ ਜਰੂਰ ਪਹਿਨਣ ਅਤੇ ਦੋਪਹੀਆ ਵਾਹਨਾਂ ਤੇ ਦੋ ਸਵਾਰੀਆਂ ਹੀ ਸਫਰ ਕਰਨ।

# ਆਰਸੇਟੀ ਨੇ ਛੇ ਮਹੀਨੇ 'ਚ 9 ਹਜ਼ਾਰ ਵਿਦਿਆਰਥੀਆਂ ਨੂੰ ਕਿੱਤਾ ਮੁਖੀ ਕੋਰਸਾਂ ਦੀ ਟਰੇਨਿੰਗ ਦੇ ਕੇ ਬਣਾਇਆ ਸਵੈ ਰੋਜ਼ਗਾਰ ਦੇ ਕਾਬਲ




**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੇਟ ਬੈਂਕ ਆਫ਼ ਇੰਡੀਆ (ਐਸ.ਬੀ.ਆਈ.) ਦੀ ਦਿਹਾਤੀ ਸਵੈ ਰੋਜ਼ਗਾਰ ਟਰੇਨਿੰਗ ਇੰਸਟੀਚਿਊਟ (ਆਰਸੇਟੀ), ਪਟਿਆਲਾ ਵੱਲੋਂ ਅੱਜ ਤੋਂ 31 ਦਿਨਾਂ ਦੀ ਡੇਅਰੀ ਫਾਰਮਿੰਗ ਅਤੇ ਵਰਮੀ ਕੰਪੋਸਟ ਟ?ਰੇਨਿੰਗ ਦੀ ਸ਼ੁਰੂਆਤ ਕੀਤੀ ਗਈ। ਇਸ ਕੋਰਸ ਵਿੱਚ 30 ਤੋਂ ਵੱਧ ਨੌਜਵਾਨਾਂ ਨੇ ਜੋਸ਼ ਅਤੇ ਜਜ਼ਬੇ ਨਾਲ ਹਿੱਸਾ ਲਿਆ।

ਡਾਇਰੈਕਟਰ ਭਗਵਾਨ ਸਿੰਘ ਵਰਮਾ, ਡੀ.ਬੀ.ਈ.ਈ. ਤੋਂ ਡਿਪਟੀ ਸੀਈਓ ਸ.ਸਤਿੰਦਰ ਸਿੰਘ ਅਤੇ ਆਰਸੇਟੀ ਟੀਮ ਦੇ ਹਰਦੀਪ ਸਿੰਘ ਰਾਏ, ਬਲਜਿੰਦਰ ਸਿੰਘ, ਅਜੀਤਇੰਦਰ ਸਿੰਘ, ਜਸਵਿੰਦਰ ਸਿੰਘ ਅਤੇ ਸੁਮਿਤ ਜੋਸ਼ੀ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਅਤੇ ਮੁਦਰਾ ਯੋਜਨਾ ਰਾਹੀਂ ਲੋਨ ਲੈ ਕੇ ਆਪਣਾ ਕਾਰੋਬਾਰ ਸ਼ੁਰੂ ਕਰਨ।

ਟ?ਰੇਨਿੰਗ ਦੌਰਾਨ ਵਿਦਿਆਰਥੀਆਂ ਨੂੰ ਡੇਅਰੀ ਫਾਰਮਿੰਗ, ਪਸ਼ੂ ਸੰਭਾਲ, ਦੁੱਧ ਉਤਪਾਦਨ ਪ੍ਰਬੰਧਨ ਅਤੇ ਵਰਮੀ ਕੰਪੋਸਟ ਬਣਾਉਣ ਬਾਰੇ ਵਿਅਕਤੀਗਤ ਅਤੇ ਆਧੁਨਿਕ ਤਰੀਕਿਆਂ ਨਾਲ ਸਿੱਖਿਆ ਦਿੱਤੀ ਜਾਵੇਗੀ। ਇਹ ਸਿਰਫ਼ ਇੱਕ ਕੋਰਸ ਨਹੀਂ, ਬਲਕਿ ਨੌਜਵਾਨਾਂ ਲਈ ਖ਼ੁਦ ਨੌਕਰੀ ਦਿੰਦਿਆਂ ਬਣਨ ਦੀ ਸ਼ੁਰੂਆਤ ਹੈ।

ਉਨ੍ਹਾਂ ਦੱਸਿਆ ਕਿ ਸਾਲ 2025 ਤਕ ਆਰਸੇਟੀ ਪਟਿਆਲਾ ਵੱਲੋਂ ਹੁਣ ਤੱਕ 9064 ਤੋਂ ਵੱਧ ਵਿਦਿਆਰਥੀਆਂ ਨੂੰ ਵੱਖ-ਵੱਖ ਕੋਰਸਾਂ ਜਿਵੇਂ ਕਿ ਫਾਸਟ ਫੂਡ, ਬਿਊਟੀ ਪਾਰਲਰ, ਟੇਲਰਿੰਗ, ਜੂਟ ਉਤਪਾਦ ਆਦਿ ਵਿੱਚ ਸਿਖਲਾਈ ਦਿੱਤੀ ਜਾ ਚੁੱਕੀ ਹੈ। ਅਗਸਤ ਤੋਂ ਨਵੇਂ ਬੈਚ ਸ਼ੁਰੂ ਹੋਣ ਵਾਲੇ ਹਨ, ਜਿਨ੍ਹਾਂ ਵਿੱਚ ਡੇਅਰੀ ਫਾਰਮਿੰਗ, ਮਧੂਮੱਖੀ ਪਾਲਣ, ਕੰਪਿਊਟਰ ਅਕਾਊਂਟਿੰਗ, ਵਰਮੀ ਕੰਪੋਸਟ ਅਤੇ ਜੂਟ ਉਤਪਾਦ ਉਦਯੋਗਿਕਤਾ ਸ਼ਾਮਲ ਹੋਣਗੇ। ਰਜਿਸਟਰੇਸ਼ਨ ਜਾਰੀ ਹੈ। ਜਿਹੜੇ ਨੌਜਵਾਨ ਇਨ੍ਹਾਂ ਕੋਰਸਾਂ ਵਿੱਚ ਭਾਗ ਲੈਣਾ ਚਾਹੁੰਦੇ ਹਨ, ਉਹ ਹੇਠ ਲਿਖੇ ਨੰਬਰ 'ਤੇ ਸੰਪਰਕ ਕਰ ਸਕਦੇ ਹਨ, ਰਜਿਸਟ?ਰੇਸ਼ਨ ਜਾਰੀ ਹੈ। ਸੀਟਾਂ ਸੀਮਤ ਹਨ।

# ਵਿਸ਼ਵ ਅਬਾਦੀ ਦਿਵਸ ਮੌਕੇ ਕਰਵਾਈਆਂ ਜਾਗਰੂਕਤਾ ਗਤੀਵਿਧੀਆਂ

**ਬਰਨਾਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਅਤੇ ਐਸ.ਐਮ.ਓ ਮਹਿਲ ਕਲਾਂ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਵਿਸ਼ਵ ਅਬਾਦੀ ਦਿਵਸ ਮੌਕੇ ਬਲਾਕ ਦੇ ਵੱਖ ਵੱਖ ਪਿੰਡਾਂ ਵਿੱਚ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਗਈਆਂ।

ਇਸ ਮੌਕੇ ਜਾਣਕਾਰੀ ਦਿੰਦਿਆਂ ਡਾ. ਗੁਰਤੇਜਿੰਦਰ ਕੌਰ ਨੇ ਦੱਸਿਆ ਕਿ ਵਿਸ਼ਵ ਅਬਾਦੀ ਦਿਵਸ ਹਰ ਸਾਲ ਦੁਨੀਆਂ ਵਿੱਚ ਵੱਧ ਰਹੀ ਅਬਾਦੀ ਅਤੇ ਇਸ ਕਰਕੇ ਪੈਦਾ ਹੋ ਰਹੀਆਂ ਚੁਣੌਤੀਆਂ ਅਤੇ ਸਮਸਿਆਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਵਧਦੀ ਆਬਾਦੀ ਨੂੰ ਕਾਬੂ ਕਰਨ ਦੇ ਉਪਾਵਾਂ ਬਾਰੇ ਚਰਚਾ ਕਰਨ ਲਈ ਮਨਾਇਆ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਇਸ ਸਾਲ ਵਿਸ਼ਵ ਅਬਾਦੀ ਦਿਵਸ, ਮਾਂ ਬਣਨ ਦੀ ਉਮਰ ਉਹੀ ਜਦੋਂ ਸਰੀਰ ਅਤੇ ਮਨ ਦੀ ਤਿਆਰੀ ਹੋਵੇ ਸਹੀ ਥੀਮ ਤਹਿਤ ਮਨਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਔਰਤਾਂ ਨੂੰ ਸਿੱਖਿਅਤ, ਸੁਤੰਤਰ ਬਣਾਉਣਾ, ਜਨਸੰਖਿਆ ਕੰਟਰੋਲ ਕਰਨ ਵਿੱਚ ਸਭ ਤੋਂ ਵੱਧ ਸਹਾਈ ਹੋ ਸਕਦਾ ਹੈ ਕਿਉਂਕਿ ਇੱਕ ਪੜ੍ਹੀ-ਲਿਖੀ ਔਰਤ ਆਪਣੇ ਫਰਜ਼ਾਂ ਤੇ ਅਧਿਕਾਰਾਂ ਪ੍ਰਤੀ ਜਾਣੂ ਹੋਵੇਗੀ ਅਤੇ ਆਪਣੇ ਸਮਾਜ ਅਤੇ ਪਰਿਵਾਰ ਦੀ ਭਲਾਈ ਲਈ ਪਰਿਵਾਰ ਨਿਯੋਜਨ ਨੂੰ ਅਪਣਾ ਕੇ ਆਬਾਦੀ ਕੰਟਰੋਲ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕੇਗੀ।

ਇਸ ਮੌਕੇ ਪਿੰਡ ਮਹਿਲ ਕਲਾਂ ਵਿਖੇ ਜਾਗਰੂਕਤਾ ਕੈਂਪ ਦੌਰਾਨ ਸੀ.ਐਚ.ਓ ਸੁਖਦੀਪ ਕੌਰ ਨੇ ਆਬਾਦੀ ਕੰਟਰੋਲ ਲਈ ਪਰਿਵਾਰ ਨਿਯੋਜਨ ਦੇ ਵੱਖ-ਵੱਖ ਤਰੀਕਿਆਂ ਬਾਰੇ ਵਿਸਥਾਰ ਨਾਲ ਦੱਸਿਆ।

# ਐਸਯੂਵੀ ਖੱਡ ਵਿੱਚ ਡਿੱਗਣ ਕਾਰਨ 5 ਮੌਤਾਂ, ਇੱਕ ਜ਼ਖ਼ਮੀ

**ਰਾਮਬਨ/ਜੰਮੂ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ-ਕਸ਼ਮੀਰ ਦੇ ਰਾਮਬਨ ਜ਼ਿਲ੍ਹੇ ਵਿੱਚ ਇੱਕ ਨਿੱਜੀ ਯਾਤਰੀ ਵਾਹਨ ਦੇ ਸੜਕ ਤੋਂ ਤਿਲਕ ਕੇ 600 ਫੁੱਟ ਡੂੰਘੀ ਖੱਡ ਵਿੱਚ ਡਿੱਗਣ ਕਾਰਨ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇੱਕ ਹੋਰ ਗੰਭੀਰ ਜ਼ਖ਼ਮੀ ਹੋ ਗਿਆ। ਅਧਿਕਾਰੀਆਂ ਨੇ ਕਿਹਾ ਕਿ ਐਸਯੂਵੀ ਸ਼ੁੱਕਰਵਾਰ ਦੇਰ ਰਾਤ ਉਖਰਾਲ ਪੋਗਲ ਪਰਿਸਟਨ ਖੇਤਰ ਵਿੱਚ ਸੈਨਾਬਾਠੀ ਨੇੜੇ ਹਾਦਸੇ ਦਾ ਸ਼ਿਕਾਰ ਹੋਈ। ਹਾਦਸੇ ਮੌਕੇ ਬਚਾਅ ਕਰਮਚਾਰੀਆਂ ਨੇ ਇੱਕ ਯਾਤਰੀ ਤੌਕੀਰ ਅਹਿਮਦ (20) ਨੂੰ ਮੌਕੇ 'ਤੇ ਮ੍ਰਿਤਕ ਪਾਇਆ ਜਦੋਂ ਕਿ ਪੰਜ ਹੋਰ ਗੰਭੀਰ ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਨ੍ਹਾਂ ਵਿੱਚੋਂ ਤਿੰਨ - ਮੁਹੰਮਦ ਰਫੀਕ (40), ਅਬਦੁਲ ਲਤੀਫ਼ (40) ਅਤੇ ਐਜਾਜ਼ ਅਹਿਮਦ (20) ਨੇ ਰਾਹ ਵਿੱਚ ਹੀ ਦਮ ਤੋੜ ਦਿੱਤਾ। ਸ਼ਕੀਲ ਅਹਿਮਦ (24) ਨੇ ਅੱਜ ਸਵੇਰੇ ਸ੍ਰੀਨਗਰ ਦੇ ਇੱਕ ਹਸਪਤਾਲ ਵਿੱਚ ਆਖਰੀ ਸਾਹ ਲਿਆ ਜਦੋਂ ਕਿ ਬਚੇ ਹੋਏ ਇਕੱਲੇ ਯਵਾਰ ਅਹਿਮਦ (25) ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

ਉਪ ਰਾਜਪਾਲ ਮਨੋਜ ਸਿਨਹਾ, ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਅਤੇ ਜ਼ਖਮੀਆਂ ਅਤੇ ਪੀੜਤਾਂ ਦੇ ਪਰਿਵਾਰਾਂ ਨੂੰ ਲੋੜੀਂਦੀ ਸਹਾਇਤਾ ਦਾ ਭਰੋਸਾ ਦਿੱਤਾ।

ਰਾਮਬਨ ਦੇ ਡਿਪਟੀ ਕਮਿਸ਼ਨਰ ਮੁਹੰਮਦ ਅਲਿਆਸ ਖਾਨ ਨੇ ਮ੍ਰਿਤਕਾਂ ਦੇ ਵਾਰਸਾਂ ਨੂੰ 1-1 ਲੱਖ ਰੁਪਏ ਅਤੇ ਜ਼ਖਮੀਆਂ ਨੂੰ 25,000 ਰੁਪਏ ਦੀ ਸਹਾਇਤਾ ਦਾ ਐਲਾਨ ਕੀਤਾ ਹੈ। ਡੀਸੀ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, "ਪ੍ਰਭਾਵਿਤ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ।"

# ਪੰਜਾਬ ਦੇ 8 ਆਈਪੀਐੱਸ ਅਧਿਕਾਰੀਆਂ ਦੇ ਤਬਾਦਲੇ



ਡੀਆਈਜੀ ਤਕਨੀਕੀ ਸਰਵਿਸ ਪੰਜਾਬ ਤੇ ਡੀਆਈਜੀ ਪਟਿਆਲਾ ਰੇਂਜ ਲਾਏ ਗਏ ਕੁਲਦੀਪ ਸਿੰਘ ਚਾਹਿਲ। - ਫੋਟੋਆਂ: ਰਾਜੇਸ਼ ਸੱਚਰ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਅੱਜ ਪੁਲੀਸ ਵਿਭਾਗ ਵਿੱਚ ਵੱਡਾ ਫੇਰਬਦਲ ਕਰਦਿਆਂ 8 ਆਈਪੀਐੱਸ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਹਨ।

ਇਸ ਸਬੰਧੀ ਜਾਰੀ ਹੁਕਮਾਂ ਮੁਤਾਬਕ ਆਈਪੀਐੱਸ ਅਧਿਕਾਰੀ ਨੀਲਾਂਬਰੀ ਜਗਦਲੇ ਨੂੰ ਡੀਆਈਆਰ ਕਾਊਂਟਰ ਇੰਟੈਲੀਜੈਂਸ ਪੰਜਾਬ ਲਾਇਆ ਗਿਆ ਹੈ। ਕੁਲਦੀਪ ਸਿੰਘ ਚਾਹਿਲ ਨੂੰ ਡੀਆਈਜੀ ਤਕਨੀਕੀ ਸਰਵਿਸ ਪੰਜਾਬ ਦੇ ਨਾਲ ਡੀਈਜੀ ਪਟਿਆਲਾ ਰੇਂਜ ਦੀ ਵਾਧੂ ਜ਼ਿੰਮੇਵਾਰੀ ਦਿੱਤੀ ਗਈ ਹੈ।

ਇਸ ਤੋਂ ਇਲਾਵਾ ਆਈਪੀਐੱਸ ਅਧਿਕਾਰੀ ਸਤਿੰਦਰ ਸਿੰਘ ਨੂੰ ਡੀਆਈਜੀ ਲੁਧਿਆਣਾ ਰੇਂਜ, ਡਾਕਟਰ ਨਾਨਕ ਸਿੰਘ ਨੂੰ ਡੀਆਈਜੀ ਬਾਰਡਰ ਰੇਂਜ ਅੰਮ੍ਰਿਤਸਰ, ਗੁਰਮੀਤ ਸਿੰਘ ਚੌਹਾਨ ਨੂੰ ਡੀਆਈਜੀ ਐਂਟੀ ਗੈਂਗਸਟਰ ਟਾਸਕ ਫੋਰਸ ਪੰਜਾਬ ਲਾਇਆ ਗਿਆ ਹੈ।

**ਡਾ. ਨਾਨਕ ਸਿੰਘ ਡੀਆਈਜੀ ਬਾਰਡਰ ਰੇਂਜ ਅੰਮ੍ਰਿਤਸਰ**

ਇਸੇ ਤਰ੍ਹਾਂ ਨਵੀਨ ਸੈਣੀ ਨੂੰ ਡੀਆਈਜੀ ਕਰਾਈਮ ਪੰਜਾਬ, ਧਰੁਵ ਦਹੀਆ ਨੂੰ ਏਆਈਜੀ ਕਾਊਂਟਰ ਇੰਟੈਲੀਜੈਂਸ ਪੰਜਾਬ ਅਤੇ ਡਾ. ਸੁਦਰਵਿਸ਼ੀ ਨੂੰ ਏਆਈਜੀ ਇੰਟਰਨਲ ਸਿਕਿਉਰਿਟੀ ਪੰਜਾਬ ਲਗਾਇਆ ਗਿਆ ਹ

# ਚਾਰ ਮੰਜ਼ਿਲਾ ਇਮਾਰਤ ਢਹਿਣ ਨਾਲ 2 ਮੌਤਾਂ, 8 ਜ਼ਖਮੀ; ਬਚਾਅ ਕਾਰਜ ਜਾਰੀ

**ਨਵੀਂ ਦਿੱਲੀ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ-ਪੂਰਬੀ ਦਿੱਲੀ ਦੇ ਵੈਲਕਮ ਇਲਾਕੇ ਵਿੱਚ ਇੱਕ ਚਾਰ-ਮੰਜ਼ਿਲਾ ਇਮਾਰਤ ਢਹਿਣ ਕਾਰਨ ਦੋ ਵਿਅਕਤੀਆ ਦੀ ਮੌਤ ਹੋ ਗਈ ਅਤੇ ਇੱਕ ਸਾਲ ਦੇ ਬੱਚੇ ਸਮੇਤ ਅੱਠ ਲੋਕ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਮਲਬੇ ਵਿੱਚ ਫਸੇ ਲੋਕਾਂ ਵਿੱਚ ਇੱਕ ਪਰਿਵਾਰ ਦੇ 10 ਮੈਂਬਰ ਸ਼ਾਮਲ ਹਨ ਜੋ ਇਮਾਰਤ ਵਿੱਚ ਰਹਿੰਦੇ ਸਨ। ਦਿੱਲੀ ਫਾਇਰ ਸਰਵਿਸਿਜ਼ ਨੇ ਦੱਸਿਆ ਕਿ ਇੱਕ ਵਿਅਕਤੀ ਅਤੇ ਇੱਕ ਔਰਤ ਨੂੰ ਮਲਬੇ ਵਿੱਚੋਂ ਕੱਢਣ ਤੋਂ ਬਾਅਦ ਮ੍ਰਿਤਕ ਪਾਇਆ ਗਿਆ ਅਤੇ ਉਨ੍ਹਾਂ ਦੀਆਂ ਲਾਸ਼ਾਂ ਜੀਟੀਬੀ ਹਸਪਤਾਲ ਭੇਜ ਦਿੱਤੀਆਂ ਗਈਆਂ। ਅੱਠ ਵਿਅਕਤੀਆਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ ਹੈ, ਜਦੋਂ ਕਿ ਮਲਬੇ ਵਿੱਚ ਫਸੇ ਹੋਰ ਲੋਕਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਅਜੇ ਵੀ ਜਾਰੀ ਹਨ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ, "ਸ਼ਨੀਵਾਰ ਸਵੇਰੇ ਲਗਭਗ 7:04 ਵਜੇ ਸਾਨੂੰ ਵੈਲਕਮ ਇਲਾਕੇ ਵਿਚ ਚਾਰ-ਮੰਜ਼ਿਲਾ ਇਮਾਰਤ ਢਹਿ ਜਾਣ ਬਾਰੇ ਸੂਚਨਾ ਮਿਲੀ। ਟੀਮ ਨੇ ਮੌਕੇ 'ਤੇ ਪਹੁੰਚ ਕੇ ਦੇਖਿਆ ਕਿ ਇਮਾਰਤ ਦੀਆਂ ਤਿੰਨ ਮਜਿਲਾਂ ਢਹਿ ਚੁੱਕੀਆਂ ਸਨ।" ਉਨ੍ਹਾਂ ਅੱਗੇ ਕਿਹਾ, "ਹੁਣ ਤੱਕ, ਅੱਠ ਜ਼ਖਮੀ ਵਿਅਕਤੀਆਂ ਨੂੰ ਬਚਾਇਆ ਗਿਆ ਹੈ, ਜਿਨ੍ਹਾਂ ਵਿੱਚੋਂਸੱਤ ਨੂੰ ਜੇਪੀਸੀ ਹਸਪਤਾਲ ਅਤੇ ਇੱਕ ਨੂੰ ਜੀਟੀਬੀ ਹਸਪਤਾਲ ਵਿੱਚ ਇਲਾਜ ਲਈ ਭੇਜਿਆ ਗਿਆ ਹੈ।" ਐਡੀਸ਼ਨਲ ਡਿਪਟੀ ਕਮਿਸ਼ਨਰ ਆਫ਼ ਪੁਲਿਸ (ਉੱਤਰ-ਪੂਰਬ) ਸੰਦੀਪ ਲਾਂਬਾ ਨੇ ਦੱਸਿਆ, "ਇਮਾਰਤ ਦਾ ਮਾਲਕ ਮਤਲੂਬ ਆਪਣੇ ਪਰਿਵਾਰਕ ਮੈਂਬਰਾਂ ਨਾਲ ਇਮਾਰਤ ਵਿੱਚ ਹੀ ਰਹਿੰਦਾ ਹੈ। ਇਸ ਦੀ ਜ਼ਮੀਨੀ ਮੰਜ਼ਿਲ ਅਤੇ ਪਹਿਲੀ ਮੰਜ਼ਿਲ ਖਾਲੀ ਹਨ।" ਉਨ੍ਹਾਂ ਕਿਹਾ ਕਿ ਸਾਹਮਣੇ ਵਾਲੀ ਇਮਾਰਤ ਨੂੰ ਵੀ ਨੁਕਸਾਨ ਪਹੁੰਚਿਆ ਹੈ।

# ਪ੍ਰਧਾਨ ਮੰਤਰੀ ਦੇ ਵਿਦੇਸ਼ੀ ਦੌਰਿਆਂ ਬਾਰੇ ਟਿੱਪਣੀਆਂ ਸੰਵਿਧਾਨਕ ਅਹੁਦੇ ਦਾ ਅਪਮਾਨ: ਸੈਣੀ




**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦੇਸ਼ੀ ਦੌਰਿਆਂ ਬਾਰੇ ਪੰਜਾਬ ਦੇ ਆਪਣੇ ਹਮਰੁਤਬਾ ਭਗਵੰਤ ਮਾਨ ਦੀਆਂ ਹਾਲੀਆ ਟਿੱਪਣੀਆਂ ਦੀ ਅਲੋਚਨਾ ਕੀਤੀ ਹੈ। ਇਨ੍ਹਾਂ ਟਿੱਪਣੀਆਂ ਨੂੰ "ਗੈਰ-ਉਚਿਤ"ਅਤੇ ਜਮਹੂਰੀ ਕਦਰਾਂ-ਕੀਮਤਾਂ ਤੇ ਸੰਵਿਧਾਨਕ ਅਹੁਦਿਆਂ ਦੀ ਸ਼ਾਨ ਦਾ ਅਪਮਾਨ ਕਰਾਰ ਦਿੰਦਿਆਂ ਸੈਣੀ ਨੇ ਮਾਨ ਨੂੰ ਦੇਸ਼ ਤੋਂ ਮੁਆਫੀ ਮੰਗਣ ਲਈ ਕਿਹਾ ਹੈ।

ਪੰਜਾਬ ਦੇ ਮੁੱਖ ਮੰਤਰੀ ਨੇ ਵੀਰਵਾਰ ਨੂੰ ਮੋਦੀ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਉਹ 10,000 ਦੀ ਆਬਾਦੀ ਵਾਲੇ ਕਿਸੇ ਵਿਦੇਸ਼ੀ ਦੇਸ਼ ਤੋਂ ਮਿਲੇ ਸਨਮਾਨ ਦਾ ਜਸ਼ਨ ਮਨਾ ਰਹੇ ਹਨ, ਜਦੋਂ ਕਿ 140 ਕਰੋੜ ਲੋਕਾਂ ਵਾਲੇ ਆਪਣੇ ਦੇਸ਼ ਦੇ ਜ਼ਰੂਰੀ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ।

ਮਾਨ ਨੂੰ ਇਸ ਟਿੱਪਣੀ ਲਈ ਕਈ ਭਾਜਪਾ ਨੇਤਾਵਾਂ ਵੱਲੋਂ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ। ਵਿਦੇਸ਼ ਮੰਤਰਾਲੇ ($51) ਨੇ ਵੀ ਟਿੱਪਣੀਆਂ ਨੂੰ "ਗੈਰ-ਜ਼ਿੰਮੇਵਾਰਾਨਾ"ਕਰਾਰ ਦਿੰਦਿਆਂ ਸਖ਼ਤ ਨਾਖੁਸ਼ੀ ਪ੍ਰਗਟਾਈ ਸੀ। ਮਾਨ ਦਾ ਨਾਮ ਲਏ ਬਿਨਾਂ $51 ਨੇ ਕਿਹਾ ਕਿ ਭਾਰਤ ਸਰਕਾਰ ਇੱਕ ਉੱਚ ਰਾਜ ਅਥਾਰਟੀ ਦੁਆਰਾ ਕੀਤੀਆਂ ਬੇਲੋੜੀਆਂ ਟਿੱਪਣੀਆਂ ਤੋਂ "ਖੁਦ ਨੂੰ ਵੱਖ"ਕਰਦੀ ਹੈ, ਜਿਨ੍ਹਾਂ ਨੇ ਭਾਰਤ ਦੇ ਦੋਸਤਾਨਾ ਦੇਸ਼ਾਂ ਨਾਲ ਸਬੰਧਾਂ ਨੂੰ ਕਮਜ਼ੋਰ ਕੀਤਾ ਹੈ।

ਹਾਲਾਂਕਿ, ਮਾਨ ਨੇ ਸ਼ੁੱਕਰਵਾਰ ਨੂੰ ਇਸ ਗੱਲ ਨੂੰ ਵਿਧਾਨ ਸਭਾ ਵਿੱਚ ਮੁੜ ਦੁਹਰਾਇਆ ਅਤੇ $51 ਦੀ ਪ੍ਰਤੀਕਿਰਿਆ 'ਤੇ ਉਨ੍ਹਾਂ ਪੁੱਛਿਆ ਕਿ ਕੀ ਉਸਨੂੰ ਵਿਦੇਸ਼ ਨੀਤੀ 'ਤੇ ਸਵਾਲ ਕਰਨ ਦਾ ਅਧਿਕਾਰ ਨਹੀਂ ਹੈ।

ਮਾਨ ਦੀਆਂ ਟਿੱਪਣੀਆਂ ਲਈ ਹਰਿਆਣਾ ਦੇ ਮੁੱਖ ਮੰਤਰੀ ਸੈਣੀ ਨੇ ਸ਼ੁੱਕਰਵਾਰ ਰਾਤ ਨੂੰ ✓ 'ਤੇ ਲਿਖਿਆ, " ਭਗਵੰਤ ਮਾਨ ਜੀ ਨੂੰ ਭੁੱਲ ਗਏ ਲੱਗਦੇ ਹਨ ਕਿ ਉਹ ਸਿਰਫ ਪ੍ਰਧਾਨ ਮੰਤਰੀ 'ਤੇ ਹੀ ਨਹੀਂ, ਬਲਕਿ 140 ਕਰੋੜ ਭਾਰਤੀਆਂ ਦੇ ਭਰੋਸੇ ਅਤੇ ਲੀਡਰਸ਼ਿਪ 'ਤੇ ਵੀ ਟਿੱਪਣੀ ਕਰ ਰਹੇ ਹਨ। ਕੌਮਾਂਤਰੀ ਰਾਜਨੀਤੀ ਵਿੱਚ ਦਖਲ ਦੇਣ ਦੀ ਬਜਾਏ, ਉਨ੍ਹਾਂ ਨੂੰ ਆਪਣੇ ਰਾਜ 'ਤੇ ਧਿਆਨ ਦੇਣਾ ਚਾਹੀਦਾ ਹੈ, ਜੋ ਨਸ਼ੇ, ਭ੍ਰਿਸ਼ਟਾਚਾਰ ਅਤੇ ਕਰਜ਼ੇ ਵਿੱਚ ਡੁੱਬ ਰਿਹਾ ਹੈ।" ਮੋਦੀ ਦੇ ਵਿਦੇਸ਼ੀ ਦੌਰਿਆਂ 'ਤੇ ਮਾਨ ਦੇ ਤਨਜ਼ ਦਾ ਹਵਾਲਾ ਦਿੰਦਿਆਂ ਸੈਣੀ ਨੇ ਲਿਖਿਆ ਕਿ ਇਹ ਸਿਰਫ ਭਾਸ਼ਾਈ ਸ਼ਿਸ਼ਟਾਚਾਰ ਦੀ ਉਲੰਘਣਾ ਨਹੀਂ ਬਲਕਿ ਜਮਹੂਰੀ ਕਦਰਾਂ-ਕੀਮਤਾਂ ਅਤੇ ਸੰਵਿਧਾਨਕ ਅਹੁਦਿਆਂ ਦੀ ਸ਼ਾਨ ਦਾ ਵੀ ਅਪਮਾਨ ਹੈ। ਉਨ੍ਹਾਂ ਲਿਖਿਆ, "ਉਨ੍ਹਾਂ(ਮਾਨ) ਨੂੰ ਆਪਣੀਆਂ ਗੈਰ-ਉਚਿਤ ਟਿੱਪਣੀਆਂ ਲਈ ਦੇਸ਼ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

# ਸਿਹਤ ਮੰਤਰੀ ਵੱਲੋਂ ਐਸ.ਸੀ. ਭਾਈਚਾਰੇ ਦੇ 38 ਲਾਭਪਾਤਰੀਆਂ ਨੂੰ ਕਰੀਬ 40 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਦਾ ਲਾਭ ਪ੍ਰਦਾਨ

**➢ਪਟਿਆਲਾ ਜ਼ਿਲ੍ਹੇ ਦੇ 400 ਲਾਭਪਾਤਰੀਆਂ ਨੂੰ ਮਿਲੀ 4 ਕਰੋੜ 83 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ : ਕੈਬਨਿਟ ਮੰਤਰੀ ➢ ਮਾਨ ਸਰਕਾਰ ਨੇ ਐਸ ਸੀ ਭਾਈਚਾਰੇ ਦਾ ਕਰਜ਼ਾ ਮਾਫ ਕਰਕੇ ਵੱਡੀ ਰਾਹਤ ਦਿੱਤੀ**

**ਪਟਿਆਲਾ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਤਿੰਨ ਕਰੋੜ ਲੋਕਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦਾ ਡਾਕਟਰੀ ਇਲਾਜ ਨਗਦੀ ਰਹਿਤ (ਕੈਸ਼ਲੈੱਸ ਟਰੀਟਮੈਂਟ) ਕਰਵਾਉਣ ਦੀ ਸਹੂਲਤ 2 ਅਕਤੂਬਰ ਤੋਂ ਮਿਲਣੀ ਸ਼ੁਰੂ ਹੋ ਜਾਵੇਗੀ। ਇਹ ਪ੍ਰਗਟਾਵਾਂ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਹਲਕੇ ਦੇ ਐਸ.ਸੀ. ਭਾਈਚਾਰੇ ਦੇ 39 ਲਾਭਪਾਤਰੀਆਂ ਨੂੰ ਕਰੀਬ 40 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ ਪ੍ਰਦਾਨ ਕਰਦਿਆਂ ਕੀਤਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਕਰਜ਼ੇ ਮੁਆਫ਼ ਕਰਕੇ ਗਰੀਬ ਪਰਿਵਾਰਾਂ ਦੀ ਬਾਂਹ ਫੜਨ ਦਾ ਵੱਡਾ ਉਪਰਾਲਾ ਕੀਤਾ ਹੈ, ਜਿਸ ਨਾਲ ਇਹ ਲਾਭਪਾਤਰੀ ਪਰਿਵਾਰ ਹੁਣ ਆਪਣੇ ਭਵਿੱਖ ਨੂੰ ਨਵੀਂ ਦਿਸ਼ਾ ਦੇ ਸਕਣਗੇ ਅਤੇ ਆਰਥਿਕ ਤੌਰ 'ਤੇ ਖੁਦਮੁਖਤਾਰ ਬਣ ਸਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਕ ਹੋਰ ਇਤਿਹਾਸਕ ਫੈਸਲਾ ਲਿਆ ਗਿਆ ਹੈ, ਜਿਸ ਤਹਿਤ 2 ਅਕਤੂਬਰ ਤੋਂ ਪੰਜਾਬ ਦੇ ਹਰੇਕ ਬਾਸ਼ਿੰਦੇ ਨੂੰ ਸਿਹਤ ਕਾਰਡ ਦਿੱਤਾ ਜਾਵੇਗਾ ਜਿਸ ਨਾਲ ਉਹ ਆਪਣਾ 10 ਲੱਖ ਰੁਪਏ ਤੱਕ ਦਾ ਇਲਾਜ ਵੀ ਮੁਫ਼ਤ ਕਰਵਾ ਸਕਣਗੇ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਅੰਦਰ 400 ਲਾਭਪਾਤਰੀਆਂ ਨੂੰ 4 ਕਰੋੜ 83 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਦਾ ਲਾਭ ?ਮਿਲਿਆ ਹੈ ਅਤੇ ਇਸ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਧਾਈ ਦੀ ਪਾਤਰ ਹੈ, ਜਿਸ ਨੇ ਇਸ ਭਾਈਚਾਰੇ ਦੇ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਐਸ.ਸੀ. ਭਾਈਚਾਰੇ ਨਾਲ ਸੰਬੰਧਤ ਪਰਿਵਾਰਾਂ ਵੱਲੋ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਤੋਂ ਲਏ ਗਏ ਕਰਜ਼ਿਆਂ ਨੂੰ ਮਾਫ ਕਰਕੇ ਇਕ ਵੱਡੀ ਰਾਹਤ ਪ੍ਰਦਾਨ ਕੀਤੀ ਹੈ। ਉਨ੍ਹਾਂ ਨੇ ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ ਵੰਡਦਿਆਂ ਕਿਹਾ ਕਿ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਪੰਜਾਬ ਲੋੜਵੰਦ ਲੋਕਾਂ ਦੀ ਮਦਦ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਐਸ.ਸੀ ਭਾਈਚਾਰੇ ਵੱਲੋਂ ਲੰਬੇ ਸਮੇਂ ਤੋਂ ਇਹ ਮੰਗ ਕੀਤੀ ਜਾ ਰਹੀ ਸੀ ਕਿ ਉਨ੍ਹਾਂ ਦੇ ਕਰਜ਼ੇ ਮਾਫ ਕੀਤੇ ਜਾਣ, ਕਿਉਂਕਿ ਹੜ੍ਹਾਂ, ਬਿਮਾਰੀਆਂ ਅਤੇ ਆਰਥਿਕ ਕਮਜ਼ੋਰੀ ਕਾਰਨ ਬਹੁਤ ਸਾਰੇ ਪਰਿਵਾਰ ਉਕਤ ਕਰਜ਼ੇ ਅਦਾ ਕਰਨ ਤੋਂ ਅਸਮਰੱਥ ਸਨ।

ਇਸ ਮੌਕੇ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਕੁਲਵਿੰਦਰ ਕੌਰ, ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਪਟਿਆਲਾ ਵੱਲੋਂ ਜ਼ਿਲ੍ਹਾ ਮੈਨੇਜਰ ਮੰਜੂ ਬਾਲਾ ਵੀ ਹਾਜ਼ਰ ਸਨ। ਜ਼ਿਲ੍ਹਾ ਮੈਨੇਜਰ ਮੰਜੂ ਬਾਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 31 ਮਾਰਚ 2020 ਤੱਕ ਦੇ ਸਾਰੇ ਕਰਜ਼ਾ ਕੇਸਾਂ ਵਿੱਚ ਕਰਜ਼ਾ ਮੁਆਫੀ ਕਰ ਦਿੱਤੀ ਗਈ ਹੈ।

ਇਸ ਮੌਕੇ ਕੌਂਸਲਰ ਜਸਬੀਰ ਗਾਂਧੀ, ਜੈ ਸ਼ੰਕਰ ਸ਼ਰਮਾ, ਸੁਰੇਸ਼ ਰਾਏ ਅਤੇ ਵੱਡੀ ਗਿਣਤੀ ਵਿਚ ਲਾਭਪਾਤਰੀ ਮੌਜੂਦ ਸਨ।

# ਪਾਣੀਪਤ ਦੀ ਔਰਤ ਨਾਲ ਕੁਰੂਕਸ਼ੇਤਰ ਸਟੇਸ਼ਨ 'ਤੇ ਹੋਇਆ ਸੀ ਸਮੂਹਿਕ ਜਬਰ-ਜਨਾਹ, 2 ਗ੍ਰਿਫ਼ਤਾਰ: SIT

**ਪਾਣੀਪਤ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਵਿਸ਼ੇਸ਼ ਜਾਂਚ ਟੀਮ ਨੇ ਪਾਇਆ ਹੈ ਕਿ ਪਾਣੀਪਤ ਦੀ ਜਿਸ ਔਰਤ ਦੀ ਲੱਤ ਇੱਕ ਰੇਲ ਹਾਦਸੇ ਤੋਂ ਬਾਅਦ ਕੱਟ ਦਿੱਤੀ ਗਈ ਸੀ, ਨਾਲ ਕੁਰੂਕਸ਼ੇਤਰ ਰੇਲਵੇ ਸਟੇਸ਼ਨ 'ਤੇ ਇੱਕ ਖੜ੍ਹੀ ਰੇਲ ਗੱਡੀ ਵਿੱਚ ਸਮੂਹਿਕ ਜਬਰ-ਜਨਾਹ ਕੀਤਾ ਗਿਆ ਸੀ, ਨਾ ਕਿ ਪਾਣੀਪਤ ਵਿਚ। ਗ਼ੌਰਤਲਬ ਹੈ ਕਿ ਪਹਿਲਾਂ ਇਹੋ ਸਮਝਿਆ ਜਾ ਰਿਹਾ ਸੀ ਕਿ ਉਸ ਨਾਲ ਪਾਣੀਪਤ ਵਿਚ ਜਬਰ-ਜਨਾਹ ਹੋਇਆ ਸੀ।

ਪੀਜੀਆਈਐਮਐਸ ਰੋਹਤਕ ਵਿਖੇ ਜ਼ੇਰੇ-ਇਲਾਜ ਇਸ ਔਰਤ ਦੇ ਬਿਆਨਾਂ ਤੋਂ ਬਾਅਦ ਪੰਜ ਦਿਨ ਪਹਿਲਾਂ ਐਸਆਈਟੀ ਦਾ ਗਠਨ ਐਸਪੀ ਰੇਲਵੇ ਨਿਕਿਤਾ ਗਹਿਲੋਤ ਦੇ ਨਿਰਦੇਸ਼ਾਂ ਹੇਠ ਕੀਤਾ ਗਿਆ ਸੀ। ਇਸ ਸਬੰਧ ਵਿਚ ਕੁਰੂਕਸ਼ੇਤਰ ਦੇ ਸ਼ਿਵਮ ਅਤੇ ਟੋਹਾਣਾ ਦੇ ਭਜਨ ਲਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਭਜਨ ਲਾਲ ਕੁਰੂਕਸ਼ੇਤਰ ਸਟੇਸ਼ਨ 'ਤੇ ਤਾਇਨਾਤ ਰੇਲਵੇ ਟੈਕਨੀਸ਼ੀਅਨ ਵਜੋਂ ਕੰਮ ਕਰਦਾ ਹੈ।

ਗ਼ੌਰਤਲਬ ਹੈ ਕਿ ਪਾਣੀਪਤ ਦੀ ਰਹਿਣ ਵਾਲੀ 35 ਸਾਲਾ ਔਰਤ 24 ਜੂਨ ਦੀ ਰਾਤ ਨੂੰ ਲਾਪਤਾ ਹੋ ਗਈ ਸੀ। ਉਸ ਦੇ ਪਤੀ ਨੇ 26 ਜੂਨ ਨੂੰ ਕਿਲਾ ਪੁਲੀਸ ਸਟੇਸ਼ਨ ਵਿੱਚ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਈ ਸੀ ਅਤੇ 1 ਜੁਲਾਈ ਨੂੰ ਇੱਕ ਕੇਸ ਦਰਜ ਕੀਤਾ ਗਿਆ ਸੀ। ਬਾਅਦ ਵਿੱਚ ਉਹ ਸੋਨੀਪਤ ਦੇ ਹਿੰਦੂ ਕਾਲਜ ਦੇ ਨੇੜੇ ਮਿਲੀ ਸੀ, ਜਿਸ ਦੀ ਇਕ ਲੱਤ 25 ਜੂਨ ਨੂੰ ਰੇਲ ਹਾਦਸੇ 'ਚ ਕੱਟੀ ਗਈ ਸੀ।

ਉਸ ਨੂੰ ਸ਼ੁਰੂ ਵਿੱਚ ਸੋਨੀਪਤ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਤੇ ਫਿਰ ਪੀਜੀਆਈਐਮਐਸ ਰੋਹਤਕ ਰੈਫਰ ਕੀਤਾ ਗਿਆ, ਜਿੱਥੇ 4 ਜੁਲਾਈ ਨੂੰ ਉਸਨੇ ਇੱਕ ਮਹਿਲਾ ਡਾਕਟਰ ਨੂੰ ਦੱਸਿਆ ਕਿ ਉਸ ਨਾਲ ਰੇਲਗੱਡੀ ਦੇ ਡੱਬੇ ਵਿੱਚ 2-3 ਆਦਮੀਆਂ ਨੇ ਸਮੂਹਿਕ ਜਬਰ-ਜਨਾਹ ਕੀਤਾ ਸੀ। ਇਸ ਦੇ ਆਧਾਰ 'ਤੇ ਕਿਲਾ ਪੁਲੀਸ ਨੇ ਇੱਕ ਜ਼ੀਰੋ ਐਫਆਈਆਰ ਦਰਜ ਕੀਤੀ ਅਤੇ ਪਾਣੀਪਤ ਜੀਆਰਪੀ ਨੂੰ ਭੇਜ ਦਿੱਤੀ, ਜਿਸਨੇ ਜਾਂਚ ਸ਼ੁਰੂ ਕੀਤੀ। ਐਸਪੀ ਗਹਿਲੋਤ ਨੇ ਕਿਹਾ ਕਿ ਪੀੜਤਾ ਦੀ ਮਾਨਸਿਕ ਸਥਿਤੀ ਕਾਰਨ, ਉਹ ਹਮਲੇ ਦੀ ਜਗ?ਹਾ ਦੀ ਸਪਸ਼ਟ ਤੌਰ 'ਤੇ ਪਛਾਣ ਕਰਨ ਵਿੱਚ ਅਸਮਰੱਥ ਸੀ। ਉਸਨੇ ਕਿਹਾ ਕਿ ਠੋਸ ਸੁਰਾਗ ਦੀ ਘਾਟ ਕਾਰਨ ਜਾਂਚ ਕਾਫ਼ੀ ਚੁਣੌਤੀਪੂਰਨ ਸੀ ਅਤੇ ਪੁਲੀਸ ਟੀਮ ਨੂੰ ਮੁਲਜ਼ਮਾਂ ਤੱਕ ਪੁੱਜਣ ਲਈ ਕਾਫ਼ੀ ਮਿਹਨਤ ਕਰਨੀ ਪਈ।

# ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਨਿਵੇਕਲੀ ਪਹਿਲ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਸੁਪਨੇ ਸਾਕਾਰ ਕਰਨ ਦੇ ਉਦੇਸ਼ ਨਾਲ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਵਿਧਾਨ ਸਭਾ ਹਲਕਾ ਮਲੋਟ ਤੋਂ ਇੱਕ ਵਿਲੱਖਣ ਪਹਿਲਕਦਮੀ ਸ਼ੁਰੂ ਕੀਤੀ ਹੈ। ਇਸ ਨਿਵੇਕਲੀ ਪਹਿਲ ਤਹਿਤ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਹਲਕੇ ਦੇ ਪਿੰਡ ਰਾਮਨਗਰ ਦੇ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲਾਂ 'ਚ ਏ.ਸੀ. ਲਗਵਾਉਣ ਲਈ ਵਿੱਢੀ ਮੁਹਿੰਮ ਦੀ ਸ਼ੁਰੂਆਤ ਕਰਵਾਈ।

ਇਸ ਪਹਿਲਕਦਮੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਦੇ ਅਨੁਕੂਲ ਮਾਹੌਲ ਮੁਹੱਈਆ ਕਰਵਾਉਣ ਲਈ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਅੱਜ ਤਕਰੀਬਨ ਢਾਈ ਲੱਖ ਰੁਪਏ ਦੀ ਲਾਗਤ ਨਾਲ ਪਿੰਡ ਰਾਮਨਗਰ ਦੇ ਸਰਕਾਰੀ ਸਕੂਲਾਂ ਵਿੱਚ ਛੇ ਏ.ਸੀ. ਅਤੇ ਦੋ 50-50 ਲੀਟਰ ਸਮਰੱਥਾ ਵਾਲੇ ਵਾਟਰ ਕੂਲਰ ਲਗਵਾਏ ਗਏ ਹਨ।

ਇਸਦੇ ਨਾਲ ਹੀ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਪਿੰਡ ਰਾਮਨਗਰ ਵਿੱਚ ਹੀ ਹੋਣ ਵਾਲੇ ਕਬੱਡੀ ਟੂਰਨਾਮੈਂਟ ਲਈ ਵਿੱਤੀ ਸਹਾਇਤਾ ਵਜੋਂ 8,100 ਰੁਪਏ ਦਾ ਚੈੱਕ ਵੀ ਦਿੱਤਾ।

ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਪਹੁੰਚ ਸੂਬਾ ਸਰਕਾਰ ਨੂੰ ਵਿਦਿਆਰਥੀਆਂ ਦੀਆਂ ਇੱਛਾਵਾਂ ਅਤੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਪੰਜਾਬ ਸਰਕਾਰ ਦੀ 'ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੀ ਬੁਨਿਆਦੀ ਢਾਂਚੇ ਵਿੱਚ ਕ੍ਰਾਂਤੀਕਾਰੀ ਸੁਧਾਰ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਨਿੱਜੀ ਦਿਲਚਸਪੀ ਵੀ ਆਮ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆ ਸਕਣ ਵਾਲੇ ਕੰਮਾਂ ਵੱਲ ਹੀ ਹੈ ਅਤੇ ਉਹ ਲਗਾਤਾਰ ਅਜਿਹੇ ਲੋਕਾਂ ਦੀ ਭਲਾਈ ਲਈ ਤਨਦੇਹੀ ਨਾਲ ਕੰਮ ਕਰ ਰਹੇ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਅੱਜ ਸ਼ੁਰੂ ਕੀਤੀ ਗਈ ਇਹ ਪਹਿਲਕਦਮੀ ਵਿਦਿਆਰਥੀਆਂ ਨੂੰ ਅਕਾਦਮਿਕ ਦੇ ਨਾਲ ਨਾਲ ਭਾਵਨਾਤਮਿਕ ਤੌਰ 'ਤੇ ਸਹਾਇਤਾ ਪ੍ਰਦਾਨ ਕਰਨ ਪ੍ਰਤੀ ਰਾਜ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਤਾਂ ਜੋ ਉਨ੍ਹਾਂ ਨੂੰ ਭਵਿੱਖੀ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਕੀਤਾ ਜਾ ਸਕੇ।

ਇਸ ਮੌਕੇ ਚੇਅਰਮੈਨ ਕੋਅਪ੍ਰੇਟਿਵ ਬੈਂਕ ਜਗਦੇਵ ਸਿੰਘ ਬਾਮ, ਨਿੱਜੀ ਸਕੱਤਰ ਅਰਸ਼ਦੀਪ ਸਿੰਘ ਸਿੱਧੂ ਤੇ ਸ਼ਿੰਦਰਪਾਲ ਸਿੰਘ, ਸਾਬਕਾ ਸਰਪੰਚ ਭੁਪਿੰਦਰ ਸਿੰਘ, ਸੰਦੀਪ ਕੌਰ ਸਰਪੰਚ, ਰਾਮ ਸਿੰਘ, ਸੰਦੀਪ ਸਿੰਘ, ਲਵਲੀ ਸੰਧੂ, ਗੁਰਪ੍ਰੀਤ ਸਿੰਘ, ਨਿੱਕਾ ਪ੍ਰਧਾਨ, ਹਰਮੇਲ ਸਿੰਘ ਆਦਿ ਹਾਜ਼ਰ ਸਨ।

## ਪੰਜਾਬ ਸਰਕਾਰ ਗੋਲਡਨ-ਆਵਰ ਐਮਰਜੈਂਸੀ ਲਈ ਮੈਡੀਕਲ ਅਫਸਰਾਂ ਨੂੰ ਐਡਵਾਂਸਡ ਕ੍ਰਿਟੀਕਲ ਕੇਅਰ ਸਿਖਲਾਈ ਦੇਵੇਗੀ

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਸਿਹਤ ਸੇਵਾਵਾਂ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਲਈ ਸਿਖਲਾਈ ਮੁਹਿੰਮ ਦਾ ਐਲਾਨ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਐਮਰਜੈਂਸੀ ਸਿਹਤ ਸੰਭਾਲ ਸੇਵਾਵਾਂ ਨੂੰ ਹੋਰ ਮਜ਼ਬੂਤੀ ਦੇਣ ਦੇ ਉਦੇਸ਼ ਨਾਲ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇੱਕ ਮਹੱਤਵਪੂਰਨ ਯੋਜਨਾ ਦਾ ਐਲਾਨ ਕੀਤਾ ਜਿਸ ਵਿੱਚ ਹਰੇਕ ਜ਼ਿਲ੍ਹੇ ਦੇ ਘੱਟੋ-ਘੱਟ ਦੋ ਮੈਡੀਕਲ ਅਫ਼ਸਰਾਂ ਨੂੰ ਪ੍ਰਮੁੱਖ ਸੰਸਥਾਵਾਂ ਵਿੱਚ ਐਡਵਾਂਸਡ ਕ੍ਰਿਟੀਕਲ ਕੇਅਰ ਸਿਖਲਾਈ ਦਿੱਤੀ ਜਾਵੇਗੀ, ਤਾਂ ਜੋ ਡਾਕਟਰਾਂ ਨੂੰ ਪੰਜਾਬ ਭਰ ਵਿੱਚ ਆਈਸੀਯੂ ਅਤੇ ਟਰੌਮਾ ਕੇਸਾਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਲਈ ਢੁਕਵੀਂ ਮੁਹਾਰਤ ਨਾਲ ਲੈਸ ਕੀਤਾ ਜਾ ਸਕੇ।




ਇੱਥੇ ਮੈਡੀਕਲ ਅਫਸਰਾਂ ਲਈ ਰਾਸ਼ਟਰੀ ਸਿਹਤ ਪ੍ਰੋਗਰਾਮਾਂ ਅਤੇ ਐਮਐਲਆਰ/ਪੀਐਮਆਰ 'ਤੇ ਦੋ-ਰੋਜ਼ਾ ਟ ?ਰੇਨਿੰਗ ਆਫ਼ ਟ ?ਰੇਨਰਜ਼ (ਟੀਓਟੀ) ਪ੍ਰੋਗਰਾਮ ਦੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਡਾ. ਬਲਬੀਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲ ਐਮਰਜੈਂਸੀ ਦੇਖਭਾਲ ਸੇਵਾਵਾਂ ਵਿਚਲੇ ਪਾੜੇ ਨੂੰ ਪੂਰਦਿਆਂ ਗੋਲਡਨ ਆਵਰ, ਸ਼ੁਰੂਆਤੀ ਘੰਟੇ, ਜੋ ਮਰੀਜ਼ਾਂ ਦੀ ਬਚਾਅ ਦਰ ਨਿਰਧਾਰਤ ਕਰਦੇ ਹਨ, ਦੌਰਾਨ ਤੁਰੰਤ ਤੇ ਸਮੇਂ ਸਿਰ ਇਲਾਜ ਯਕੀਨੀ ਬਣਾਏਗੀ।

ਇਹ ਕਹਿੰਦਿਆਂ ਕਿ ਜ਼ਿੰਦਗੀਆਂ ਬਚਾਉਣ ਲਈ ਇੱਕ-ਇੱਕ ਸਕਿੰਟ ਮਾਇਨੇ ਰੱਖਦਾ ਹੈ, ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਗੋਲਡਨ-ਆਵਰ ਕੇਅਰ ਵਿੱਚ ਨਵੇਂ ਮਾ ਪਦੰਡ ਸਥਾਪਤ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਕੋਈ ਵੀ ਮਰੀਜ਼ ਮਿਆਰੀ ਇਲਾਜ ਤੋਂ ਵਾਂਝਾ ਨਾ ਰਹੇ। ਉਨ੍ਹਾਂ ਨੇ ਐਸਟੀਈਐਮਆਈ ਪ੍ਰਾਜੈਕਟ ਦੀ ਸਫਲਤਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਪ੍ਰਾਜੈਕਟ ਨੇ ਸਮੇਂ ਸਿਰ ਇਲਾਜ ਰਾਹੀਂ ਦਿਲ ਦੀਆਂ ਬਿਮਾਰੀਆਂ ਕਰਕੇ ਮੌਤ ਦਰ ਨੂੰ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਇਸ ਸਮਾਗਮ ਨੇ ਸਾਰੇ 23 ਜ਼ਿਲ੍ਹਿਆਂ ਦੇ ਸਪੈਸ਼ਲਿਸਟ ਡਾਕਟਰਾਂ ਨੂੰ ਇੱਕ ਮੰਚ 'ਤੇ ਲਿਆ ਕੇ ਸਾਰਿਆਂ ਲਈ ਪਹੁੰਚਯੋਗ, ਬਰਾਬਰੀ ਵਾਲੀ ਅਤੇ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤੀ ਦਿੱਤੀ।

ਡਾਕਟਰਾਂ ਨੂੰ ਸਿਹਤ ਸੰਭਾਲ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਦੱਸਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਡਾਕਟਰਾਂ ਦੀ ਲਗਨ ਅਤੇ ਮੁਹਾਰਤ ਸਿਹਤਮੰਦ ਤੇ ਤੰਦਰੁਸਤ ਪੰਜਾਬ ਦੀ ਧਾਰਨਾ ਨੂੰ ਹੋਰ ਬਲ ਦੇਵੇਗੀ। ਉਨ੍ਹਾਂ ਕਿਹਾ ਕਿ ਅਸੀਂ ਸਿਰਫ਼ ਬਿਮਾਰੀਆਂ ਦਾ ਇਲਾਜ ਨਹੀਂ ਕਰ ਰਹੇ ਸਗੋਂ ਇੱਕ ਅਜਿਹੀ ਸਿਹਤ ਸੰਭਾਲ ਪ੍ਰਣਾਲੀ ਤਿਆਰ ਕਰ ਰਹੇ ਹਾਂ ਜੋ ਸਮੇਂ ਸਿਰ ਰੋਕਥਾਮ, ਇਲਾਜ ਅਤੇ ਹਲੀਮੀ ਨਾਲ ਸਿਹਤ ਸੰਭਾਵ ਸੇਵਾਵਾਂ ਪ੍ਰਦਾਨ ਕਰਨ ਨੂੰ ਤਰਜੀਹ ਦਿੰਦੀ ਹੈ।

ਮਨੋਰੋਗੀਆਂ, ਜਿਨ੍ਹਾਂ ਵਿੱਚ ਨਸ਼ੇ ਨਾਲ ਜੂਝ ਰਹੇ ਮਰੀਜ਼ ਵੀ ਸ਼ਾਮਲ ਹਨ, ਦੇ ਹਲੀਮੀ ਨਾਲ ਇਲਾਜ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮਰੀਜ਼ਾਂ ਦੀ ਤੇਜ਼ੀ ਨਾਲ ਰਿਕਵਰੀ ਅਤੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਹੁਨਰ ਵਿਕਾਸ ਪ੍ਰੋਗਰਾਮਾਂ ਨੂੰ ਡਾਕਟਰੀ ਦੇਖਭਾਲ ਨਾਲ ਏਕੀਕ੍ਰਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਰੀਜਾਂ ਦੀ ਮਾਨਸਿਕ ਸਿਹਤ ਦਾ ਖਿਆਲ ਰੱਖਣਾ ਸਾਡਾ ਫਰਜ਼ ਹੈ ਅਤੇ ਅਸੀਂ ਸਿਰਫ਼ ਇਲਾਜ ਹੀ ਨਹੀਂ ਸਗੋਂ ਉਨ੍ਹਾਂ ਨੂੰ ਮੁੜ ਵਸੇਬੇ ਅਤੇ ਸਸ਼ਕਤੀਕਰਨ ਦੇ ਮੌਕੇ ਵੀ ਪ੍ਰਦਾਨ ਕਰਾਂਗੇ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ 1,000 ਨਵੇਂ ਮੈਡੀਕਲ ਅਫਸਰਾਂ ਦੀ ਭਰਤੀ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ, ਜਿਨ੍ਹਾਂ ਨੂੰ ਪੇਂਡੂ, ਸਰਹੱਦੀ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਭੇਜਣ ਤੋਂ ਪਹਿਲਾਂ ਵਿਸ਼ੇਸ਼ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਸ਼ਹਿਰੀ-ਪੇਂਡੂ ਸਿਹਤ ਸੰਭਾਲ ਪਾੜੇ ਨੂੰ ਪੂਰਦਿਆਂ ਮਿਆਰੀ ਦੇਖਭਾਲ ਸੇਵਾਵਾਂ ਨੂੰ ਸੂਬੇ ਦੇ ਹਰ ਕੋਨੇ ਤੱਕ ਪਹੁੰਚਾਉਣਾ ਯਕੀਨੀ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਸੀਨੀਅਰ ਮੈਡੀਕਲ ਅਫਸਰਾਂ (ਐਸਐਮਓਜ਼) ਨੂੰ ਆਈਆਈਐਮ ਅਹਿਮਦਾਬਾਦ ਵਿਖੇ ਉੱਨਤ ਸਿਖਲਾਈ ਲਈ ਭੇਜਿਆ ਜਾ ਰਿਹਾ ਹੈ ਤਾਂ ਜੋ ਸਿਹਤ ਸੰਭਾਲ ਖੇਤਰ ਦੀ ਸਮਰੱਥਾ, ਅਤਿ-ਸੰਵੇਦਨਸ਼ੀਲ ਸਮੇਂ ਦੌਰਾਨ ਦੇਖਭਾਲ ਅਤੇ ਐਮਰਜੈਂਸੀ ਸਿਖਲਾਈ ਪ੍ਰੋਗਰਾਮਾਂ ਦਾ ਵੱਧ ਤੋਂ ਵੱਧ ਵਿਸਥਾਰ ਕੀਤਾ ਜਾ ਸਕੇ। ਇਸ ਦੇ ਨਾਲ ਹੀ ਮਾਨਸਿਕ ਸਿਹਤ ਸੇਵਾਵਾਂ ਨੂੰ ਪ੍ਰਾਇਮਰੀ ਦੇਖਭਾਲ ਵਿੱਚ ਜੋੜਨ ਲਈ ਮਨੋਰੋਗੀ ਮਾਹਿਰਾਂ ਨੂੰ ਏਮਜ਼, ਦਿੱਲੀ ਵਿਖੇ ਵਿਸ਼ੇਸ਼ ਮਨੋਰੋਗ ਦੇਖਭਾਲ ਸਿਖਲਾਈ ਪ੍ਰੋਗਰਾਮਾਂ ਲਈ ਭੇਜਿਆ ਗਿਆ ਹੈ।

ਸਿਹਤ ਮੰਤਰੀ ਨੇ ਡਾਕਟਰੀ ਸੇਵਾ ਅਤੇ ਜਨਤਕ ਸਿਹਤ ਪ੍ਰੋਗਰਾਮਾਂ ਵਿੱਚ ਡਾਕਟਰਾਂ ਦੇ ਸ਼ਾਨਦਾਰ ਯੋਗਦਾਨ ਲਈ ਉਨ੍ਹਾਂ ਨੂੰ ਸਨਮਾਨਿਤ ਕਰਨ ਵਾਸਤੇ ਰਾਜ ਪੁਰਸਕਾਰਾਂ ਦੀ ਸ਼ੁਰੂਆਤ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਪੰਜਾਬ ਸੂਬਾ ਵਰਕਿੰਗ ਗਰੁੱਪਾਂ ਅਤੇ ਜ਼ਿਲ੍ਹਾ ਤਾਲਮੇਲ ਕਮੇਟੀਆਂ ਰਾਹੀਂ ਆਪਣੀਆਂ ਰੋਗ ਨਿਗਰਾਨ ਵਿਧੀਆਂ ਨੂੰ ਮਜ਼ਬੂਤ ਕਰ ਰਿਹਾ ਹੈ ਅਤੇ ਸਿਹਤ ਜੋਖ਼ਮਾਂ ਪ੍ਰਤੀ ਸਮੇਂ ਸਿਰ ਪ੍ਰਤੀਕਿਰਿਆ ਨੂੰ ਯਕੀਨੀ ਬਣਾ ਰਿਹਾ ਹੈ।

ਯੂਨੀਵਰਸਲ ਹੈਲਥ ਕਵਰੇਜ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸਿਹਤ ਮੰਤਰੀ ਨੇ ਜਨਤਕ ਸੇਵਾ ਲਈ ਡਾਕਟਰਾਂ ਅਤੇ ਜ਼ਰੂਰੀ ਦਵਾਈਆਂ ਦੀ ਮੁਫ਼ਤ ਉਪਲਬਧਤਾ ਨੂੰ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਆਪਣੇ ਭਾਸ਼ਣ ਦੀ ਸਮਾਪਤੀ ਕਰਦਿਆਂ ਸਿਹਤ ਮੰਤਰੀ ਨੇ ਡਾਕਟਰੀ ਭਾਈਚਾਰੇ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਪੰਜਾਬ ਦੇ ਸਿਹਤ ਸੰਭਾਲ ਖੇਤਰ ਦੇ ਆਰਕੀਟੈਕਟ ਦੱਸਿਆ। ਉਨ੍ਹਾਂ ਨੇ ਸਿਹਤ ਸੇਵਾਵਾਂ ਵਿੱਚ ਨਵੀਨਤਾ, ਬਰਾਬਰੀ ਅਤੇ ਉੱਤਮਤਾ ਪ੍ਰਤੀ ਸਰਕਾਰ ਦੀ ਅਟੁੱਟ ਵਚਨਬੱਧਤਾ ਨੂੰ ਦੁਹਰਾਉਂਦਿਆਂ ਸਿਹਤਮੰਦ ਪੰਜਾਬ ਲਈ ਇੱਕ ਵਿਲੱਖਣ ਦ੍ਰਿਸ਼ਟੀਕੋਣ ਸਾਂਝਾ ਕੀਤਾ।

ਇਸ ਮੌਕੇ ਵਿਸ਼ੇਸ਼ ਸਕੱਤਰ ਸਿਹਤ-ਕਮ-ਐਮਡੀ ਐਨਐਚਐਮ ਘਣਸ਼ਿਆਮ ਥੋਰੀ, ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਡਾ. ਹਿਤਿੰਦਰ ਕੌਰ, ਡਾਇਰੈਕਟਰ ਪਰਿਵਾਰ ਭਲਾਈ ਡਾ. ਜਸਮਿੰਦਰ, ਡਿਪਟੀ ਡਾਇਰੈਕਟਰ ਡਾ. ਨਵਜੋਤ ਕੌਰ, ਡਿਪਟੀ ਡਾਇਰੈਕਟਰ ਡਾ. ਸੁਰਿੰਦਰਪਾਲ ਕੌਰ, ਪ੍ਰਿੰਸੀਪਲ ਐਸਆਈਐਚਐਫਡਬਲਯੂ ਡਾ. ਪੌਮੀ ਚਤਰਥ, ਡਾ. ਅਮਨਦੀਪ ਕੌਰ ਵੜਿੰਗ ਵੀ ਮੌਜੂਦ ਸਨ।

## ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੇ ਸਮੂਹ ਸਫਾਈ ਸੇਵਕਾਂ ਅਤੇ ਨਗਰ ਕੌਂਸਲ ਦੇ ਮੁਲਾਜ਼ਮਾਂ ਨਾਲ ਕੀਤੀ ਵਿਸ਼ੇਸ਼ ਮੀਟਿੰਗ



**ਮਾਛੀਵਾੜਾ ਸਾਹਿਬ, 13 ਜੁਲਾਈ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ। ਇਸੇ ਤਹਿਤ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਵੱਲੋਂ ਸਮੂਹ ਸਫਾਈ ਸੇਵਕਾਂ ਅਤੇ ਨਗਰ ਕੌਂਸਲ ਦੇ ਮੁਲਾਜ਼ਮਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਹ ਮੀਟਿੰਗ ਸ਼ਹਿਰ ਨਿਵਾਸੀਆਂ ਅਤੇ ਸਫਾਈ ਸੇਵਕਾਂ ਨੂੰ ਆ ਰਹੀਆਂ ਮੁਸ਼ਕਿਲਾਂ ਨੂੰ ਲੈ ਕੇ ਕੀਤੀ ਗਈ। ਇਸ ਮੀਟਿੰਗ ਵਿੱਚ ਸਫਾਈ ਸੇਵਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਗਿਆ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਭਰੋਸਾ ਦਿੱਤਾ ਗਿਆ। ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਨਗਰ ਕੌਂਸਲ ਮਾਛੀਵਾੜਾ ਸਾਹਿਬ ਦੇ ਸਮੂਹ ਸਫਾਈ ਸੇਵਕ ਅਤੇ ਵਰਕਰ ਆਪਣੀ ਡਿਊਟੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾ ਰਹੇ ਹਨ। ਸ਼ਹਿਰ ਵਾਸੀਆਂ ਨੂੰ ਕਿਸੇ ਤਰ੍ਹਾਂ ਦੀ ਵੀ ਕੋਈ ਪਰੇਸ਼ਾਨੀ ਨਹੀਂ ਆਉਣ ਦੇਣਗੇ। ਉਹਨਾਂ ਨੇ ਕਿਹਾ ਕਿ ਸਫਾਈ ਸੇਵਕ ਦਿਨ ਰਾਤ ਕੰਮ ਕਰਕੇ ਸ਼ਹਿਰ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਦਿੱਕਤ ਆਉਂਦੀ ਹੈ ਜਾਂ ਕਿਤੇ ਸਫਾਈ ਨਹੀਂ ਹੁੰਦੀ ਉਹ ਉਸ ਨੂੰ ਪੂਰਾ ਕਰਦੇ ਹਨ। ਪ੍ਰਧਾਨ ਕੁੰਦਰਾ ਨੇ ਕਿਹਾ ਕਿ ਕਈ ਸਫਾਈ ਸੇਵਕ ਮੁਹੱਲਿਆਂ ਵਿੱਚ ਆਪਣੀ ਡਿਊਟੀ ਬਹੁਤ ਹੀ ਇਮਾਨਦਾਰੀ ਨਾਲ ਕਰਦੇ ਹਨ ਮਹੱਲਾ ਨਿਵਾਸੀਆਂ ਵੱਲੋਂ ਉਨਾਂ ਦੀ ਪ੍ਰਸ਼ੰਸਾ ਵੀ ਕੀਤੀ ਜਾ ਰਹੀ ਹੈ, ਜਿਸ ਨੂੰ ਦੇਖਦੇ ਹੋਏ ਉਨਾਂ ਸਫਾਈ ਸੇਵਕਾਂ ਦਾ ਅੱਜ ਸਨਮਾਨ ਵੀ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਸਫਾਈ ਸੇਵਕਾਂ ਬਿਨਾਂ ਅਸੀਂ ਬਿਲਕੁਲ ਅਧੂਰੇ ਹਾਂ ਜੇਕਰ ਇਹਨਾਂ ਦਾ ਸਹਿਯੋਗ ਨਾ ਹੋਵੇ ਤਾਂ ਪੂਰਾ ਸ਼ਹਿਰ ਦਾ ਕੀ ਹਾਲ ਹੋਵੇਗਾ ਅਸੀਂ ਭਰੀ ਭਾਂਤ ਸੋਚ ਸਕਦੇ ਹਾਂ। ਉਹਨਾਂ ਕਿਹਾ ਕਿ ਬਰਸਾਤ ਦੇ ਦਿਨਾਂ ਵਿੱਚ ਸਾਫ ਸਫਾਈ ਦੇ ਕੰਮ ਵਿੱਚ ਕਾਫੀ ਵਾਧਾ ਹੋ ਜਾਂਦਾ ਹੈ ਪਰ ਫਿਰ ਵੀ ਨਗਰ ਕੌਂਸਲ ਦੇ ਸਫਾਈ ਕਰਮਚਾਰੀ ਆਪਣੇ ਤਨਦੇਹੀ ,ਇਮਾਨਦਾਰੀ ਅਤੇ ਲਗਨ ਨਾਲ ਕੰਮ ਵਿੱਚ ਜੁਟੇ ਹੋਏ ਹਨ ਅਤੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਵਿੱਚ ਸਭ ਤੋਂ ਮੋਹਰੀ ਯੋਗਦਾਨ ਪਾ ਰਹੇ ਹਨ। ਉਨਾਂ ਕਿਹਾ ਕਿ ਜੇਕਰ ਸ਼ਹਿਰ ਵਾਸੀਆਂ ਨੂੰ ਕਿਸੇ ਤਰ੍ਹਾਂ ਦੀ ਵੀ ਕੋਈ ਪਰੇਸ਼ਾਨੀ ਆਉਂਦੀ ਹੈ ਤਾਂ ਉਹ ਸ਼੍ਰੀ ਗੁਰੂ ਰਵਿਦਾਸ ਸਿੰਗਲ ਵਿੰਡੋ ਤੇ ਆਪਣੀ ਸ਼ਿਕਾਇਤ ਲਿਖਵਾ ਸਕਦਾ ਹੈ, ਅਤੇ ਕੋਈ ਵੀ ਸਮੱਸਿਆਵਾਂ ਉਨ੍ਹਾਂ ਦੇ ਧਿਆਨ ਵਿੱਚ ਆਣ ਉਪਰੰਤ ਤੁਰੰਤ ਉਸ ਦਾ ਯੋਗ ਹੱਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਹਨਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਸ਼ਹਿਰ ਨੂੰ ਸਾਫ ਸੁਥਰਾ ਅਤੇ ਸੁੰਦਰ ਬਣਾਉਣ ਵਿੱਚ ਨਗਰ ਕੌਂਸਲ ਦੇ ਮੁਲਾਜ਼ਮਾਂ ਦਾ ਸ਼ਹਿਰ ਵਾਸੀਆਂ ਨੂੰ ਵੱਧ ਤੋਂ ਵੱਧ ਸਾਥ ਦੇਣਾ ਚਾਹੀਦਾ ਹੈ। ਇਸ ਮੀਟਿੰਗ ਵਿੱਚ ਨਗਰ ਕੌਂਸਲ ਦੇ ਸਮੂਹ ਸਫਾਈ ਸੇਵਕ ਅਤੇ ਮੁਲਾਜ਼ਮ ਹਾਜ਼ਰ ਸਨ। ਇਹਨਾਂ ਮੁਲਾਜ਼ਮਾਂ ਲਈ ਚਾਹ ਪਾਣੀ ਦਾ ਪ੍ਰਬੰਧ ਨਗਰ ਕੌਂਸਲ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਆਪਣੀ ਤਨਖਾਹ ਵਿੱਚੋਂ ਕੀਤਾ।

ਪਹਿਲਾ ਪ੍ਰਧਾਨ ਜੋ ਸਾਨੂੰ ਆਪਣੇ ਪਰਿਵਾਰ ਵਾਂਗ ਸਾਂਭਦਾ ਅਤੇ ਸੰਭਾਲਦਾ ਹੈ -ਸਫਾਈ ਕਰਮਚਾਰੀ

ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਵੱਲੋਂ ਸਫਾਈ ਕਰਮਚਾਰੀਆਂ ਨਾਲ ਰੱਖੀ ਗਈ ਇਸ ਵਿਸ਼ੇਸ਼ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਸਫਾਈ ਸੇਵਕਾਂ ਔਰਤਾਂ ਤੇ ਮਰਦਾਂ ਨੇ ਵੱਡੀ ਗਿਣਤੀ ਵਿੱਚ ਇਸ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ ਅਤੇ ਆਉਂਦੀਆਂ ਸਮੱਸਿਆਵਾਂ ਤੋਂ ਨਗਰ ਕੌਂਸਲ ਪ੍ਰਧਾਨ ਨੂੰ ਜਾਣੂ ਕਰਵਾਇਆ। ਨਗਰ ਕੌਂਸਲ ਪ੍ਰਧਾਨ ਵੱਲੋਂ ਉਹਨਾਂ ਦੀਆਂ ਸਮੱਸਿਆਵਾਂ ਨੂੰ ਜਲਦ ਹੀ ਹੱਲ ਕਰਨ ਦਾ ਭਰੋਸਾ ਦਿੱਤਾ। ਸਫਾਈ ਕਰਮਚਾਰੀਆਂ ਨੇ ਗੱਲਬਾਤ ਦੌਰਾਨ ਕਿਹਾ ਕਿ ਅਸੀਂ ਲੰਬੇ ਸਮੇਂ ਤੋਂ ਭਾਵੇਂ ਨਗਰ ਕੌਂਸਲ ਦੇ ਸਫਾਈ ਕਰਮਚਾਰੀ ਹਾਂ ਪਰ ਸਾਡੇ ਵੱਲ ਬਹੁਤੀ ਕਦੇ ਤਵੱਜੋ ਨਹੀਂ ਦਿੱਤੀ ਜਾਂਦੀ ਰਹੀ ,ਪਰ ਇਸ ਵਾਰ ਜਦੋਂ ਤੋਂ ਮੋਹਿਤ ਕੁੰਦਰਾ ਜੀ ਸਾਡੇ ਪ੍ਰਧਾਨ ਬਣੇ ਹਨ ਸਾਡੀਆਂ ਸਮੱਸਿਆਵਾਂ ਅੱਧੀਆਂ ਰਹਿ ਗਈਆਂ ਹਨ ਕਿਉਂਕਿ ਉਹ ਸਾਨੂੰ ਸਾਰਿਆਂ ਨੂੰ ਹੀ ਆਪਣੇ ਪਰਿਵਾਰ ਵਾਂਗ ਸਾਂਭਦੇ ਹਨ ਅਤੇ ਸੰਭਾਲਦੇ ਹਨ। ਸਾਡੀਆਂ ਸਮੱਸਿਆਵਾਂ ਨੂੰ ਸੁਣ ਉਹਨਾਂ ਦਾ ਤੁਰੰਤ ਨਿਪਟਾਰਾ ਕਰਦੇ ਹਨ ਅਤੇ ਸਾਡੀ ਵੀ ਹਰ ਸੁੱਖ ਸਹੂਲਤ ਦਾ ਧਿਆਨ ਰੱਖਦੇ ਹਨ। ਉਹਨਾਂ ਕਿਹਾ ਕਿ ਇਹ ਪਹਿਲੀ ਵਾਰ ਇਤਿਹਾਸ ਵਿੱਚ ਹੋਇਆ ਹੈ ਕਿ ਕਿਸੇ ਪ੍ਰਧਾਨ ਨੇ ਸਫਾਈ ਕਰਮਚਾਰੀਆਂ ਨੂੰ ਆਪਣੇ ਨਿੱਜੀ ਜੇਬ ਵਿੱਚੋਂ ਪੈਸੇ ਖਰਚ ਕੇ ਮੀਟਿੰਗ ਤੇ ਚਾਹ ਪਾਣੀ ਦਾ ਇੰਨਾ ਵਧੀਆ ਪ੍ਰਬੰਧ ਕੀਤਾ। ਉਹਨਾਂ ਕਿਹਾ ਕਿ ਜੇਕਰ ਸਾਡੇ ਨਗਰ ਕੌਂਸਲ ਪ੍ਰਧਾਨ ਇਨੇ ਨਿੱਕੇ ਅਤੇ ਨਿਮਰ ਸੁਭਾਅ ਦੇ ਹਨ ਜੋ ਸਾਨੂੰ ਬੜੇ ਪਿਆਰ ਨਾਲ ਮਿਲਦੇ ਹਨ ਤਾਂ ਅਸੀਂ ਵੀ ਆਪਣੀ ਕੰਮ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ।

# ਬ੍ਰਾਜ਼ੀਲ 'ਚ ਰਿਸ਼ਵਤਖੋਰੀ ਦਾ ਅਨੋਖਾ ਜੁਗਾੜ, ਕਿੱਸ ਕਰਨ ਦੇ ਵੀ ਤਿੰਨ ਤਰੀਕੇ

**ਬ੍ਰਾਸੀਲੀਆ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਸ਼ਵਤਖੋਰੀ ਜਿਹੀ ਬੁਰਾਈ ਹਰ ਦੇਸ਼ 'ਚ ਮੌਜੂਦ ਹੈ, ਪਰ ਇਹ ਵੀ ਕਈ ਢੰਗਾਂ ਨਾਲ ਕੀਤੀ ਜਾਂਦੀ ਹੈ। ਦੁਨੀਆਂ ਭਰ ਦੇ ਦੇਸ਼ਾਂ 'ਚ ਰਿਸ਼ਵਤਖੋਰੀ ਸੰਬੰਧੀ ਕਾਨੂੰਨ ਹਨ, ਅਤੇ ਇਸ ਲਈ ਜੇਲ੍ਹ ਦੀ ਸਜ਼ਾ ਵੀ ਹੈ। ਬ੍ਰਾਜ਼ੀਲ 'ਚ ਵੀ ਰਿਸ਼ਵਤਖੋਰੀ ਇੱਕ ਅਪਰਾਧ ਹੈ, ਪਰ ਉਥੇ ਜੇਤੀਨਹੋ ਬ੍ਰਾਸੀਲੀਰੋ ਨੂੰ ਅਨੈਤਿਕ ਨਹੀਂ ਮੰਨਿਆ ਜਾਂਦਾ। ਮਤਲਬ ਫ਼ੁੱਟਬਾਲ ਅਤੇ ਸਾਂਬਾ ਦੇ ਦੇਸ਼ ਬ੍ਰਾਜ਼ੀਲ 'ਚ ਜੇਤੀਨਹੋ ਬ੍ਰਾਸੀਲੀਰੋ ਰਿਸ਼ਵਤਖੋਰੀ ਦਾ ਦੂਜਾ ਤਰੀਕਾ ਹੈ।

ਜੇ ਕਿਸੇ ਦਾ ਕੰਮ ਬ੍ਰਾਜ਼ੀਲ 'ਚ ਫ਼ਸਿਆ ਹੋਇਆ ਹੈ ਤਾਂ ਉਸ ਨੂੰ ਕਿਹਾ ਜਾਂਦਾ ਹੈ ਜੇਤੀਨਹੋ ਬ੍ਰਾਸੀਲੀਰੋ ਭਾਵ ਇੱਕ ਬ੍ਰਾਜ਼ੀਲੀ ਜੁਗਾੜ ਲੱਭੋ। ਜੇਤੀਨਹੋ ਬ੍ਰਾਸੀਲੀਰੋ 'ਚ ਸਮੱਸਿਆਵਾਂ ਨੂੰ ਹੱਲ ਕਰਨ ਲਈ ਹਰ ਸੰਭਵ ਤਰੀਕੇ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲੇਖਕਾ ਲਿਵੀਆ ਬਾਰਬੋਸਾ ਮੁਤਾਬਿਕ ਜੇਤੀਨਹੋ ਬ੍ਰਾਸੀਲੀਰੋ ਕੰਮ ਕਰਾਉਣ ਦਾ ਬ੍ਰਾਜ਼ੀਲੀ ਜੁਗਾੜ ਹੈ। ਜੇਤੀਨਹੋ ਨਿਯਮਾਂ ਨਾਲ ਲੜਨ ਦੀ ਬਜਾਏ ਜੁਗਾੜ ਲੱਭਣ ਦਾ ਤਰੀਕਾ ਹੈ। ਇਹ ਪੁਰਤਗਾਲੀ ਭਾਸ਼ਾ ਸ਼ਬਦ ਹੈ। ਇਹ ਨਾ ਤਾਂ ਕਾਨੂੰਨੀ ਹੈ ਅਤੇ ਨਾ ਹੀ ਗ਼ੈਰ ਕਾਨੂੰਨੀ ਮਤਲਬ ਨਿਯਮਾਂ ਦੇ ਕਰੀਬ ਹੈ। ਇਸ 'ਚ ਤੋਹਫ਼ੇ ਦੇਣਾ, ਨਿਯਮਾਂ ਨੂੰ ਅਣਡਿੱਠਾ ਕਰਨਾ, ਅਧਿਕਾਰੀ ਨਾਲ ਨਿੱਜੀ ਸੰਬੰਧ ਬਣਾ ਕੇ ਕੰਮ ਕਰਾਉਣਾ ਸ਼ਾਮਿਲ ਹੈ। ਇਸ ਤਰ੍ਹਾਂ ਲੋਕ ਅਧਿਕਾਰੀਆਂ ਨਾਲ ਬਿਹਤਰ



ਸਬੰਧ ਬਣਾ ਕੇ ਅਤੇ ਛੋਟੀਆਂ ਰਿਸ਼ਵਤਾਂ ਦੇ ਕੇ ਕੰਮ ਕਰਵਾ ਲੈਂਦੇ ਹਨ। **ਬ੍ਰਾਜ਼ੀਲ 'ਚ 1-2-3 ਕਿੱਸ ਦਾ ਰਿਵਾਜ:** ਜਦੋਂ ਪੁਰਤਗਾਲੀਆਂ ਨੇ ਬ੍ਰਾਜ਼ੀਲ 'ਤੇ ਕਬਜ਼ਾ ਕੀਤਾ ਸੀ ਤਾਂ ਉਹ ਆਪਣੇ ਰਿਵਾਜ ਵੀ ਆਪਣੇ ਨਾਲ ਲੈ ਆਏ ਸਨ। ਇਨ੍ਹਾਂ ਰਿਵਾਜਾਂ 'ਚੋਂ ਇੱਕ ਰਿਵਾਜ ਬੀਜੀਓ ਸੀ ਯਾਨੀ ਗੱਲ੍ਹਾਂ 'ਤੇ ਕਿੱਸ ਕਰਨ ਦਾ ਰਿਵਾਜ। ਬ੍ਰਾਜ਼ੀਲ ਦੇ ਅਮੀਰ ਵਰਗ ਅਤੇ ਸ਼ਾਹੀ ਪਰਿਵਾਰਾਂ 'ਚ ਯੌਰਪੀਅਨ ਕੁਲੀਨ ਵਰਗ ਦੇ ਫ਼ੈਸ਼ਨ ਨੂੰ ਅਪਨਾਉਣ ਦਾ ਰੁਝਾਨ ਸੀ ਜਿਸ ਨੇ ਇਸ ਰਿਵਾਜ ਨੂੰ ਫ਼ੈਲਾਇਆ। ਇਸ 'ਚ ਸਮੱਸਿਆ ਇਹ ਸੀ ਕਿ ਇਹ ਵੱਖ-ਵੱਖ ਰਾਜਾਂ 'ਚ ਵੱਖਰੇ ਢੰਗ ਨਾਲ ਹੋਣ ਲੱਗਾ। ਉਦਾਹਰਣ ਵਜੋਂ ਸਾਓ ਪੌਲੋ 'ਚ ਗੱਲ੍ਹ 'ਤੇ ਹਲਕੇ ਕਿੱਸ ਦਾ ਰੁਝਾਨ ਹੈ। ਰੀਓ ਡੀ ਜਨੇਰੀਓ 'ਚ ਦੋਵਾਂ ਗੱਲ੍ਹਾਂ 'ਤੇ ਕਿੱਸ ਕਰਨ ਦਾ ਰੁਝਾਨ ਹੈ। ਇਸ ਦੇ ਨਾਲ ਹੀ ਬ੍ਰਾਜ਼ੀਲ ਦੇ ਦੱਖਣੀ ਖੇਤਰਾਂ ਜਿਵੇਂ ਕਿ ਮਿਨਾਸ ਗੈਰੇਸ 'ਚ ਤਿੰਨ ਕਿੱਸ ਦਾ ਚਲਨ ਹੈ। ਸੱਜੇ-ਖੱਬੇ-ਸੱਜੇ ਜਾਂ ਖੱਬੇ-ਸੱਜੇ-ਖੱਬੇ ਵਾਰੀ-ਵਾਰੀ। ਮਰਦ ਆਮ ਤੌਰ 'ਤੇ ਇੱਕ ਦੂਜੇ ਨੂੰ ਕਿੱਸ ਨਹੀਂ ਕਰਦੇ। ਇਹ ਰਿਵਾਜ ਮਰਦ-ਔਰਤਾਂ ਜਾਂ ਔਰਤਾਂ ਵਿਚਕਾਰ ਪ੍ਰਚਲਿਤ ਹੈ।ਕਾਰਨੀਵਲ 'ਚ ਇੱਕ ਕਰੋੜ ਲੋਕ ਹੁੰਦੇ ਨੇ ਸ਼ਾਮਿਲ: ਕਾਰਨੀਵਲ ਦੁਨੀਆਂ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਮਸ਼ਹੂਰ ਤਿਓਹਾਰਾਂ 'ਚੋਂ ਇੱਕ ਹੈ। ਕਾਰਨੀਵਲ ਦੀ ਤਾਰੀਖ ਹਰ ਸਾਲ ਬਦਲਦੀ ਹੈ, ਪਰ ਇਹ ਆਮ ਤੌਰ 'ਤੇ ਫ਼ਰਵਰੀ ਜਾਂ ਮਾਰਚ 'ਚ ਪੈਂਦੀ ਹੈ। ਮੁੱਖ ਕਾਰਨੀਵਲ ਹਫ਼ਤਾ ਸ਼ੁੱਕਰਵਾਰ ਤੋਂ ਮੰਗਲਵਾਰ ਤਕ ਚੱਲਦਾ ਹੈ। ਰੀਓ ਕਾਰਨੀਵਲ ਸਭ ਤੋਂ ਮਸ਼ਹੂਰ ਹੈ। ਇਸ 'ਚ ਆਯੋਜਿਤ ਸਾਂਬਾ ਪਰੇਡ ਪੂਰੀ ਦੁਨੀਆਂ 'ਚ ਮਸ਼ਹੂਰ ਹੈ। ਇਸ 'ਚ ਸੈਂਕੜੇ ਸਾਂਬਾ ਸਕੂਲ ਸ਼ਾਨਦਾਰ ਥੀਮਾਂ, ਸਜਾਏ ਹੋਏ ਫ਼ਲੋਟਾਂ, ਸ਼ਾਨਦਾਰ ਪੁਸ਼ਾਕਾਂ ਅਤੇ ਸੰਗੀਤ ਨਾਲ ਪਰੇਡ ਕਰਦੇ ਹਨ। ਹਰ ਸਾਲ ਦੁਨੀਆਂ ਭਰ ਤੋਂ ਲੱਖਾਂ ਲੋਕ ਇਸ 'ਚ ਹਿੱਸਾ ਲੈਂਦੇ ਹਨ ਜਾਂ ਇਸ ਨੂੰ ਟੀਵੀ 'ਤੇ ਦੇਖਦੇ ਹਨ। ਰੀਓ ਕਾਰਨੀਵਲ 'ਚ ਹੀ ਹਰ ਰੋਜ਼ 20 ਲੱਖ ਤਕ ਲੋਕ ਸੜਕਾਂ 'ਤੇ ਹੁੰਦੇ ਹਨ। ਪੂਰੇ ਬ੍ਰਾਜ਼ੀਲ 'ਚ ਇੱਕ ਕਰੋੜ ਤੋਂ ਵੱਧ ਲੋਕ ਕਾਰਨੀਵਲ 'ਚ ਹਿੱਸਾ ਲੈਂਦੇ ਹਨ। ਲੱਖਾਂ ਵਿਦੇਸ਼ੀ ਸੈਲਾਨੀ ਵੀ ਕਾਰਨੀਵਲ ਦੇਖਣ ਲਈ ਆਉਂਦੇ ਹਨ।

# ਰਿਕਵਰੀ ਮਾਮਲਿਆਂ 'ਤੇ ਗੰਭੀਰਤਾ ਨਾਲ ਕੰਮ ਕਰਨ ਮਾਲ ਅਧਿਕਾਰੀ: ਆਸ਼ਿਕਾ ਜੈਨ




**ਹੁਸ਼ਿਆਰਪੁਰ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹੇ ਦੇ ਸਾਰੇ ਮਾਲ ਅਧਿਕਾਰੀਆਂ ਦੀ ਮਹੀਨਾਵਾਰ ਮੀਟਿੰਗ ਆਯੋਜਿਤ ਕੀਤੀ ਗਈ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੂੰ ਹਦਾਇਤਾਂ ਦਿੰਦਿਆਂ ਕਿਹਾ ਕਿ ਰਿਕਵਰੀ ਸਬੰਧੀ ਮਾਮਲਿਆਂ ਵਿੱਚ ਗੰਭੀਰਤਾ ਵਿਖਾਈ ਜਾਵੇ ਅਤੇ ਡਿਫਾਲਟਰਾਂ ਦੀ ਸੂਚੀ ਬਣਾ ਕੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਜਾਵੇ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਈਜ਼ੀ ਰਜਿਸਟ ?ਰੇਸ਼ਨ ਦੀਆਂ ਤਿਆਰੀਆਂ ਦੀ ਸਮੀਖਿਆ ਕਰਦਿਆਂ ਦੱਸਿਆ ਕਿ ਇਸ ਪੋਰਟਲ ਰਾਹੀਂ ਰਜਿਸਟ ?ਰੇਸ਼ਨ ਪ੍ਰਕਿਰਿਆ ਨੂੰ ਹੋਰ ਵੀ ਪਾਰਦਰਸ਼ੀ ਅਤੇ ਸੁਵਿਧਾਜਨਕ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੇ ਮੇਰਾ ਘਰ ਮੇਰੇ ਨਾਮ ਯੋਜਨਾ ਦੀ ਪ੍ਰਗਤੀ ਦੀ ਸਮੀਖਿਆ ਕੀਤੀ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਖਸਰਾ-ਵਾਰ ਮੈਪਿੰਗ ਅਤੇ ਜਮਾਬੰਦੀ ਅਪਡੇਟ ਵਰਗੇ ਕੰਮਾਂ ਵਿੱਚ ਤੇਜ਼ੀ ਲਿਆਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਉਨ੍ਹਾਂ ਨੇ ਲੰਬਿਤ ਇੰਤਕਾਲ (ਮਿਊਟੇਸ਼ਨ) ਦੇ ਮਾਮਲਿਆਂ ਨੂੰ ਜਲਦੀ ਨਿਪਟਾਉਣ ਦੇ ਨਿਰਦੇਸ਼ ਦਿੱਤੇ ਅਤੇ ਖਾਸ ਤੌਰ 'ਤੇ ਜਲ ਸੰਸਾਧਨ ਵਿਭਾਗ ਦੇ ਲੰਬਿਤ ਇੰਤਕਾਲ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਉਣ ਲਈ ਕਿਹਾ। ਪੀ.ਐਲ.ਆਰ.ਐਸ. ਦੇ ਕੰਮਾਂ ਦੀ ਸਮੀਖਿਆ ਕਰਦਿਆਂ ਉਨ੍ਹਾਂ ਮੁਸਾਵੀ ਦੇ ਡਿਜੀਟਲੀਕਰਨ ਨੂੰ ਜਲਦੀ ਪੂਰਾ ਕਰਨ 'ਤੇ ਜ਼ੋਰ ਦਿੱਤਾ।

ਡਿਪਟੀ ਕਮਿਸ਼ਨਰ ਨੇ ਮੀਟਿੰਗ ਵਿੱਚ ਅਧਿਕਾਰੀਆਂ ਨੂੰ ਪਾਰਦਰਸ਼ਿਤਾ, ਸਮਾਂਬੱਧ ਅਤੇ ਜਵਾਬਦੇਹੀ ਨਾਲ ਕੰਮ ਕਰਨ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਮਾਲ ਪ੍ਰਣਾਲੀ ਆਮ ਲੋਕਾਂ ਨਾਲ ਜੁੜੀ ਹੁੰਦੀ ਹੈ, ਇਸ ਲਈ ਇਸ ਵਿੱਚ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ 'ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਰਬੀਰ ਕੌਰ ਭੁੱਲਰ, ਐਸ.ਡੀ.ਐਮ. ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ, ਐਸ.ਡੀ.ਐਮ. ਦਸੂਹਾ ਕੰਵਲਜੀਤ ਸਿੰਘ, ਡੀ.ਆਰ.ਓ. ਲਾਰਸਨ ਸਿੰਗਲਾ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਕੈਬਨਿਟ ਮੰਤਰੀ ਵੱਲੋਂ ਈ.ਐਸ.ਆਈ. ਹਸਪਤਾਲ ਦਾ ਅਚਨਚੇਤ ਨਿਰੀਖਣ



**ਜਲੰਧਰ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਯਕੀਨੀ ਬਣਾਉਣ ਦੇ ਮੰਤਵ ਨਾਲ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਅੱਜ ਸਥਾਨਕ ਈ.ਐਸ.ਆਈ. ਹਸਪਤਾਲ ਦਾ ਅਚਨਚੇਤ ਨਿਰੀਖਣ ਕੀਤਾ ਗਿਆ।

ਇਸ ਮੌਕੇ ਕੈਬਨਿਟ ਮੰਤਰੀ ਨੇ ਓ.ਪੀ.ਡੀ., ਐਮਰਜੈਂਸੀ, ਅੱਖਾਂ, ਹੱਡੀਆਂ, ਦੰਦਾਂ, ਮੈਡੀਸਨ ਅਤੇ ਸਰਜਰੀ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦਾ ਦੌਰਾ ਕਰਦਿਆਂ ਹਸਪਤਾਲ ਵਿੱਚ ਮਰੀਜ਼ਾਂ ਲਈ ਉਪਲਬਧ ਸਿਹਤ ਸਹੂਲਤਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਉਨ੍ਹਾਂ ਵਾਰਡਾਂ ਵਿੱਚ ਦਾਖ਼ਲ ਮਰੀਜ਼ਾਂ ਨਾਲ ਗੱਲਬਾਤ ਵੀ ਕੀਤੀ ਅਤੇ ਹਸਪਤਾਲ ਵਿਚ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਉਨ੍ਹਾਂ ਦਾ ਫੀਡਬੈਕ ਹਾਸਲ ਕੀਤਾ।

ਸ਼੍ਰੀ ਭਗਤ ਨੇ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ 'ਤੇ ਤਸੱਲੀ ਪ੍ਰਗਟ ਕਰਦਿਆਂ ਹਸਪਤਾਲ ਦੇ ਅਧਿਕਾਰੀਆਂ ਨੂੰ ਇਨ੍ਹਾਂ ਨੂੰ ਹੋਰ ਬਿਹਤਰ ਬਣਾਉਣ ਲਈ ਕਿਹਾ ਤਾਂ ਜੋ ਈ.ਐਸ.ਆਈ. ਲਾਭਪਾਤਰੀਆਂ ਨੂੰ ਸਮੇਂ ਸਿਰ, ਅਸਰਦਾਰ ਅਤੇ ਮਿਆਰੀ ਸਿਹਤ ਸੇਵਾਵਾਂ ਮਿਲ ਸਕਣ। ਉਨ੍ਹਾਂ ਕਿਹਾ ਕਿ ਹਰੇਕ ਕਿਰਤੀ, ਜੋ ਈ.ਐਸ.ਆਈ. ਵਿੱਚ ਆਪਣਾ ਨਿਯਮਿਤ ਯੋਗਦਾਨ ਦਿੰਦਾ ਹੈ, ਉਸ ਨੂੰ ਬਿਹਤਰੀਨ ਸਿਹਤ ਸੇਵਾਵਾਂ ਮਿਲਣੀਆਂ ਚਾਹੀਦੀਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਇੰਪਲਾਈਜ਼ ਸਟੇਟ ਇੰਸ਼ੋਰੈਂਸ ਕਾਰਪੋਰੇਸ਼ਨ (ਈ.ਐਸ.ਆਈ.ਸੀ.) ਦੀਆਂ ਸਿਹਤ ਸਬੰਧੀ ਯੋਜਨਾਵਾਂ ਅਤੇ ਸਹੂਲਤਾਂ ਬਾਰੇ ਕਿਰਤੀਆਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ 'ਤੇ ਵੀ ਜ਼ੋਰ ਦਿੱਤਾ।

ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਿਹਤ ਦੇ ਖੇਤਰ ਨੂੰ ਹਮੇਸ਼ਾ ਪਹਿਲੀ ਤਰਜੀਹ ਦਿੱਤੀ ਹੈ ਅਤੇ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਸਾਰੇ ਨਾਗਰਿਕਾਂ ਨੂੰ 10 ਲੱਖ ਰੁਪਏ ਦਾ ਸਿਹਤ ਬੀਮਾ ਪ੍ਰਦਾਨ ਦੇ ਫੈਸਲੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਵੱਡੀ ਗਿਣਤੀ ਲੋਕ ਉੱਚ ਦਰਜੇ ਦੀਆਂ ਸਿਹਤ ਸੇਵਾਵਾਂ ਦਾ ਲਾਭ ਲੈਣ ਦੇ ਯੋਗ ਹੋ ਸਕਣਗੇ। ਖਾਸ ਕਰ ਉਹ ਲੋਕ ਜਿਹੜੇ ਵਿੱਤੀ ਮੁਸ਼ਕਲਾਂ ਕਾਰਨ ਆਪਣਾ ਇਲਾਜ ਕਰਵਾਉਣ ਤੋਂ ਅਸਮਰੱਥ ਹਨ।

ਸ਼੍ਰੀ ਭਗਤ ਨੇ ਕਿਹਾ ਕਿ ਬਿਨਾਂ ਕਿਸੇ ਪੱਖ-ਪਾਤ ਦੇ ਇਸ ਯੋਜਨਾ ਨੂੰ ਲਾਗੂ ਕਰਦਿਆਂ ਸੂਬੇ ਦੇ ਹਰ ਘਰ ਵਿੱਚ ਸਿਹਤ ਕਾਰਡ ਬਣਾਉਣਾ ਯਕੀਨੀ ਬਣਾਇਆ ਜਾਵੇਗਾ।

ਇਸ ਮੌਕੇ ਮੈਡੀਕਲ ਸੁਪਰਡੈਂਟ ਡਾ. ਵੰਦਨਾ, ਡਾ. ਨਮਿਤਾ ਘਈ, ਡਾ. ਵਿਸ਼ਵਾਸ ਲੂਥਰਾ ਤੋਂ ਇਲਾਵਾ ਹਸਪਤਾਲ ਦਾ ਹੋਰ ਸਟਾਫ਼ ਵੀ ਮੌਜੂਦ ਸੀ।

## ਵਿਧਾਨ ਸਭਾ ਚੋਣਾਂ 2027 ਲਈ ਕਸਤੂਰੀ ਲਾਲ ਮਿੰਟੂ ਨੂੰ ਮਿਲੀ ਵੱਡੀ ਜਿੰਮੇਵਾਰੀ

**ਮਾਛੀਵਾੜਾ ਸਾਹਿਬ, 13 ਜੁਲਾਈ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

: 2027 ਦੀਆਂ ਚੋਣਾਂ ਨੂੰ ਮੁੱਖ ਰਾਜਿਆਂ ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ ਜਿਸ ਤਹਿਤ ਵੱਖ-ਵੱਖ ਇਲਾਕਿਆਂ ਵਿੱਚ ਸੀਨੀਅਰ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ।ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਮਾਛੀਵਾੜਾ ਇਲਾਕੇ ਦੇ ਸੀਨੀਅਰ ਕਾਂਗਰਸੀ ਆਗੂ ਤੇ ਜ਼ਿਲ੍ਹਾ ਉਪ ਪ੍ਰਧਾਨ ਕਸਤੂਰੀ ਲਾਲ ਮਿੰਟੂ ਨੂੰ ਪਾਰਟੀ ਦੀ ਮਜ਼ਬੂਤੀ ਲਈ ਇਕ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ।ਪ੍ਰਧਾਨ ਰਾਜਾ ਵੜਿੰਗ ਵੱਲੋਂ ਕੁਝ ਦਿਨ ਪਹਿਲਾਂ ਹੀ ਵਿਧਾਨ ਸਭਾ ਹਲਕਾ ਬਸੀ ਪਠਾਣਾ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਸੀ ਤੇ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਵਧੀਆ ਸੇਵਾਵਾਂ ਨੂੰ ਦੇਖਦਿਆਂ ਹੁਣ ਦੋ ਵਿਧਾਨ ਸਭਾ ਹਲਕਿਆਂ ਸਾਹਨੇਵਾਲ ਤੇ ਲੁਧਿਆਣਾ ਪੂਰਬੀ ਦਾ ਆਬਜ਼ਰਵਰ ਨਿਯੁਕਤ ਕੀਤਾ ਹੈ। ਇਹ

ਰਾਜਾ ਵੜਿੰਗ ਵੱਲੋਂ ਜੋ ਵੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਸ ਨੂੰ ਉਹ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਂਦੇ ਹਨ । ਉਨ੍ਹਾਂ ਕਿਹਾ ਕਿ ਬਸੀ ਪਠਾਣਾ ਹਲਕੇ ਦਾ ਕੋਆਰਡੀਨੇਟਰ ਨਿਯੁਕਤ ਹੋਣ 'ਤੇ ਉਨ੍ਹਾਂ ਵੱਲੋਂ ਹਲਕੇ ਅੰਦਰ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਰਾਬਤਾ ਕਾਇਮ ਕਰ ਜਿੱਥੇ ਪਾਰਟੀ ਦੀ ਮਜ਼ਬੂਤੀ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਉੱਥੇ ਕਾਂਗਰਸ ਦੀਆਂ ਨੀਤੀਆਂ ਦਾ ਘਰ ਘਰ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਵੜਿੰਗ ਦੇ ਨਿਰਦੇਸ਼ ਹਨ ਕਿ ਵਿਧਾਨ ਸਭਾ ਚੋਣਾਂ-2027 ਦੀ ਤਿਆਰੀ ਸ਼ੁਰੂ ਕਰ ਦਿੱਤੀ ਜਾਵੇ ਤੇ ਉਹ ਇਨ੍ਹਾਂ ਦੋਵੇਂ ਹਲਕਿਆਂ 'ਚ ਆਬਜ਼ਰਵਰ ਵਜੋਂ ਡਿਊਟੀ ਨਿਭਾਉਣਗੇ ਤੇ ਹਲਕੇ ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗਾਂ ਕਰ ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਹੋ ਕੇ ਕਾਂਗਰਸ ਹਾਈ ਕਮਾਂਡ ਤੱਕ ਪਹੁੰਚਾਉਣਗੇ।

ਕਸਤੂਰੀ ਲਾਲ ਮਿੰਟੂ ਨੇ ਕਿਹਾ ਕਿ ਕਾਂਗਰਸ ਦੇ ਜ਼ਮੀਨੀ ਪੱਧਰ ਨਾਲ ਜੁੜੇ ਵਰਕਰਾਂ ਨੂੰ ਲਾਮਬੰਦ ਕੀਤਾ ਜਾਵੇ ਤਾਂ ਜੋ ਆਉਣ ਵਾਲੀਆਂ ਚੋਣਾਂ ਤੱਕ ਪਾਰਟੀ ਬਹੁਮਤ ਨਾਲ ਸੱਤਾ 'ਚ ਆ ਸਕੇ। ਉਨ੍ਹਾਂ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ, ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਲੱਖਾ ਤੇ ਹਾਈ ਕਮਾਂਡ ਦਾ ਧੰਨਵਾਦ ਪ੍ਰਗਟਾਇਆ, ਜਿਨ੍ਹਾਂ ਨੇ ਉਨ੍ਹਾਂ ਨੂੰ ਜ਼ਿੰਮੇਵਾਰੀ ਸੌਂਪ ਕੇ ਵੱਡਾ ਮਾਣ ਬਖ਼ਸ਼ਿਆ।

# ਆਰਕੀਟੈਕਚਰ ਵਿਭਾਗ ਆਧੁਨਿਕ ਤੇ ਲੋਕ-ਪੱਖੀ ਬੁਨਿਆਦੀ ਢਾਂਚਾ ਵਿਕਸਤ ਕਰੇਗਾ: ਹਰਭਜਨ ਸਿੰਘ ਈਟੀਓ



**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਨਿਰਮਾਣ ਤੇ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਚੰਡੀਗੜ੍ਹ ਵਿਖੇ ਆਰਕੀਟੈਕਚਰ ਵਿਭਾਗ ਦੀ ਇੱਕ ਸਮੀਖਿਆ ਮੀਟਿੰਗ ਕੀਤੀ। ਇਸ ਸਮੀਖਿਆ ਮੀਟਿੰਗ ਵਿੱਚ ਵਿਭਾਗ ਦੀਆਂ ਮੁੱਖ ਪਹਿਲਕਦਮੀਆਂ, ਪ੍ਰਸਤਾਵਿਤ ਬੁਨਿਆਦੀ ਢਾਂਚੇ ਵਿੱਚ ਸੁਧਾਰਾਂ ਅਤੇ ਸਥਾਈ ਇਮਾਰਤਾਂ ਦੇ ਡਿਜ਼ਾਈਨ ਤੇ ਸ਼ਹਿਰੀ ਯੋਜਨਾਬੰਦੀ 'ਤੇ ਪੀ.ਡਬਲਯੂ.ਡੀ. ਅਤੇ ਹੋਰ ਸਰਕਾਰੀ ਵਿਭਾਗਾਂ ਨਾਲ ਸਹਿਯੋਗ ਬਾਰੇ ਇੱਕ ਵਿਆਪਕ ਪੇਸ਼ਕਾਰੀ ਦਿੱਤੀ ਗਈ। ਇਸ ਸਮੀਖਿਆ ਵਿੱਚ ਮੁੱਖ ਆਰਕੀਟੈਕਟ ਸ੍ਰੀ ਤਰੁਣ ਗਰਗ, ਐਡੀਸ਼ਨਲ ਚੀਫ ਆਰਕੀਟੈਕਟ ਸ੍ਰੀਮਤੀ ਸਰੋਜ ਅਤੇ ਆਰਕੀਟੈਕਚਰ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਵਿਭਾਗ ਵੱਲੋਂ ਬਣਾਏ ਜਾ ਰਹੇ ਸਟੇਡੀਅਮਾਂ, ਹਸਪਤਾਲਾਂ ਅਤੇ ਹੋਰ ਜਨਤਕ ਇਮਾਰਤਾਂ ਦੇ ਸਮਕਾਲੀ ਡਿਜ਼ਾਈਨਾਂ ਵਿੱਚ ਡੂੰਘੀ ਦਿਲਚਸਪੀ ਦਿਖਾਈ। ਇਸ ਦੇ ਨਾਲ ਹੀ ਵਿਭਾਗ ਨੇ ਮੁੱਖ ਪਹਿਲਕਦਮੀਆਂ, ਚੱਲ ਰਹੇ ਆਰਕੀਟੈਕਚਰਲ ਪ੍ਰੋਜੈਕਟਾਂ, ਆਗਾਮੀ ਪ੍ਰਸਤਾਵਾਂ ਅਤੇ ਟਿਕਾਊ ਤੇ ਨਵੀਨਤਾਕਾਰੀ ਇਮਾਰਤਾਂ ਦੇ ਡਿਜ਼ਾਈਨ 'ਤੇ ਪੀ.ਡਬਲਯੂ.ਡੀ. ਨਾਲ ਇਸ ਦੇ ਸਹਿਯੋਗ ਬਾਰੇ ਇੱਕ ਵਿਆਪਕ ਪੇਸ਼ਕਾਰੀ ਦਿੱਤੀ।

ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਵਿੱਚ ਤਿਆਰ ਕੀਤੀਆਂ ਜਾ ਰਹੀਆਂ ਨਵੀਆਂ ਸਰਕਾਰੀ ਇਮਾਰਤਾਂ ਦਾ ਡਿਜ਼ਾਈਨ ਆਧੁਨਿਕ ਤੇ ਨਵੀਨਤਾਕਾਰੀ ਹੋਣ ਦੇ ਨਾਲ-ਨਾਲ ਇਹਨਾਂ ਵਿੱਚ ਦਿਵਿਆਗਾਂ ਲਈ ਵੀ ਢੁਕਵਾਂ ਪ੍ਰਬੰਧ ਹੋਣਾ ਚਾਹੀਦਾ ਹੈ। ਵਿਭਾਗ ਵਿੱਚ ਨਵੇਂ ਭਰਤੀ ਕੀਤੇ ਸਹਾਇਕ ਆਰਕੀਟੈਕਟ ਨੇ ਕੈਬਨਿਟ ਮੰਤਰੀ ਨਾਲ ਮੁਲਾਕਾਤ ਵੀ ਕੀਤੀ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਮਾਰਤਾਂ ਨੂੰ ਟਿਕਾਊ ਤੇ ਊਰਜਾ ਕੁਸ਼ਲ ਬਣਾਇਆ ਜਾਵੇ। ਮੰਤਰੀ ਨੇ ਆਰਕੀਟੈਕਚਰਲ ਵਿਭਾਗ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵੀ ਚਰਚਾ ਕੀਤੀ ਅਤੇ ਉਨ੍ਹਾਂ ਨੂੰ ਕਿਸੇ ਵੀ ਜ਼ਰੂਰਤ ਸਮੇਂ ਸਿੱਧੇ ਉਨ੍ਹਾਂ ਨਾਲ ਸੰਪਰਕ ਕਰਨ ਲਈ ਕਿਹਾ।

# ਯੁੱਧ ਨਸ਼ਿਆਂ ਵਿਰੁੱਧ ਦਾ 130ਵਾਂ ਦਿਨ: 3.5 ਕਿਲੋਗ੍ਰਾਮ ਹੈਰੋਇਨ, 1.19 ਲੱਖ ਰੁਪਏ ਦੀ ਡਰੱਗ ਮਨੀ ਸਮੇਤ 142 ਨਸ਼ਾ ਤਸਕਰ ਕਾਬੂ

**ਚੰਡੀਗੜ੍ਹ, 13 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ੀਲੇ ਪਦਾਰਥਾਂ ਦੇ ਮੁਕੰਮਲ ਖਾਤਮੇ ਲਈ ਚਲਾਈ ਗਈ ਜੰਗ ਯੁੱਧ ਨਸ਼ਿਆਂ ਵਿਰੁੱਧ ਨੂੰ 130ਵੇਂ ਦਿਨ ਵੀ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ ਅੱਜ 142 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 3.5 ਕਿਲੋ ਹੈਰੋਇਨ, 1.5 ਕਿਲੋ ਅਫੀਮ ਅਤੇ 1.19 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਸਿਰਫ਼ 130 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 21,231 ਹੋ ਗਈ ਹੈ।

ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 87 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 429 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 105 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 455 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 64 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

## ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਦੀ ਹਮੇਸ਼ਾ ਡਟ ਕੇ ਖੜਾਂਗੇ:ਕਾਮਰੇਡ ਨਿੱਕਾ ਸਿੰਘ

**ਮਾਛੀਵਾੜਾ ਸਾਹਿਬ, 13 ਜੁਲਾਈ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਸਮਰਾਲਾ ਵੱਲੋਂ ਅੱਜ ਪਿੰਡ ਝੜੌਦੀ ਵਿਖੇ ਪ੍ਰਧਾਨ ਨਿੱਕਾ ਸਿੰਘ ਖੇੜਾ ਦੀ ਅਗਵਾਈ ਹੇਠ ਦੇਸ਼ ਭਰ ਦੇ ਕੀਰਤੀਆਂ ਵੱਲੋਂ ਦੇਸ਼ ਵਿਆਪੀ ਹੜਤਾਲ ਦੇ ਸੱਦੇ ਤੇ ਰੋਸ਼ ਪ੍ਰਦਰਸ਼ਨ ਕੀਤਾ ਗਿਆ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਾਮਰੇਡ ਨਿੱਕਾ ਸਿੰਘ ਖੇੜਾ ਨੇ ਕੀਤਾ ਕਿ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਧੱਕਾ ਕਰਨਾ ਬੰਦ ਕਰੇ ,ਜਿਸ ਤਹਿਤ ਲੈਂਡ ਪੁਲਿੰਗ ਸਕੀਮ ਨੂੰ ਰੱਦ ਕਰੇ। ਉਹਨਾਂ ਕਿਹਾ ਕਿ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਲਈ ਕੁੱਲ ਹਿੰਦ ਕਿਸਾਨ ਸਭਾ ਹਮੇਸ਼ਾ ਡਟ ਕੇ ਖੜ੍ਹੀ ਹੈ ਅਤੇ ਖੜ੍ਹੀ ਰਹੇਗੀ।ਉਹਨਾਂ ਨੇ ਕਾਰਪੋਰੇਟ ਪੱਖੀ ਨੀਤੀਆਂ ਤੇ ਚਾਨ੍ਹਣਾ ਪਾਉਂਦਿਆਂ ਦੱਸਿਆ ਕਿ ਕੇਂਦਰ ਸਰਕਾਰ ਕਿਰਤੀਆਂ ਅਤੇ ਮਜ਼ਦੂਰਾਂ ਦੀ ਅੰਨ੍ਹੀ ਲੁੱਟ ਕਰ ਰਹੀ ਹੈ। ਦੇਸ਼ ਦੇ ਕਿਰਤੀ ਵਰਗ ਵੱਲੋਂ ਦੇਸ਼ ਵਿਆਪੀ ਸੰਘਰਸ਼ ਕਰਕੇ ਚਾਰ ਲੇਬਰ ਕੋਡ ਲਾਗੂ ਕਰਵਾਏ ਗਏ ਸਨ। ਸਰਕਾਰ ਇਹਨਾਂ ਕਾਨੂੰਨਾਂ ਨੂੰ ਖਤਮ ਕਰਕੇ ਇਹ ਚਾਰ ਲੇਬਰ ਕੋਡ ਲਾਗੂ ਕਰ ਰਹੀ ਹੈ। ਜਿਸ ਵਿੱਚ 8 ਘੰਟੇ ਦੀ ਮਜ਼ਦੂਰੀ ਦਾ ਸਮਾਂ ਵਧਾ ਕੇ 12 ਘੰਟੇ ਕੀਤਾ ਗਿਆ ਹੈ। ਇਸ ਨਾਲ ਸਿੱਧੇ ਤੌਰ ਤੇ ਮਜ਼ਦੂਰਾਂ ਦਾ ਸ਼ੋਸ਼ਣ ਹੋਵੇਗਾ। ਕੇਂਦਰ ਸਰਕਾਰ ਚਾਰ ਲੇਬਰ ਕੋਡ ਕਾਨੂੰਨਾਂ ਨੂੰ ਵਾਪਸ ਲਵੇ ਅਤੇ ਪਹਿਲਾਂ ਤੋਂ ਚੱਲ ਰਹੇ ਮਜ਼ਦੂਰ ਪੱਖੀ ਕਾਨੂੰਨਾਂ ਨੂੰ ਤੁਰੰਤ ਬਹਾਲ ਕਰੇ। ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਦੀ ਕੱਠਪੁਤਲੀ ਬਣ ਕੇ ਨੱਚ ਰਹੀ ਹੈ। ਉਹਨਾਂ ਦੇ ਇਸ਼ਾਰਿਆਂ ਉੱਪਰ ਹੀ ਕਿਰਤੀਆਂ ਅਤੇ ਮਜ਼ਦੂਰਾਂ ਦਾ ਘਾਣ ਹੋ ਰਿਹਾ ਹੈ ਅਤੇ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਜਿਸ ਕਾਰਨ ਮਜਬੂਰ ਹੋ ਕੇ ਦੇਸ਼ ਦੇ ਕਿਰਤੀ ਲੋਕ ਲਗਾਤਾਰ ਸਰਕਾਰ ਖਿਲਾਫ ਰੋਸ਼ ਪ੍ਰਦਰਸ਼ਨ ਕਰ ਰਹੇ ਹਨ।

# ਸਰਕਾਰ ਦੀ ਤਰਜੀਹ ਦਿੱਲੀ ਦੇ ਆਖਰੀ ਕੋਨੇ ਤੱਕ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ: ਰਵਿੰਦਰ ਇੰਦਰਾਜ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ: 13 ਜੁਲਾਈ: ਸਮਾਜ ਭਲਾਈ, ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਭਲਾਈ, ਚੋਣਾਂ ਅਤੇ ਸਹਿਕਾਰਤਾ ਮੰਤਰੀ, ਰਵਿੰਦਰ ਇੰਦਰਾਜ ਸਿੰਘ ਨੇ ਐਤਵਾਰ ਨੂੰ ਬਵਾਨਾ ਵਿਧਾਨ ਸਭਾ ਹਲਕੇ ਦੇ ਅਧੀਨ ਰੋਹਿਣੀ ਸੈਕਟਰ-20 ਵਿੱਚ ਦਿੱਲੀ ਜਲ ਬੋਰਡ ਦੇ ਨਵੇਂ ਪੀਣ ਵਾਲੇ ਪਾਣੀ ਦੀ ਪਾਈਪਲਾਈਨ ਪ੍ਰੋਜੈਕਟ ਦਾ ਉਦਘਾਟਨ ਕੀਤਾ। ਇਸ ਮੌਕੇ ਰਵਿੰਦਰ ਇੰਦਰਾਜ ਨੇ ਕਿਹਾ ਕਿ ਸਾਡੀ ਸਰਕਾਰ ਦੀ ਤਰਜੀਹ ਹੈ ਕਿ ਦਿੱਲੀ ਦੇ ਆਖਰੀ ਕੋਨੇ ਤੱਕ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਕੇ ਸਮਾਜ ਦੇ ਗਰੀਬ ਅਤੇ ਵਾਂਝੇ ਵਰਗਾਂ ਨੂੰ ਰਾਹਤ ਪ੍ਰਦਾਨ ਕੀਤੀ ਜਾਵੇ। ਇਹ ਪ੍ਰੋਜੈਕਟ ਦੋ ਮਹੀਨਿਆਂ ਵਿੱਚ ਪੂਰਾ ਹੋ ਜਾਵੇਗਾ ਅਤੇ ਸੈਕਟਰ 20 ਦੀਆਂ ਪੁਨਰਵਾਸ ਕਲੋਨੀਆਂ ਦੇ ਸਾਰੇ ਬਲਾਕਾਂ ਵਿੱਚ ਰਹਿਣ ਵਾਲੇ ਪਰਿਵਾਰਾਂ ਨੂੰ ਸਾਫ਼ ਪੀਣ ਵਾਲੇ ਪਾਣੀ ਦੀ ਸਹੂਲਤ ਮਿਲਣੀ ਸ਼ੁਰੂ ਹੋ ਜਾਵੇਗੀ। ਇਹ ਖੇਤਰ ਪਿਛਲੇ 30 ਸਾਲਾਂ ਤੋਂ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਸੀ, ਜਿਸਦਾ ਹੁਣ ਸਥਾਈ ਹੱਲ ਦਿੱਤਾ ਜਾ ਰਿਹਾ ਹੈ। ਇਸ ਤੋਂ ਬਾਅਦ, ਰਵਿੰਦਰ ਇੰਦਰਾਜ ਨੇ ਮਾਡਲ ਟਾਊਨ ਵਿਧਾਨ ਸਭਾ ਹਲਕੇ ਦੇ ਸ਼ਕਤੀ ਨਗਰ ਵਿੱਚ ਜਨ ਸੰਵਾਦ ਪ੍ਰੋਗਰਾਮ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਸਤਿਕਾਰਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਮਾਣਯੋਗ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ, ਦਿੱਲੀ ਨੂੰ ਵਿਕਸਤ ਦਿੱਲੀ ਬਣਾਉਣ ਦੇ ਸੰਕਲਪ ਨੂੰ ਲੋਕਾਂ ਦੇ ਸਮਰਥਨ ਨਾਲ ਸਾਕਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸਾਲ ਮਿੰਟੋ ਬ੍ਰਿਜ ਸਮੇਤ ਵੱਖ-ਵੱਖ ਖੇਤਰਾਂ ਵਿੱਚ ਪਾਣੀ ਭਰਨ ਵਿੱਚ ਕਮੀ ਅਤੇ ਦਿੱਲੀ ਵਿੱਚ ਪ੍ਰਦੂਸ਼ਣ ਦੇ ਪੱਧਰ ਵਿੱਚ ਗਿਰਾਵਟ ਚੰਗੇ ਸ਼ਾਸਨ ਅਤੇ ਸਰਕਾਰ ਦੀ ਵਚਨਬੱਧਤਾ ਦਾ ਸਬੂਤ ਹੈ।



ਸੜਕਾਂ, ਪਾਣੀ ਅਤੇ ਬਿਜਲੀ ਵਰਗੇ ਬੁਨਿਆਦੀ ਢਾਂਚੇ 'ਤੇ ਤੇਜ਼ ਰਫ਼ਤਾਰ ਨਾਲ ਕੰਮ ਕੀਤਾ ਜਾ ਰਿਹਾ ਹੈ। ਸਮਾਜ ਭਲਾਈ ਮੰਤਰੀ ਨੇ ਕਿਹਾ ਕਿ ਪਹਿਲੀ ਵਾਰ ਦਿੱਲੀ ਵਿੱਚ ਨਸ਼ਾ ਵਿਰੋਧੀ ਮੁਹਿੰਮ ਪ੍ਰਤੀ ਇੰਨੀ ਗੰਭੀਰਤਾ ਦਿਖਾਈ ਜਾ ਰਹੀ ਹੈ। ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ 'ਤੇ ਇੱਕ ਸ਼ਾਨਦਾਰ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ, ਅਤੇ ਹੁਣ ਤੱਕ ਦੋ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਪੱਧਰੀ ਮੀਟਿੰਗਾਂ ਹੋ ਚੁੱਕੀਆਂ ਹਨ। ਆਉਣ ਵਾਲੇ ਦਿਨਾਂ ਵਿੱਚ, ਸਾਰੇ 11 ਜ਼ਿਲ੍ਹਿਆਂ ਵਿੱਚ ਮੀਟਿੰਗਾਂ ਦਾ ਆਯੋਜਨ ਕੀਤਾ ਜਾਵੇਗਾ। SC/ST/OBC ਵਿਦਿਆਰਥੀਆਂ ਨੂੰ ਵਜ਼ੀਫ਼ਿਆਂ ਦੀ ਸਮੇਂ ਸਿਰ ਅਦਾਇਗੀ ਯਕੀਨੀ ਬਣਾਉਣ ਦੇ ਨਾਲ-ਨਾਲ, ਪਹਿਲਾਂ ਬੰਦ ਹੋਸਟਲਾਂ ਨੂੰ ਮੁੜ ਚਾਲੂ ਕਰਨ ਦੀ ਯੋਜਨਾ ਵੀ ਹੈ। ਸਰਕਾਰ ਸਹਿਯੋਗ ਰਾਹੀਂ ਖੁਸ਼ਹਾਲੀ ਦੇ ਸੰਕਲਪ ਨੂੰ ਪੂਰਾ ਕਰਨ ਲਈ ਕੰਮ ਕਰ ਰਹੀ ਹੈ। ਪ੍ਰੋਗਰਾਮ ਦੌਰਾਨ ਸੰਸਦ ਮੈਂਬਰ ਸ਼੍ਰੀ ਪ੍ਰਵੀਨ ਖੰਡੇਲਵਾਲ, ਵਿਧਾਇਕ ਸ਼੍ਰੀ ਅਸ਼ੋਕ ਗੋਇਲ ਅਤੇ ਕਾਰਪੋਰੇਸ਼ਨ ਕੌਂਸਲਰ ਸ਼੍ਰੀਮਤੀ ਰੇਣੂ ਅਗਰਵਾਲ ਵੀ ਮੌਜੂਦ ਸਨ।

## ਵਧੀਕ ਡਿਪਟੀ ਕਮਿਸ਼ਨਰ ਨੇ ਖਾਲੀ ਪਏ ਪਲਾਟਾਂ ਵਿਚੋਂ ਕੂੜਾ ਕਰਕਟ ਹਟਾਉਣ ਸਬੰਧੀ ਕੀਤੀ ਮੀਟਿੰਗ

ਅੰਮ੍ਰਿਤਸਰ 13 ਜੁਲਾਈ। ਵਧੀਕ ਡਿਪਟੀ ਕਮਿਸ਼ਨਰ (ਯੂ.ਡੀ) ਡਾ: ਅਮਨਦੀਪ ਕੌਰ ਨੇ ਸਮੂਹ ਨਗਰ ਕੌਂਸਲਾਂ/ਪੰਚਾਇਤਾਂ ਜਿਲ੍ਹਾ ਅੰਮ੍ਰਿਤਸਰ ਦੇ ਕਾਰਜ ਸਾਧਕ ਅਫ਼ਸਰਾਂ ਅਤੇ ਸੈਨਟਰੀ ਬ੍ਰਾਂਚ ਦੇ ਸਟਾਫ਼ ਨਾਲ ਸ਼ਹਿਰ ਵਿੱਚ ਖਾਲੀ ਪਏ ਪਲਾਟਾਂ ਵਿਚੋਂ ਕੂੜਾ ਕਰਕਟ ਹਟਾਉਣ ਅਤੇ ਗੰਦਾ ਪਾਣੀ ਆਦਿ ਕੱਢਣ ਲਈ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਵਿੱਚ ਦਰਜ ਹਦਾਇਤਾਂ ਅਨੁਸਾਰ ਖਾਲੀ ਪਲਾਟ ਮਾਲਕਾ ਨੂੰ ਨੋਟਿਸ ਜਾਰੀ ਕੀਤੇ ਜਾਣ ਸਬੰਧੀ ਵਿਸ਼ੇਸ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਮੈਡਮ ਅਮਨਦੀਪ ਕੌਰ ਨੇ ਕਿਹਾ ਗਿਆ ਕਿ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਜਾਰੀ ਹੁਕਮਾਂ ਦੀ ਸਮੂਹ ਸ਼ਹਿਰ ਵਾਸੀਆਂ ਨੂੰ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਜੇਕਰ ਪਲਾਟ ਮਾਲਕਾਂ ਵੱਲੋਂ ਸਹਿਯੋਗ ਨਹੀ ਦਿੱਤਾ ਜਾਂਦਾ ਤਾਂ ਇਹਨਾਂ ਪਲਾਟ ਮਾਲਕਾ ਦੇ ਵੱਧ ਤੋਂ ਵੱਧ ਚਲਾਨ ਕੱਟੇ ਜਾਣ ਅਤੇ ਰੂਲਾਂ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।

## ਮੈਰਿਜ ਪੈਲੇਸਾਂ 'ਚ ਹਥਿਆਰ ਲਿਜਾਣ ਅਤੇ ਫਾਇਰ ਕਰਨ 'ਤੇ ਪੂਰਨ ਮਨਾਹੀ ਦੇ ਹੁਕਮ

ਅੰਮ੍ਰਿਤਸਰ, 13 ਜੁਲਾਈ। ਵਧੀਕ ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਸ੍ਰੀਮਤੀ ਅਮਨਦੀਪ ਕੌਰ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਬੀ.ਐਨ.ਐਸ.ਐਸ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜਿਲ੍ਹੇ ਦੇ ਦਿਹਾਤੀ ਏਰੀਏ ਵਿੱਚ ਚੱਲ ਰਹੇ ਮੈਰਿਜ ਪੈਲੇਸਾਂ ਵਿਚ ਹਥਿਆਰ ਆਦਿ ਲੈ ਕੇ ਆਉਣ ਅਤੇ ਹਵਾਈ ਫਾਇਰ ਕਰਨ ਅਤੇ ਸ਼ੋਸ਼ਲ ਮੀਡੀਆ ਵਿੱਚ ਅਜਿਹੀ ਕਾਰਵਾਈ 'ਤੇ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮ ਵਿਚ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਹੈ ਕਿ ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ (ਦਿਹਾਤੀ) ਨੇ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਹੈ ਕਿ ਕਾਫੀ ਗਿਣਤੀ ਵਿਚ ਮੈਰਿਜ ਪੈਲੇਸਾਂ, ਧਾਰਮਿਕ ਸਥਾਨਾਂ ਵਿਚ ਹੁੰਦੇ ਸਮਾਰੋਹਾਂ ਦੌਰਾਨ ਕਈ ਲੋਕਾਂ ਵੱਲੋਂ ਹਥਿਆਰ ਨਾਲ ਲੈ ਕੇ ਜਾਣਾ ਅਤੇ ਹਵਾਈ ਫਾਇਰ ਕਰਨਾ ਇਕ ਰਵਾਇਤ ਜਿਹੀ ਬਣ ਗਈ ਹੈ ਅਤੇ ਸ਼ੋਸਲ ਮੀਡੀਆ ਤੇ ਵੀ ਹਥਿਆਰਾਂ ਦੀ ਨੁਮਾਇਸ਼ ਕੀਤੀ ਜਾਂਦੀ ਹੈ, ਜਿਸ ਨਾਲ ਕਈ ਵਾਰ ਅਮਨ ਕਾਨੂੰਨ ਦੀ ਸਥਿਤੀ ਵਿਗੜਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਲਈ ਜ਼ਿਲ੍ਹਾ ਦਿਹਾਤੀ ਏਰੀਏ ਵਿਚ ਚੱਲ ਰਹੇ ਮੈਰਿਜ ਪੈਲੇਸਾਂ ਅੰਦਰ ਹਥਿਆਰ ਲੈ ਕੇ ਜਾਣ ਅਤੇ ਹਵਾਈ ਫਾਇਰ ਕਰਨ 'ਤੇ ਰੋਕ ਲਗਾਈ ਜਾਣੀ ਅਤਿ ਜ਼ਰੂਰੀ ਹੈ।

## ਆਟੋ ਰਿਕਸ਼ਿਆਂ 'ਤੇ ਸਮਰੱਥਾ ਤੋਂ ਵੱਧ ਸਕੂਲੀ ਬੱਚੇ ਬਿਠਾਉਣ 'ਤੇ ਪਾਬੰਦੀ

ਅੰਮ੍ਰਿਤਸਰ, 13 ਜੁਲਾਈ। ਵਧੀਕ ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਸ੍ਰੀਮਤੀ ਅਮਨਦੀਪ ਕੌਰ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਬੀ.ਐਨ.ਐਸ.ਐਸ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜਿਲ੍ਹਾ ਅੰਮ੍ਰਿਤਸਰ ਵਿੱਚ ਕੋਈ ਵੀ ਵਾਹਨ/ਆਟੋ-ਰਿਕਸ਼ਾ ਚਾਲਕ ਸਮਰੱਥਾ ਤੋ ਵੱਧ ਬੱਚਿਆਂ ਨੂੰ ਸਕੂਲ ਵਿਚ ਲੈ ਕੇ ਨਹੀਂ ਜਾਵੇਗਾ। ਸਮੂਹ ਸਕੂਲਾਂ ਦੇ ਪ੍ਰਿੰਸੀਪਲ/ਹੈਡਮਾਸਟਰ ਇਹ ਯਕੀਨੀ ਬਣਾਉਣਗੇ ਕਿ ਉਹ ਆਪਣੇ ਪੱਧਰ 'ਤੇ ਮਾਪਿਆਂ ਨੂੰ ਇਸ ਸਬੰਧੀ ਜਾਗਰੂਕ ਕਰਨਗੇ। ਹੁਕਮਾਂ ਵਿਚ ਕਿਹਾ ਗਿਆ ਹੈ ਇਹ ਧਿਆਨ ਵਿਚ ਆਇਆ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਸਕੂਲਾਂ ਨੂੰ ਜਾਣ ਵਾਲੇ ਵਾਹਨ/ਆਟੋ ਰਿਕਸ਼ਾ ਵਾਲੇ ਸਮਰੱਥਾ ਤੋ ਵੱਧ ਬੱਚਿਆਂ ਨੂੰ ਸਕੂਲ ਵਿਚ ਲੈ ਕੇ ਜਾਂਦੇ ਹਨ, ਜਿਸ ਨਾਲ ਆਵਾਜਾਈ ਸਮੱਸਿਆ ਪੈਦਾ ਹੋਣ ਤੋਂ ਇਲਾਵਾ ਹਾਦਸਿਆਂ ਦਾ ਵੀ ਖ਼ਤਰਾ ਬਣਿਆ ਰਹਿੰਦਾ ਹੈ।

## ਸਕੂਲ ਚ ਅਧਿਆਪਕ ਵੱਲੋਂ ਵਿਦਿਆਰਥਣਾਂ ਨਾਲ ਗੰਦੀ ਹਰਕਤ ਕਰਨ ਦੇ ਮਾਮਲੇ 'ਚ ਵੱਡੀ ਕਾਰਵਾਈ

ਗੁਰੂਹਰਸਹਾਏ 13 ਜੁਲਾਈ। ਸ਼ਹਿਰ ਦੇ ਰੇਲਵੇ ਪਾਰਕ ਦੇ ਬਿਲਕੁਲ ਸਾਹਮਣੇ ਬਣੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ ਸਕੂਲ ਆਫ ਐਮੀਨੈਂਸ ਵਿਚ ਪੜ੍ਹਦੀਆਂ ਬੱਚੀਆਂ ਨਾਲ ਸਕੂਲ ਦੇ ਅਧਿਆਪਕ ਵੱਲੋਂ ਸਰੀਰਕ ਸ਼ੋਸ਼ਣ ਕੀਤਾ ਗਿਆ। ਪੁਲਸ ਨੇ ਮੁਲਜ਼ਮ ਅਧਿਆਪਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਅੱਜ ਮਾਮਲੇ ਨੂੰ ਲੈ ਕੇ ਸਕੂਲ ਅੰਦਰ ਇਕ ਮੀਟਿੰਗ ਹੋਈ ਜਿਸ ਵਿਚ ਬੀ. ਸੀ ਵਿੰਗ ਪੰਜਾਬ ਦੇ ਚੇਅਰਮੈਨ ਮਲਕੀਤ ਥਿੰਦ ਡੀ. ਓ. ਮੈਡਮ ਮੋਨੀਲਾ ਅਰੋੜਾ ਡੀਐੱਸਪੀ ਸਤਨਾਮ ਸਿੰਘ ਥਾਣਾ ਮੁਖੀ ਜਸਵਿੰਦਰ ਸਿੰਘ ਬਰਾੜ ਤੇ ਸਮਾਜ ਸੇਵੀ ਲੋਕ ਦੇ ਬੱਚਿਆਂ ਦੇ ਮਾਤਾ-ਪਿਤਾ ਸ਼ਾਮਲ ਹੋਏ। ਦੂਜੇ ਪਾਸੇ ਬੱਚੀਆਂ ਦੀ ਸ਼ਿਕਾਇਤ 'ਤੇ ਪ੍ਰਿੰਸੀਪਲ ਵੱਲੋਂ ਜਾਂਚ ਪੜਤਾਲ ਕਰਕੇ ਇਸ ਮਸਲੇ ਬਾਰੇ ਜ਼ਿਲਾ ਸਿੱਖਿਆ ਅਫਸਰ ਅਧਿਕਾਰੀਆਂ ਨੂੰ ਸ਼ਿਕਾਇਤ ਭੇਜ ਦਿੱਤੀ ਗਈ। ਅੱਜ ਸਕੂਲ ਅੰਦਰ ਬੀ. ਸੀ ਵਿੰਗ ਦੇ ਚੇਅਰਮੈਨ ਮਲਕੀਤ ਥਿੰਦ ਤੇ ਉੱਚ ਅਧਿਕਾਰੀਆਂ ਵੱਲੋਂ ਮੀਟਿੰਗ ਕੀਤੀ ਗਈ। ਚੇਅਰਮੈਨ ਮਲਕੀਤ ਥਿੰਦ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਛਲੇ ਦਿਨੀਂ ਰਾਜ ਕੁਮਾਰ ਚੁੱਘ ਨਾਮ ਦੇ ਅਧਿਆਪਕ ਨੇ ਕਈ ਬੱਚੀਆਂ ਦਾ ਸਰੀਰਕ ਸ਼ੋਸ਼ਣ ਕੀਤਾ ਜੋ ਕਿ ਬਹੁਤ ਹੀ ਨਿੰਦਣਯੋਗ ਘਟਨਾ ਹੈ। ਉਨ੍ਹਾਂ ਨੇ ਕਿਹਾ ਕਿ ਸਕੂਲ ਦੀਆਂ ਕਈ ਟੀਚਰਾਂ ਨੇ ਬੱਚੀਆਂ ਨੂੰ ਡਰਾਇਆ ਧਮਕਾਇਆ ਅਤੇ ਇਥੋਂ ਤੱਕ ਕਿਹਾ ਕਿ ਇਹ ਗੱਲ ਇੱਥੇ ਹੀ ਬੰਦ ਕਰ ਦਿਓ ਜੇਕਰ ਗੱਲ ਵੱਧ ਗਈ ਅਤੇ ਜੇ ਅਧਿਆਪਕ ਨੇ ਆਤਮ ਹੱਤਿਆ ਕਰ ਲਈ ਤਾਂ ਉਸ ਦੀ ਜ਼ਿੰਮੇਵਾਰੀ ਤੁਹਾਡੀ ਹੋਵੇਗੀ। ਕਈ ਹੋਰ ਅਧਿਆਪਕਾਂ ਨੇ ਬੱਚੀਆਂ 'ਤੇ ਵੱਖ-ਵੱਖ ਤਰ੍ਹਾਂ ਦਾ ਦਬਾਅ ਪਾ ਕੇ ਮਾਮਲੇ ਨੂੰ ਇਥੇ ਹੀ ਖਤਮ ਕਰਨ ਲਈ ਕਿਹਾ। ਮਲਕੀਤ ਨੇ ਕਿਹਾ ਕਿ ਜੋ ਵੀ ਇਸ ਵਿਚ ਦੋਸ਼ੀ ਪਾਇਆ ਜਾਵੇਗਾ ਉਸਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਘਟਨਾ ਸਬੰਧੀ ਜਦ ਗੁਰੂਹਰਸਹਾਏ ਦੇ ਡੀਐੱਸਪੀ ਸਤਨਾਮ ਸਿੰਘ ਥਾਣਾ ਮੁਖੀ ਜਸਵਿੰਦਰ ਸਿੰਘ ਬਰਾੜ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੁਲਜ਼ਮ ਰਾਜ ਕੁਮਾਰ ਚੁੱਘ ਖਿਲਾਫ ਮਾਮਲਾ ਦਰਜ ਕਰਕੇ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਫਰਜ਼ੀ ਡਿਗਰੀ ਮਾਮਲੇ 'ਚ ਵੱਡੀ ਕਾਰਵਾਈ ! ਈਡੀ ਵੱਲੋਂ 1.74 ਕਰੋੜ ਰੁਪਏ ਦੀਆਂ 7 ਜਾਇਦਾਦਾਂ ਜ਼ਬਤ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 13 ਜੁਲਾਈ। ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਸ਼ਿਮਲਾ ਨੇ ਮਾਨਵ ਭਾਰਤੀ ਯੂਨੀਵਰਸਿਟੀ (ਐਮਬੀਯੂ) ਸੋਲਨ ਨਾਲ ਸਬੰਧਤ ਜਾਅਲੀ ਡਿਗਰੀ ਮਾਮਲੇ 'ਚ ਮਨੀ ਲਾਂਡਰਿੰਗ ਰੋਕਥਾਮ ਐਕਟ (ਪੀਐਮਐਲਏ), 2002 ਦੀਆਂ ਧਾਰਾਵਾਂ ਤਹਿਤ





ਅਪਰਾਧ ਦੀ ਕਮਾਈ (ਪੀਓਸੀ) ਵਜੋਂ 3 ਕਮਿਸ਼ਨ ਏਜੰਟ ਅਭਿਸ਼ੇਕ ਗੁਪਤਾ, ਹਿਮਾਂਸ਼ੂ ਸ਼ਰਮਾ ਤੇ ਅਜੈ ਕੁਮਾਰ ਦੀਆਂ 1.74 ਕਰੋੜ ਰੁਪਏ ਦੀਆਂ 7 ਅਚੱਲ ਜਾਇਦਾਦਾਂ ਨੂੰ ਅਸਥਾਈ ਤੌਰ 'ਤੇ ਜ਼ਬਤ ਕਰ ਲਿਆ ਹੈ। ਸਬੰਧਤ 7 ਅਚੱਲ ਜਾਇਦਾਦਾਂ ਬਿਹਾਰ, ਦਿੱਲੀ, ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿੱਚ ਸਥਿਤ ਹਨ। ਈਡੀ ਨੇ ਇਹ ਕਾਰਵਾਈ ਸੋਲਨ ਜ਼ਿਲ੍ਹੇ ਦੇ ਧਰਮਪੁਰ ਪੁਲਸ ਸਟੇਸ਼ਨ ਵਿੱਚ ਜਾਅਲੀ ਡਿਗਰੀ ਮਾਮਲੇ 'ਚ ਵੱਖ-ਵੱਖ ਧਾਰਾਵਾਂ ਤਹਿਤ ਦਰਜ 3 ਐਫਆਈਆਰਜ਼ ਦੇ ਆਧਾਰ 'ਤੇ ਜਾਂਚ ਕਰਦੇ ਹੋਏ ਕੀਤੀ ਹੈ। ਪੂਰੇ ਰੈਕੇਟ ਵਿੱਚ ਕਈ ਕਮਿਸ਼ਨ ਏਜੰਟਾਂ ਦੀ ਭੂਮਿਕਾ ਮਹੱਤਵਪੂਰਨ ਹੈ। ਈਡੀ ਦੀ ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਮਾਨਵ ਭਾਰਤੀ ਯੂਨੀਵਰਸਿਟੀ ਦੇ ਚੇਅਰਮੈਨ ਰਾਜ ਕੁਮਾਰ ਰਾਣਾ ਨੇ ਵੱਖ-ਵੱਖ ਕਮਿਸ਼ਨ ਏਜੰਟਾਂ ਅਤੇ ਹੋਰ ਸਹਿ-ਮੁਲਜ਼ਮਾਂ ਨਾਲ ਮਿਲ ਕੇ ਐਮਬੀਯੂ ਦੇ ਨਾਮ 'ਤੇ ਵੱਡੇ ਪੱਧਰ 'ਤੇ ਜਾਅਲੀ ਡਿਗਰੀਆਂ ਵੇਚੀਆਂ। ਇਸ ਘੁਟਾਲੇ ਦੇ ਤਹਿਤ, ਕਈ ਕਮਿਸ਼ਨ ਏਜੰਟਾਂ ਨੇ ਜਾਅਲੀ ਡਿਗਰੀਆਂ ਦੇ ਸੰਭਾਵੀ ਖਰੀਦਦਾਰਾਂ ਅਤੇ ਯੂਨੀਵਰਸਿਟੀ ਅਥਾਰਟੀ ਵਿਚਕਾਰ ਸੰਪਰਕ ਸਥਾਪਤ ਕਰਕੇ ਪੂਰੇ ਰੈਕੇਟ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਜਾਅਲੀ ਡਿਗਰੀਆਂ ਦੀ ਵਿਕਰੀ ਤੋਂ ਪ੍ਰਾਪਤ ਹੋਏ ਅਪਰਾਧ ਦੀ ਰਕਮ ਦਾ ਅੰਦਾਜ਼ਾ 387 ਕਰੋੜ ਰੁਪਏ ਲਗਾਇਆ ਗਿਆ ਹੈ। ਇਸ ਗੈਰ-ਕਾਨੂੰਨੀ ਆਮਦਨ ਦੀ ਵਰਤੋਂ ਰਾਜ ਕੁਮਾਰ ਰਾਣਾ ਅਤੇ ਉਸਦੇ ਸਾਥੀਆਂ, ਜਿਨ੍ਹਾਂ 'ਚ ਕਮਿਸ਼ਨ ਏਜੰਟ ਵੀ ਸ਼ਾਮਲ ਹਨ, ਨੇ ਕਈ ਰਾਜਾਂ ਵਿੱਚ ਵੱਖ-ਵੱਖ ਚੱਲ ਅਤੇ ਅਚੱਲ ਜਾਇਦਾਦਾਂ ਹਾਸਲ ਕਰਨ ਲਈ ਕੀਤੀ ਸੀ। ਈਡੀ ਨੇ ਪੀਐਮਐਲਏ 2002 ਦੀਆਂ ਧਾਰਾਵਾਂ ਦੇ ਤਹਿਤ ਸ਼ਿਮਲਾ ਦੀ ਵਿਸ਼ੇਸ਼ ਅਦਾਲਤ ਵਿੱਚ ਰਾਜ ਕੁਮਾਰ ਰਾਣਾ ਅਤੇ ਵੱਖ-ਵੱਖ ਕਮਿਸ਼ਨ ਏਜੰਟਾਂ ਸਮੇਤ 14 ਵਿਅਕਤੀਆਂ ਤੇ 2 ਸੰਸਥਾਵਾਂ ਦੇ ਖਿਲਾਫ ਮੁਕੱਦਮਾ ਸ਼ਿਕਾਇਤ (ਪੀਸੀ) ਵੀ ਦਾਇਰ ਕੀਤੀ ਸੀ। ਵਿਸ਼ੇਸ਼ ਅਦਾਲਤ ਸ਼ਿਮਲਾ ਨੇ 4 ਜਨਵਰੀ, 2023 ਨੂੰ ਇਸ ਮੁਕੱਦਮਾ ਸ਼ਿਕਾਇਤ ਦਾ ਨੋਟਿਸ ਲਿਆ। ਇਸ ਪੂਰੇ ਮਾਮਲੇ ਦੀਆਂ ਤਾਰਾਂ ਕਈ ਰਾਜਾਂ ਨਾਲ ਜੁੜੀਆਂ ਹੋਈਆਂ ਹਨ।

## ਮੈਂ ਆਰੀਆ ਸਮਾਜ ਮੰਦਰ ਟਰੱਸਟ ਅਤੇ ਸਥਾਨਕ ਨਾਗਰਿਕਾਂ ਦਾ . . . .

Contd..............Front page

ਸਾਰੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਮੰਤਰੀ ਨੇ ਮੌਕੇ 'ਤੇ ਮੌਜੂਦ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਕਿ ਸਾਰੀਆਂ ਜਨਤਕ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਤੁਰੰਤ ਹੱਲ ਯਕੀਨੀ ਬਣਾਇਆ ਜਾਵੇ ਅਤੇ ਨੀਤੀ ਨਿਰਮਾਣ ਵਿੱਚ ਆਮ ਲੋਕਾਂ ਦੀ ਭਾਗੀਦਾਰੀ ਨੂੰ ਵੀ ਸ਼ਾਮਲ ਕੀਤਾ ਜਾਵੇ। ਮੰਤਰੀ ਨੇ ਇਹ ਵੀ ਕਿਹਾ ਕਿ ਨਾਗਰਿਕਾਂ ਦਾ ਵਿਸ਼ਵਾਸ ਅਤੇ ਸਰਗਰਮ ਸਹਿਯੋਗ ਸਾਡੀ ਸਰਕਾਰ ਦੀ ਸਭ ਤੋਂ ਵੱਡੀ ਤਾਕਤ ਹੈ। ਸਿਹਤ ਮੰਤਰੀ ਡਾ: ਪੰਕਜ ਕੁਮਾਰ ਸਿੰਘ ਨੇ ਕਿਹਾ ਕਿ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠ, ਦਿੱਲੀ ਸਰਕਾਰ ਸਥਾਨਕ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਦਿੱਲੀ ਨੂੰ 'ਸਿਹਤ ਰਾਜਧਾਨੀ' ਬਣਾਉਣ ਵੱਲ ਲਗਾਤਾਰ ਅੱਗੇ ਵਧ ਰਹੀ ਹੈ। ਅੱਜ, ਵਿਕਾਸਪੁਰੀ ਵਿੱਚ ਆਰੀਆ ਸਮਾਜ ਮੰਦਰ ਦੁਆਰਾ ਸਮਰਪਿਤ ਫਿਜ਼ੀਓਥੈਰੇਪੀ ਵਰਗੀ ਇੱਕ ਕਮਿਊਨਿਟੀ ਸਹੂਲਤ ਇਸਦੀ ਇੱਕ ਸ਼ਾਨਦਾਰ ਉਦਾਹਰਣ ਹੈ, ਜੋ ਕਿ ਹਰੇਕ ਨਾਗਰਿਕ ਨੂੰ ਸਮਰਪਿਤ ਇੱਕ ਸਮਾਵੇਸ਼ੀ ਅਤੇ ਸਸ਼ਕਤ ਦਿੱਲੀ ਬਣਾਉਣ ਵੱਲ ਕਦਮ ਨੂੰ ਦਰਸਾਉਂਦੀ ਹੈ।

## ਗੁਰਦਾਸਪੁਰ ਪੁਲਸ ਵੱਲੋਂ ਨਾਜਾਇਜ਼ ਸ਼ਰਾਬ ਸਮੇਤ 3 ਗ੍ਰਿਫਤਾਰ

ਗੁਰਦਾਸਪੁਰ, 13 ਜੁਲਾਈ। "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਗੁਰਦਾਸਪੁਰ ਪੁਲਸ ਵੱਲੋਂ ਨਾਜਾਇਜ਼ ਸ਼ਰਾਬ ਦੇ ਮਾਮਲਿਆਂ ਵਿੱਚ ਵੱਡੀ ਕਾਰਵਾਈ ਕੀਤੀ ਗਈ ਹੈ। ਜਾਣਕਾਰੀ ਦਿੰਦੇ ਹੋਏ ਐੱਸਐੱਸਪੀ ਨੇ ਦੱਸਿਆ ਕਿ 15000 ਐੱਮ.ਐੱਲ. ਨਾਜਾਇਜ਼ ਸ਼ਰਾਬ ਸਮੇਤ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਥਾਣਾ ਪੁਰਾਣਾ ਸ਼ਾਲਾ ਦੀ ਪੁਲਸ ਨੇ ਹਰਜੋਤ ਸਿੰਘ ਨੂੰ 7500 ਐੱਮ.ਐੱਲ. ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ। ਥਾਣਾ ਦੀਨਾਨਗਰ ਦੀ ਪੁਲਸ ਨੇ ਅਸ਼ਵਨੀ ਕੁਮਾਰ ਨੂੰ ਇਕ ਔਰਤ ਸਣੇ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 7500 ਐੱਮ.ਐੱਲ. ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ। ਐੱਸਐੱਸਪੀ ਆਦਿੱਤਯ ਗੁਰਦਾਸਪੁਰ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਸ ਨੂੰ ਦਿੱਤੀ ਜਾਵੇ। ਉਨ੍ਹਾਂ ਭਰੋਸਾ ਦਿਵਾਇਆ ਕਿ ਗੈਰ-ਕਾਨੂੰਨੀ/ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਆਦਿੱਤਯ ਨੇ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹ ਤੋਂ ਖਤਮ ਕਰਨ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜ਼ਿਲ੍ਹਾ ਗੁਰਦਾਸਪੁਰ ਦੀ ਪੁਲਸ ਪੂਰੀ ਤਰ੍ਹਾਂ ਵਚਨਬੱਧ ਹੈ।

## ਗੋਬਿੰਦਪੁਰੀ 'ਚ ਹਰਮੀਤ ਸਿੰਘ ਕਾਲਕਾ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣੇ ਜਾਣ 'ਤੇ ਸਨਮਾਨ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 13 ਜੁਲਾਈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗਲੀ ਨੰਬਰ 7, ਗੋਬਿੰਦਪੁਰੀ, ਨਵੀਂ ਦਿੱਲੀ ਵੱਲੋਂ ਹਰਮੀਤ ਸਿੰਘ ਕਾਲਕਾ ਦਾ ਲਗਾਤਾਰ ਦੂਜੀ ਵਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਿਰਵਿਰੋਧ ਪ੍ਰਧਾਨ ਚੁਣੇ ਜਾਣ 'ਤੇ ਸ਼ਾਨਦਾਰ ਨਿੱਘਾ ਸਵਾਗਤ ਸਮਾਰੋਹ ਕੀਤਾ ਗਿਆ। ਇਸ ਦੌਰਾਨ ਇਲਾਕੇ ਦੀਆਂ ਸਮੂਹ ਸਿੰਘ ਸਭਾਵਾਂ, ਸਿੱਖ ਧਾਰਮਿਕ ਜਥੇਬੰਦੀਆਂ, ਇਸਤਰੀ ਸਤਿਸੰਗ ਸਭਾਵਾਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਰਜੀਤ ਸਿੰਘ, ਜਨਰਲ ਸਕੱਤਰ ਹਰਦਿਤ ਸਿੰਘ ਗੋਬਿੰਦਪੁਰੀ, ਮੀਤ ਪ੍ਰਧਾਨ ਰਜਿੰਦਰ ਸਿੰਘ, ਖਜ਼ਾਨਚੀ ਅਜੈਪਾਲ ਸਿੰਘ, ਮੀਤ ਖਜ਼ਾਨਚੀ ਕੁਲਦੀਪ ਸਿੰਘ ਅਤੇ ਸਮੂਹ ਮੈਂਬਰ ਸਾਹਿਬਾਨ ਨੇ ਸਿਰੋਪਾਓ, ਦੁਸ਼ਾਲਾ ਅਤੇ ਫੁੱਲਾਂ ਦੇ ਗੁਲਦਸਤਾ ਭੇਟ ਕਰਕੇ ਹਰਮੀਤ ਸਿੰਘ ਨੂੰ ਜੀ ਆਇਆਂ ਆਖਿਆ। ਇਸ ਮੌਕੇ ਹਰਦੀਪ ਸਿੰਘ ਗੋਬਿੰਦਪੁਰੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਹਰਮੀਤ ਸਿੰਘ ਕਾਲਕਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਦਾ ਸਫਰ ਸੰਨ? 2013 ਤੋਂ ਬਤੌਰ ਮੈਂਬਰ ਸ਼ੁਰੂ ਕਰਕੇ ਐਜੂਕੇਸ਼ਨ ਕੌਂਸਲ ਦੇ ਚੇਅਰਮੈਨ, ਦਿੱਲੀ ਗੁਰਦੁਆਰਾ ਕਮੇਟੀ ਦੇ ਮੀਤ ਸਕੱਤਰ, ਸੀਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਪ੍ਰਧਾਨ ਦੇ ਅਹੁਦੇ ਤੱਕ ਪਹੁੰਚੇ।





ਕਾਲਕਾ ਦੇ ਕਾਰਜ ਕਾਲ 'ਚ ਗੁਰਮਤਿ ਕੈਂਪ, ਫ?ਰੀ ਡਾਇਲਸਿਸ ਸੈਂਟਰ, 50/- ਰੁਪਏ 'ਚ ਐੱਮਆਰਆਈ, ਸਕੈਨਿੰਗ ਸੈਂਟਰ, ਪੰਜਾਬੀ ਭਾਸ਼ਾ ਪ੍ਰਸਾਰ ਕਮੇਟੀ ਦਾ ਗਠਨ ਅਤੇ ਬਾਲਾ ਸਾਹਿਬ ਹਸਪਤਾਲ ਮੁੜ ਸ਼ੁਰੂ ਹੋਏ ਅਤੇ ਹੁਣ ਲਗਾਤਾਰ ਦੂਜੀ ਵਾਰ ਨਿਰਵਿਰੋਧ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣੇ ਗਏ ਜਿਸ ਨਾਲ ਉਹਨਾਂ ਨੇ ਆਪਣੇ ਪਰਿਵਾਰ, ਦਿੱਲੀ ਅਤੇ ਦੇਸ਼ ਤੋਂ ਇਲਾਵਾ ਹਲਕਾ ਕਾਲਕਾਜੀ ਦਾ ਨਾਂ ਪੂਰੀ ਦੁਨੀਆ 'ਚ ਰੌਸ਼ਨ ਕੀਤਾ। ਹਰਮੀਤ ਸਿੰਘ ਕਾਲਕਾ ਨੇ ਗਲੀ ਨੰਬਰ 7, ਗੋਬਿੰਦਪੁਰੀ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਸਮੇਸ਼ ਪਬਲਿਕ ਸਕੂਲ ਦੇ ਸਮੁੱਚੇ ਸਟਾਫ ਦਾ ਸ਼ਾਨਦਾਰ ਸਤਿਕਾਰ ਸਮਾਰੋਹ ਲਈ ਧੰਨਵਾਦ ਕਰਦਿਆਂ ਆਖਿਆ ਕਿ ਆਪ ਸਰਬੱਤ ਸੰਗਤਾਂ ਦੇ ਪਿਆਰ, ਸਤਿਕਾਰ ਤੇ ਭਰੋਸੇ ਸਦਕੇ ਉਹ ਤਿੰਨ ਵਾਰ ਹਲਕਾ ਕਾਲਕਾ ਜੀ ਤੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ ਤੇ ਇਸ ਮੁਕਾਮ ਤੱਕ ਪਹੁੰਚੇ ਹਨ। ਇਸ ਮੌਕੇ ਚੇਅਰਮੈਨ ਅਤੇ ਮੈਨੇਜਰ ਸਤਨਾਮ ਸਿੰਘ ਸੱਤਾ, ਕਮਲਜੀਤ ਸਿੰਘ ਪਰਦੇਸੀ, ਸਤਪਾਲ ਸਿੰਘ ਗਿੱਲ, ਗੁਲਜੀਤ ਸਿੰਘ ਗੁੱਲੂ, ਸੰਗਤ ਸਿੰਘ, ਜਸਵਿੰਦਰ ਸਿੰਘ ਦੇਵਗਨ, ਸਤਨਾਮ ਸਿੰਘ ਮਾਰਵਾਹ ਗੁਰਦੀਪ ਸਿੰਘ ਬਿੱਟੂ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੰਗਤ ਸਿੰਘ, ਮੋਹਨ ਸਿੰਘ, ਕੁਲਵੰਤ ਸਿੰਘ, ਮਹਿੰਦਰ ਸਿੰਘ, ਦਸਮੇਸ਼ ਪਬਲਿਕ ਸਕੂਲ ਦੀ ਮੁਖੀ ਜਗਜੋਤ ਕੌਰ ਜਸਵਿੰਦਰ ਕੌਰ, ਹਰਚਰਨ ਸਿੰਘ ਰਾਜਾ, ਗੁਰਦੀਪ ਸਿੰਘ ਬੰਟੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।

## ਸਲਾਈਟ ਵਿਖੇ (ਆਈਐਸ-ਆਰਆਈਏ-2025) ਦਾ ਸਮਾਪਤੀ ਸਮਾਰੋਹ ਆਯੋਜਿਤ

**ਕੌਮੀ ਪਤ੍ਰਿਕਾ**

ਲੌਂਗੋਵਾਲ,13 ਜੁਲਾਈ: ਸੰਤ ਲੌਂਗੋਵਾਲ ਇੰਸਟੀਟਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਸਲਾਈਟ) ਦੇ ਰਸਾਇਣਕ ਇੰਜੀਨੀਅਰਿੰਗ ਵਿਭਾਗ ਵੱਲੋਂ ਆਯੋਜਿਤ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਅਤੇ ਸ਼ੌਰਟ ਟਰਮ ਟ?ਰੇਨਿੰਗ ਪ੍ਰੋਗਰਾਮ ਇੰਡਸਟ?ਰੀਅਲ ਸੇਫਟੀ: ਟੂਲਸ ਐਂਡ ਟੈਕਨੀਕਸ ਫੋਰ ਰਿਸਕ ਆਈਡੈਂਟੀਫਿਕੇਸ਼ਨ ਐਂਡ ਅਸੈਸਮੈਂਟ ਦਾ ਅੱਜ ਸਫਲਤਾਪੂਰਕ ਸਮਾਪਨ ਹੋਇਆ। ਇਹ ਪੰਜ ਦਿਨਾਂ ਹਾਈਬ੍ਰਿਡ ਕਾਰਜਕ੍ਰਮ 7 ਤੋਂ 11 ਜੁਲਾਈ ਤੱਕ ਚਲਿਆ, ਜਿਸ ਵਿੱਚ ਅਕਾਦਮਿਕ ਅਤੇ ਉਦਯੋਗਿਕ ਖੇਤਰਾਂ ਤੋਂ ਵੱਡੀ ਗਿਣਤੀ ਵਿੱਚ ਭਾਗੀਦਾਰਾਂ ਨੇ ਸ਼ਮੂਲੀਅਤ ਕੀਤੀ। ਆਈਐਸ - ਆਰਆਈਏ -2025 ਦੇ ਕੋਆਰਡੀਨੇਟਰ ਡਾ. ਨਿਖਿਲ ਪ੍ਰਕਾਸ਼ ਨੇ ਸਮਾਰੋਹ ਦੀ ਸ਼ੁਰੂਆਤ ਕਰਦੇ ਹੋਏ ਸਾਰੇ ਮਹਿਮਾਨਾਂ ਦਾ ਸੁਆਗਤ ਕੀਤਾ ਅਤੇ ਪ੍ਰੋਗਰਾਮ ਦੀ ਵਿਸਥਾਰਵਾਦੀ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਨੇ ਕਾਰਜਕ੍ਰਮ ਦੇ ਲਕਸ਼ਾਂ, ਸੈਸ਼ਨਾਂ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਡਾ. ਪ੍ਰਕਾਸ਼ ਨੇ ਦੱਸਿਆ ਕਿ ਕਾਰਜਕ?ਖ਼ ਖ਼ਤਰੇ ਦੀ ਪਛਾਣ ਤਕਨੀਕਾਂ, ਰਿਸਕ ਅਸੈਸਮੈਂਟ ਵਿਧੀਆਂ ਅਤੇ ਸੀਐਫਡੀ ਦੀ ਸੇਫਟੀ ਮਾਡਲਿੰਗ ਵਿੱਚ ਭੂਮਿਕਾ ਵਰਗੇ ਵਿਸ਼ਿਆਂ ਉੱਤੇ ਗਹਿਰੀ ਚਰਚਾ ਹੋਈ। ਪ੍ਰਸਿੱਧ ਸੰਸਥਾਵਾਂ ਜਿਵੇਂ ਕਿ ਆਈਆਈਟੀਜ- ਐਨਆਈਟੀਜ ਅਤੇ ਉਦਯੋਗ ਖੇਤਰ ਦੇ ਵਿਸ਼ੇਸ਼ ਮਹਿਮਾਨਾਂ ਵੱਲੋਂ ਇੰਟਰ ਐਕਟਿਵ ਸੈਸ਼ਨ ਅਤੇ ਕੇਸ ਸਟੱਡੀਆਂ ਸੰਚਾਲਿਤ ਕੀਤੀਆਂ ਗਈਆਂ। ਭਾਗੀਦਾਰਾਂ ਨੇ ਵੀ ਪ੍ਰੋਗਰਾਮ ਦੀ ਸੰਰਚਨਾ ਅਤੇ ਵਿਸ਼ੇਸ਼ ਮਹਿਮਾਨ ਵੱਲੋਂ ਦਿੱਤੇ ਗਿਆਨ ਦੀ ਖੁਲ ਕੇ ਪ੍ਰਸ਼ੰਸਾ ਕੀਤੀ। ਇਸ ਸਮਾਰੋਹ ਦੀ ਅਗਵਾਈ ਸਲਾਈਟ ਦੇ ਡਾਇਰੈਕਟਰ ਪ੍ਰੋ. ਮਣੀਕਾਂਤ ਪਸਵਾਨ ਨੇ ਕੀਤੀ। ਉਨ੍ਹਾਂ ਨੇ ਇਸ ਪਹਿਲ ਨੂੰ ਸਰਾਹਿਆ ਅਤੇ ਸੰਸਥਾ ਵੱਲੋਂ ਉੱਚ ਕੋਟੀਆਂ ਦੀ ਤਕਨੀਕੀ ਸਿੱਖਿਆ ਅਤੇ ਖੋਜ ਉੱਤੇ ਕੇਂਦਰਤ ਦ੍ਰਿੜਤਾ ਨੂੰ ਦਰਸਾਇਆ। ਉਨ੍ਹਾਂ ਨੇ ਕਿਹਾ ਕਿ ਆਧੁਨਿਕ ਤਕਨਾਲੋਜੀ ਦੇ ਸਮੇਂ ਵਿੱਚ ਉਦਯੋਗਿਕ ਸੁਰੱਖਿਆ ਦੀ ਮਹੱਤਤਾ ਵੱਧ ਰਹੀ ਹੈ ਅਤੇ ਭਾਗੀਦਾਰਾਂ ਨੂੰ ਇਸ ਗਿਆਨ ਨੂੰ ਅਮਲ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਡੀਨ ਅਕੈਡਮਿਕਸ ਅਤੇ ਸਮਾਰੋਹ ਦੇ ਕੋ-ਪੈਟਰਨ ਪ੍ਰੋ. ਏ. ਐਸ. ਸ਼ਾਹੀ ਨੇ ਵੀ ਰਸਾਇਣਕ ਇੰਜੀਨੀਅਰਿੰਗ ਵਿਭਾਗ ਵੱਲੋਂ ਕੀਤੀ ਗਈ ਇਸ ਉੱਦਮੀ ਕੋਸ਼ਿਸ਼ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਨਵੀਆਂ ਸੇਫਟੀ ਤਕਨੀਕਾਂ ਅਤੇ ਵਿਧੀਆਂ ਨਾਲ ਬਣੇ ਰਹਿਣ ਅਤੇ ਲਗਾਤਾਰ ਸਿੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਅਕਾਦਮਿਕ ਸੰਸਥਾਵਾਂ ਦੀ ਭੂਮਿਕਾ ਭਵਿੱਖ ਦੇ ਤਿਆਰ ਪੇਸ਼ਾਵਰ ਤਿਆਰ ਕਰਨ ਵਿੱਚ ਬਹੁਤ ਜ਼ਰੂਰੀ ਦੱਸੀ। ਡਾ. ਕਮਲੇਸ਼ ਪ੍ਰਸਾਦ, ਡੀਨ ਸਟਾਫ ਅਤੇ ਫੈਕਲਟੀ ਵੈਲਫੇਅਰ ਨੇ ਕਾਰਜਕ੍ਰਮ ਦੇ ਹਾਈਬ੍ਰਿਡ ਫਾਰਮੈਟ ਦੀ ਪ੍ਰਸ਼ੰਸਾ ਕੀਤੀ ਜੋ ਦੁਨੀਆ ਭਰ ਤੋਂ ਭਾਗੀਦਾਰਾਂ ਨੂੰ ਜੁੜਨ ਦਾ ਮੌਕਾ ਦਿੰਦਾ ਹੈ ਅਤੇ ਉੱਚ ਗੁਣਵੱਤਾ ਵਾਲੀ ਇੰਟਰਐਕਸ਼ਨ ਨੂੰ ਯਕੀਨੀ ਬਣਾਉਂਦਾ ਹੈ। ਰਸਾਇਣਕ ਇੰਜੀਨੀਅਰਿੰਗ ਵਿਭਾਗ ਦੇ ਐਕਟਿੰਗ ਹੈਡ ਪ੍ਰੋ. ਅਵਿਨਾਸ਼ ਠਾਕੁਰ ਨੇ ਵਿਭਾਗ ਦੀਆਂ ਉਪਲਬਧੀਆਂ ਬਾਰੇ ਗੱਲ ਕੀਤੀ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਇਸ ਤਰ੍ਹਾਂ ਦੇ ਕਾਰਜਕ੍ਰਮ ਆਯੋਜਿਤ ਕਰਨ ਦੇ ਯਤਨਾਂ ਦੀ ਜਾਣਕਾਰੀ ਦਿੱਤੀ। ਵੈਲੇਡਿਕਟਰੀ ਸਮਾਰੋਹ ਦੌਰਾਨ ਫੈਕਲਟੀ ਮੈਂਬਰ, ਰਿਸਰਚ ਸਕਾਲਰ, ਵਿਦਿਆਰਥੀ, ਉਦਯੋਗਿਕ ਵਿਸ਼ੇਸ ਮਹਿਮਾਨ ਅਤੇ ਹੋਰ ਸਨਮਾਨਿਤ ਮਹਿਮਾਨ ਹਾਜ਼ਰ ਰਹੇ - ਕੁਝ ਸਥਾਨਕ ਰੂਪ ਵਿੱਚ ਅਤੇ ਕੁਝ ਆਨਲਾਈਨ ਜ਼ਰੀਏ।

## ਹੈਰੀਟੇਜ ਸਟਰੀਟ ਵਿੱਚੋਂ ਨਾਜਾਇਜ਼ ਕਬਜ਼ੇ ਹਟਾਉਣ ਅਤੇ ਪਲਾਸਟਿਕ ਦੀ ਵਰਤੋਂ ਰੋਕਣ ਲਈ ਦੁਕਾਨਦਾਰ ਨੂੰ ਦਿੱਤਾ ਇੱਕ ਹਫਤੇ ਦਾ ਸਮਾਂ

ਅੰਮ੍ਰਿਤਸਰ, 13 ਜੁਲਾਈ: ਸ਼ਹਿਰ ਦੀਆਂ ਸੜਕਾਂ ਨੂੰ ਸਾਫ ਰੱਖਣ ਲਈ ਵੱਖ ਵੱਖ ਅਧਿਕਾਰੀਆਂ ਵੱਲੋਂ ਅਡਾਪਟ ਕੀਤੀਆਂ ਗਈਆਂ ਸੜਕਾਂ ਵਿੱਚੋਂ ਵਿਰਾਸਤੀ ਗਲੀ ਜੋ ਕਿ ਸ੍ਰੀ ਦਰਬਾਰ ਸਾਹਿਬ ਨੂੰ ਜਾਂਦਾ ਮੁੱਖ ਰਸਤਾ ਹੈ, ਦੀ ਸਾਂਭ ਸੰਭਾਲ ਦਾ ਜਿ?ਮਾ ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਕਸ਼ੀ ਸਾਹਨੀ ਨੇ ਲਿਆ ਹੈ। ਅੱਜ ਉਹਨਾਂ ਨੇ ਇਸ ਜਿੰਮੇਵਾਰੀ ਨੂੰ ਨਿਭਾਉਂਦੇ ਹੋਏ ਆਪਣੀ ਟੀਮ ਨਾਲ ਹੈਰੀਟੇਜ ਸਟਰੀਟ ਦਾ ਦੌਰਾ ਕੀਤਾ। ਉਹਨਾਂ ਨੇ ਇਸ ਇਲਾਕੇ ਵਿੱਚ ਸੰਗਤ ਦੀ ਆਮਦ ਨੂੰ ਸੁਖਾਲਾ ਕਰਨ ਲਈ ਦੁਕਾਨਦਾਰਾਂ ਵੱਲੋਂ ਕੀਤੇ ਨਜ਼ਾਇਜ਼ ਕਬਜ਼ੇ ਹਟਾਉਣ ਅਤੇ ਇੱਥੇ ਵਰਤੀ ਜਾਂਦੀ ਪਲਾਸਟਿਕ ਨੂੰ ਰੋਕਣ ਲਈ ਦੁਕਾਨਦਾਰਾਂ ਨੂੰ ਇੱਕ ਹਫਤੇ ਦਾ ਸਮਾਂ ਦਿੰਦਿਆ ਕਿਹਾ ਕਿ ਵਿਭਾਗ ਵੱਲੋਂ ਇਸ ਸਮਾਂ ਸੀਮਾ ਤੋਂ ਬਾਅਦ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਹਨਾਂ ਨੇ ਕਾਰਪੋਰੇਸ਼ਨ ਅਧਿਕਾਰੀਆਂ ਨੂੰ ਪੁਰਾਣੀ ਸਬਜ਼ੀ ਮੰਡੀ 'ਚ ਪਏ ਮਲਬੇ ਨੂੰ ਸਾਫ ਕਰਵਾਕੇ ਉੱਥੇ ਪਾਰਕਿੰਗ ਲਈ ਥਾਂ ਬਣਾਉਣ, ਹੈਰੀਟੇਜ ਸਟ?ਰੀਟ ਵਿੱਚ ਬਣੇ ਸਟੈਚੂ ਅਤੇ ਬੁੱਤਾ ਦੇ ਕੋਲੋਂ ਡਸਟਬਿਨ ਹਟਾਏ ਜਾਣ ਅਤੇ ਨਵੇਂ ਡਸਟਬਿਨ ਹੱਟਕੇ ਲਗਾਉਣ ਦੀ ਹਿਦਾਇਤ ਕੀਤੀ। ਡਿਪਟੀ ਕਮਿਸ਼ਨਰ ਨੇ ਅਗਰਸੇਨ ਮੰਦਿਰ ਦੀ ਕਮੇਟੀ ਨੂੰ ਸਫ਼ਾਈ ਅਤੇ ਹੋਰ ਮੁੱਦਿਆਂ ਤੇ ਨਾਲ ਲੈਣ, ?ਧਰਮ ਸਿੰਘ ਮਾਰਕੀਟ ਦੇ ਬਾਹਰ ਫਾਊਂਟੇਨ ਜਾਂ ਹੋਰ ਕੋਈ ਵਧੀਆ ਢਾਂਚਾ ਤਿਆਰ ਕਰਨ, ਟਾਊਨ ਹਾਲ ਵਿੱਚ ਬਣੇ ਬਾਗ ਦੀ ਸਫਾਈ ਰੱਖਣ ਅਤੇ ਵਾਟਰ ਏਟੀਐਮ ਲਗਾਤਾਰ ਚਾਲੂ ਕਰਨ ਦੀ ਹਦਾਇਤ ਵੀ ਕੀਤੀ। ਡਿਪਟੀ ਕਮਿਸ਼ਨਰ ਨੇ ਜਲ੍ਹਿਆਂਵਾਲਾ ਬਾਗ਼ ਵਿੱਚ ਰੇਨਵਾਟਰ ਹਾਰਵੈਸਟ ਬਣਾਉਣ ਅਤੇ ਬਾਗ ਦੀਆਂ ਹੋਰ ਸਮੱਸਿਆਵਾਂ ਦੇ ਹੱਲ ਲਈ ਪੁਰਾਤਤਵ ਵਿਭਾਗ ਕੋਲੋਂ ਅਗਵਾਈ ਲੈਣ ਲਈ ਵੀ ਨਿਗਮ ਅਧਿਕਾਰੀਆਂ ਨੂੰ ਕਿਹਾ। ਇਸ ਮੌਕੇ ਐਸਪੀ ਸ਼੍ਰੀਮਤੀ ਅਮਨਦੀਪ ਕੌਰ, ਜ਼ਿਲ੍ਹਾ ਸਿਹਤ ਅਫਸਰ ਡਾਕਟਰ ਕਿਰਨ, ਸੈਰ ਸਪਾਟਾ ਭਗ ਦੇ ਅਧਿਕਾਰੀ ਸੁਖਮਨਦੀਪ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

## ਪ੍ਰਾਪਰਟੀ ਟੈਕਸ ਨੂੰ ਲੈ ਕੇ ਵੱਡੀ ਖ਼ਬਰ: ਨੁਕਸਾਨ ਤੋਂ ਬਚਣਾ ਹੈ ਤਾਂ ਜਲਦ ਕਰ ਲਓ ਇਹ ਕੰਮ

**ਕੌਮੀ ਪਤ੍ਰਿਕਾ**

ਬਠਿੰਡਾ 13 ਜੁਲਾਈ। ਸ਼ਹਿਰ ਦੇ ਲੋਕਾਂ ਨੂੰ 31 ਜੁਲਾਈ ਤਕ ਪ੍ਰਾਪਰਟੀ ਟੈਕਸ ਭਰਨ 'ਤੇ ਲਾਭ ਮਿਲੇਗਾ ਪਰ ਬਾਅਦ ਵਿਚ ਪ੍ਰਾਪਰਟੀ ਟੈਕਸ ਭਰਨ 'ਤੇ ਨੁਕਸਾਨ ਸਹਿਣਾ ਪਵੇਗਾ, ਜਿਸ ਵਿਚ ਵਿਆਜ ਅਤੇ ਜੁਰਮਾਨਾ ਭਰਨਾ ਪਵੇਗਾ। ਮੇਅਰ ਪਦਮਜੀਤ ਸਿੰਘ ਮਹਿਤਾ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ 31 ਜੁਲਾਈ ਤਕ 'ਵਨ ਟਾਈਮ ਸੈਟਲਮੈਂਟ' ਸਕੀਮ ਜਾਰੀ ਕੀਤੀ ਹੈ, ਜਿਸ ਨਾਲ ਸ਼ਹਿਰ ਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ। ਸ਼ਹਿਰ ਵਾਸੀਆਂ ਨੂੰ ਓ. ਟੀ. ਐੱਸ. ਸਕੀਮ ਦਾ ਲਾਭ ਉਠਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ 31 ਜੁਲਾਈ ਤਕ ਪ੍ਰਾਪਰਟੀ ਟੈਕਸ ਭਰਨ 'ਤੇ ਕੋਈ ਵਿਆਜ ਅਤੇ ਜੁਰਮਾਨਾ ਨਹੀਂ ਦੇਣਾ ਪਵੇਗਾ ਅਤੇ ਉਸ ਤੋਂ ਬਾਅਦ ਪ੍ਰਾਪਰਟੀ ਟੈਕਸ 'ਤੇ 20 ਫੀਸਦੀ ਵਿਆਜ ਅਤੇ 18 ਫੀਸਦੀ ਜੁਰਮਾਨਾ ਭਰਨਾ ਪਵੇਗਾ, ਜਿਸ ਨਾਲ ਸ਼ਹਿਰ ਵਾਸੀਆਂ ਨੂੰ ਨੁਕਸਾਨ ਹੋਵੇਗਾ। ਇਸ ਦੌਰਾਨ ਉਨ੍ਹਾਂ ਨਾਲ ਸਲਾਹਕਾਰ ਸ਼ਾਮਲਾਲ ਜੈਨ ਅਤੇ ਸੁਪਰਡੈਂਟ ਪ੍ਰਦੀਪ ਮਿੱਤਲ ਮੌਜੂਦ ਸਨ। ਮੇਅਰ ਮਹਿਤਾ ਨੇ ਕਿਹਾ ਕਿ ਸਾਲ 2024-25 ਵਿਚ ਅਪ੍ਰੈਲ ਤੋਂ 30 ਜੂਨ ਤਕ 2 ਕਰੋੜ ਰੁਪਏ ਦਾ ਪ੍ਰਾਪਰਟੀ ਟੈਕਸ ਇਕੱਠਾ ਕੀਤਾ ਗਿਆ ਸੀ, ਜਦੋਂ ਕਿ ਇਸ ਵਾਰ ਸਾਲ 2025-26 ਵਿਚ ਅਪ੍ਰੈਲ ਤੋਂ 30 ਜੂਨ ਤਕ ਓ. ਟੀ. ਐੱਸ. ਸਕੀਮ ਤਹਿਤ 3 ਕਰੋੜ 8 ਲੱਖ ਰੁਪਏ ਦਾ ਪ੍ਰਾਪਰਟੀ ਟੈਕਸ ਇਕੱਠਾ ਕੀਤਾ ਗਿਆ ਹੈ। ਉਨ੍ਹਾਂ ਰੁਪਏ ਦਾ ਪ੍ਰਾਪਰਟੀ ਟੈਕਸ ਹੋਰ ਇਕੱਠਾ ਕੀਤਾ ਗਿਆ ਹੈ, ਜੋ ਕਿ ਨਗਰ ਨਿਗਮ ਦੇ ਪ੍ਰਾਪਰਟੀ ਟੈਕਸ ਵਿਭਾਗ ਦੀ ਟੀਮ ਦੀ ਮਿਹਨਤ ਅਤੇ ਸ਼ਹਿਰ ਵਾਸੀਆਂ ਦੀ ਜਾਗਰੂਕਤਾ ਦਾ ਸਬੂਤ ਹੈ। ਉਨ੍ਹਾਂ



ਕਿਹਾ ਕਿ ਪਿਛਲੇ ਸਾਲ ਅਪ੍ਰੈਲ ਤੋਂ 30 ਜੂਨ ਤਕ ਵਿਆਜ ਅਤੇ ਜੁਰਮਾਨੇ ਸਮੇਤ 2 ਕਰੋੜ ਪ੍ਰਾਪਰਟੀ ਟੈਕਸ ਇਕੱਠਾ ਕੀਤਾ ਗਿਆ ਸੀ ਪਰ ਇਸ ਵਾਰ ਵਿਆਜ ਅਤੇ ਜੁਰਮਾਨੇ ਤੋਂ ਬਿਨਾਂ 1 ਕਰੋੜ 8 ਲੱਖ ਕਿਹਾ ਕਿ ਬਠਿੰਡਾ ਸ਼ਹਿਰ 'ਚ 47454 ਯੂਨਿਟਾਂ ਵੱਲੋਂ ਪ੍ਰਾਪਰਟੀ ਟੈਕਸ ਦਾ ਭੁਗਤਾਨ ਕੀਤਾ ਜਾਂਦਾ ਹੈ, ਜਿਸ 'ਚੋਂ ਹੁਣ ਤਕ 9945 ਯੂਨਿਟਾਂ ਵੱਲੋਂ ਪ੍ਰਾਪਰਟੀ ਟੈਕਸ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ, ਜਦੋਂ ਕਿ 31 ਜੁਲਾਈ ਤਕ ਹੋਰ ਪ੍ਰਾਪਰਟੀ ਟੈਕਸ ਇਕੱਠਾ ਹੋਣ ਦੀ ਉਮੀਦ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਵਨ ਟਾਈਮ ਸੈਟਲਮੈਂਟ ਸਕੀਮ ਦਾ ਪੂਰਾ ਲਾਭ ਲੈਣ, ਕਿਉਂਕਿ 31 ਜੁਲਾਈ, 2025 ਤੋਂ ਬਾਅਦ, 31 ਅਕਤੂਬਰ, 2025 ਤਕ ਪ੍ਰਾਪਰਟੀ ਟੈਕਸ 'ਤੇ 9 ਫੀਸਦੀ ਵਿਆਜ ਅਤੇ 10 ਫੀਸਦੀ ਜੁਰਮਾਨਾ ਲਗਾਇਆ ਜਾਵੇਗਾ। ਮਹਿਤਾ ਨੇ ਕਿਹਾ ਕਿ 31 ਅਕਤੂਬਰ ਤੋਂ ਬਾਅਦ, ਰੁਟੀਨ ਅਨੁਸਾਰ, ਪ੍ਰਾਪਰਟੀ ਟੈਕਸ 'ਤੇ 18 ਫੀਸਦੀ ਵਿਆਜ ਅਤੇ 20 ਫੀਸਦੀ ਜੁਰਮਾਨਾ ਲਗਾਇਆ ਜਾਵੇਗਾ, ਜਿਸ ਨਾਲ ਸ਼ਹਿਰ ਵਾਸੀਆਂ ਨੂੰ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਹੂਲਤ ਨੂੰ ਧਿਆਨ 'ਚ ਰੱਖਦੇ ਹੋਏ, ਜਾਇਦਾਦ ਕਰ ਵਿਭਾਗ ਵੱਲੋਂ ਹੁਣ 31 ਜੁਲਾਈ ਤਕ ਸ਼ਨੀਵਾਰ ਨੂੰ ਦਫ਼ਤਰ ਖੁੱਲ੍ਹਾ ਰੱਖਿਆ ਜਾਵੇਗਾ, ਤਾਂ ਜੋ ਸ਼ਹਿਰ ਵਾਸੀ ਜੋ ਕੰਮ 'ਚ ਰੁਝੇ ਹੋਏ ਹਨ, ਉਹ ਸ਼ਨੀਵਾਰ ਨੂੰ ਜਾਇਦਾਦ ਟੈਕਸ ਦਾ ਭੁਗਤਾਨ ਕਰ ਸਕਣ ਅਤੇ 31 ਜੁਲਾਈ ਤਕ ਓ. ਟੀ. ਐੱਸ. ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ। ਉਨ੍ਹਾਂ ਕਿਹਾ ਕਿ ਭਾਵੇਂ ਸ਼ਨੀਵਾਰ ਛੁੱਟੀ ਹੈ ਪਰ ਸ਼ਹਿਰ ਵਾਸੀਆਂ ਨੂੰ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਦੇਣ ਲਈ, ਦਫਤਰ ਸ਼ਨੀਵਾਰ ਯਾਨੀ 13 ਜੁਲਾਈ, 19 ਜੁਲਾਈ ਅਤੇ 26 ਜੁਲਾਈ ਨੂੰ ਖੁੱਲ੍ਹਾ ਰਹੇਗਾ।